Fair Advice Financial | Care Wealth Management Inc.
RDSP (Registered Disability Savings Plan)
Disabled person who is eligible for Disability Tax Credit.
And who is 49 years old or younger.
By contributing in an RDSP Plan he/she may be eligible to receive up to $90,000 in government bonds & grants.
Contact : 647-951-7900
SUKHWINDER NAHAL CFP, CLU Financial Planner
www.fairadvicefinancial.com
7900 Hurontario St., Suite 308, Brampton, ON, L6Y 0P6

ਕੈਨੇਡੀਅਨ
# ਪੰਜਾਬੀ ਪੋਸਟ
Award winning newspaper | Canadian Punjabi Post

JOSHI LAW OFFICE
Barrister, Solicitor & Notary Public
- Immigration
- Real Estate
- Commercial Law
- Affidavit
- Power of Attorney
Rakesh M. Joshi B.A., LL.B
info@joshilawoffice.com | joshilawoffice.com
416-213-8600
6921 Steels Ave. W. Unit 11, Etobicoke, ON

Vol 19*Issue 205 Friday, October 23, 2020 Tel: 905-793-2202 | Fax: 905-793-2282 | news@punjabipost.ca
To view our online newspaper visit punjabipost.ca/epaper THE ONLY DAILY PUNJABI NEWSPAPER ਹੁਣ ਤੁਸੀਂ 'ਪੰਜਾਬੀ ਪੋਸਟ' Online ਰੋਜ਼ਾਨਾ ਪੜ੍ਹ ਸਕਦੇ ਹੋ

## ਕੰਜ਼ਰਵੇਟਿਵਾਂ ਦੇ ਨਵੇਂ ਮਤੇ 'ਤੇ ਲਿਬਰਲਾਂ ਨੂੰ ਨਹੀਂ ਹਾਸਲ ਕਰਨਾ ਹੋਵੇਗਾ ਭਰੋਸੇ ਦਾ ਵੋਟ

ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਨਵੇਂ ਮਤੇ ਨੂੰ ਲਿਬਰਲ ਭਰੋਸੇ ਦੇ ਵੋਟ ਵਜੋਂ ਨਹੀਂ ਲੈਣਗੇ। ਪਰ ਲਿਬਰਲਾਂ ਦਾ ਕਹਿਣਾ ਹੈ ਕਿ ਇਹ ਮਤਾ ਐਨਾ ਵਿਆਪਕ ਹੈ ਤੇ ਇਸ ਰਾਹੀਂ ਮੰਗੇ ਜਾਣ ਵਾਲੇ ਦਸਤਾਵੇਜ਼ਾਂ ਦੀ ਫਹਿਰਿਸਤ ਕਾਫੀ ਲੰਮੀਂ ਹੈ, ਇਹ ਸਰਕਾਰ ਦੇ ਕੰਮ ਕਰਨ ਦੇ ਰਾਹ ਵਿੱਚ ਰੋੜਾ ਅਟਕਾ ਸਕਦੀ ਹੈ।

ਲਿਬਰਲਾਂ ਨੇ ਇਹ ਚੇਤਾਵਨੀ ਵੀ ਦਿੱਤੀ ਹੈ ਕਿ ਉਹ ਕਿਸੇ ਵੀ ਹਾਲ ਮਤੇ ਵਿੱਚ ਦਿੱਤੀ ਗਈ ਸਮਾਂ ਸੀਮਾਂ ਤੱਕ ਮੰਗੇ ਗਏ ਦਸਤਾਵੇਜ਼ ਮੁਹੱਈਆ ਨਹੀਂ ਕਰਵਾ ਸਕਦੇ। ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਤਾਜ਼ਾ ਮਤੇ ਵਿੱਚ ਕੋਵਿਡ-19 ਮਹਾਂਮਾਰੀ ਨੂੰ ਜਿਸ ਤਰ੍ਹਾਂ ਸਰਕਾਰ ਵੱਲੋਂ ਸਾਂਭਿਆ ਗਿਆ ਹੈ ਉਨ੍ਹਾਂ ਮੁੱਦਿਆਂ ਦੀ ਹਾਊਸ ਆਫ ਕਾਮਨਜ਼ ਦੀ ਹੈਲਥ ਕਮੇਟੀ ਤੋਂ ਜਾਂਚ ਕਰਵਾਏ ਜਾਣ ਦੀ ਮੰਗ ਕੀਤੀ ਗਈ ਹੈ।



ਵੀਰਵਾਰ ਨੂੰ ਇਸ ਮਤੇ ਦੇ ਸਬੰਧ ਵਿੱਚ ਹਾਊਸ ਆਫ ਕਾਮਨਜ਼ ਵਿੱਚ ਬਹਿਸ ਸ਼ੁਰੂ ਹੋਣ ਮੌਕੇ ਸਰਕਾਰ ਦੇ ਹਾਊਸ ਲੀਡਰ ਦੇ ਪਾਰਲੀਆਮਾਨੀ ਸਕੱਤਰ ਕੈਵਿਨ ਲੈਮਰੌਕਸ ਨੇ ਆਖਿਆ ਕਿ ਜੇ ਇਹ ਮਤਾ ਪਾਸ ਹੋ ਜਾਂਦਾ ਹੈ ਤਾਂ ਇਸ ਵਿੱਚ ਕੀਤੀਆਂ ਗਈਆਂ ਮੰਗਾਂ ਨੂੰ ਪੂਰਾ ਕਰਨ ਲਈ ਸਰਕਾਰ ਹਰ ਸੰਭਵ ਕੋਸ਼ਿਸ਼ ਕਰੇਗੀ। ਪਰ ਇਸ ਮਤੇ ਵਿੱਚ ਸਿਰਫ 15 ਦਿਨ ਦਾ ਜਿਹੜਾ ਸਮਾਂ ਸਰਕਾਰ ਨੂੰ ਦੇਣ ਦੀ ਮੰਗ ਕੀਤੀ ਗਈ ਹੈ ਉਸ ਨੂੰ ਪੂਰਾ ਕਰਨਾ ਸਰਕਾਰ ਦੇ ਵੱਸ ਦੀ ਗੱਲ ਨਹੀਂ ਹੈ।

ਜ਼ਿਕਰਯੋਗ ਹੈ ਕਿ ਕੰਜ਼ਰਵੇਟਿਵਾਂ ਦੇ ਇਸ ਮਤੇ ਉੱਤੇ ਸੋਮਵਾਰ ਨੂੰ ਵੋਟਿੰਗ ਕਰਵਾਈ ਜਾਵੇਗੀ ਤੇ ਇਸ ਨੂੰ ਬਲਾਕ ਕਿਊਬਿਕੁਆ ਤੇ ਐਨਡੀਪੀ ਦੋਵਾਂ ਦਾ ਸਮਰਥਨ ਵੀ ਹਾਸਲ ਹੈ। ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਦੇ ਬੁਲਾਰੇ ਨੇ ਵੀਰਵਾਰ ਨੂੰ ਆਖਿਆ ਕਿ ਸਰਕਾਰ ਇਸ ਮਤੇ ਨੂੰ ਭਰੋਸੇ ਦਾ ਵੋਟ ਹਾਸਲ ਕਰਨ ਵਾਲਾ ਮੰਨ ਕੇ ਨਹੀਂ ਚੱਲ ਰਹੀ।

ਇਸ ਤੋਂ ਪਹਿਲਾਂ ਕੰਜ਼ਰਵੇਟਿਵ ਆਗੂ ਐਰਿਨ ਓਟੂਲ ਨੇ ਆਖਿਆ ਕਿ ਉਨ੍ਹਾਂ ਦੀ ਪਾਰਟੀ ਨੂੰ ਲਿਬਰਲ ਸਰਕਾਰ ਵਿੱਚ ਰੱਤੀ ਭਰ ਯਕੀਨ ਨਹੀਂ ਹੈ ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਹਰ ਮੁੱਦੇ ਨੂੰ ਭਰੋਸੇ ਦੇ ਵੋਟ ਵਿੱਚ ਬਦਲ ਦਿੱਤਾ ਜਾਵੇ। ਪਰ ਲਿਬਰਲ ਸਰਕਾਰ ਵੱਲੋਂ ਇਸ ਤੋਂ ਪਹਿਲਾਂ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਮਤੇ ਨੂੰ ਭਰੋਸੇ ਦਾ ਮੁੱਦਾ ਦੱਸ ਕੇ ਇਹੀ ਢੰਗ ਤਰੀਕਾ ਅਪਣਾਇਆ ਗਿਆ ਹੈ।

ਸਰਕਾਰ ਨੂੰ ਭਾਵੇਂ ਉਸ ਮੁੱਦੇ ਉੱਤੇ ਭਰੋਸੇ ਦਾ ਵੋਟ ਹਾਸਲ ਹੋ ਗਿਆ ਹੈ ਪਰ ਸਾਰੀਆਂ ਪਾਰਟੀਆਂ ਵੱਲੋਂ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਉੱਤੇ ਇਹ ਦੋਸ਼ ਲਾਇਆ ਗਿਆ ਕਿ ਉਨ੍ਹਾਂ ਵੱਲੋਂ ਜਾਣਬੁੱਝ ਕੇ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਮਤੇ ਨੂੰ ਭਰੋਸੇ ਦੇ ਵੋਟ ਨਾਲ ਜੋੜਿਆ ਗਿਆ।

## ਅਲਬਰਟਾ ਵਿੱਚ ਰੈਪਿਡ ਟੈਸਟਿੰਗ ਨਾਲ ਕੁੱਝ ਟਰੈਵਲਰਜ਼ ਨੂੰ ਸਿਰਫ ਇੱਕ ਹਫਤੇ ਹੀ ਰਹਿਣਾ ਹੋਵੇਗਾ ਕੁਆਰਨਟੀਨ

### ਫੋਰਡ ਵੀ ਇਸ ਪ੍ਰੋਜੈਕਟ ਉੱਤੇ ਰੱਖ ਰਹੇ ਹਨ ਨਜ਼ਰ

ਅਲਬਰਟਾ, 22 ਅਕਤੂਬਰ (ਪੋਸਟ ਬਿਊਰੋ) : ਇੰਟਰਨੈਸ਼ਨਲ ਟਰੈਵਲਰਜ਼ ਲਈ ਕੈਨੇਡਾ ਵਿੱਚ 14 ਦਿਨ ਦੇ ਲਾਜ਼ਮੀ ਕੁਆਰਨਟੀਨ ਪੀਰੀਅਡ ਵਿੱਚ ਢਿੱਲ ਦੇਣ ਲਈ ਪਹਿਲਾ ਕਦਮ ਅਲਬਰਟਾ ਵੱਲੋਂ ਚੁੱਕਿਆ ਗਿਆ ਹੈ।

ਇਹ ਪਾਇਲਟ ਪ੍ਰੋਜੈਕਟ 2 ਨਵੰਬਰ ਤੋਂ ਸ਼ੁਰੂ ਹੋਵੇਗਾ ਤੇ ਕੌਮਾਂਤਰੀ ਪੈਸੈਂਜਰ, ਜੋ ਅਲਬਰਟਾ ਆਉਣਗੇ, ਉਨ੍ਹਾਂ ਨੂੰ ਉੱਥੇ ਪਹੁੰਚਣ ਉੱਤੇ ਆਈਸੋਲੇਸ਼ਨ ਵਿੱਚ ਭੇਜਣ ਤੋਂ ਪਹਿਲਾਂ ਰੈਪਿਡ ਕੋਵਿਡ-19 ਟੈਸਟ ਕਰਵਾਉਣ ਦੀ ਪੇਸ਼ਕਸ਼ ਕੀਤੀ ਜਾਵੇਗੀ। ਜੇ ਇਹ ਸ਼ੁਰੂਆਤੀ ਟੈਸਟ ਨੈਗੇਟਿਵ ਆਉਂਦਾ ਹੈ, ਤਾਂ ਟਰੈਵਲਰਜ਼ ਛੇ ਜਾਂ ਸੱਤ ਦਿਨ ਬਾਅਦ ਦੂਜੇ ਟੈਸਟ ਦੇ ਨੈਗੇਟਿਵ ਆਉਣ ਉੱਤੇ ਆਪਣੀ



ਆਈਸੋਲੇਸ਼ਨ ਖਤਮ ਕਰ ਸਕਣਗੇ। ਇਸ ਤੋਂ ਭਾਵ ਇਹ ਹੈ ਕਿ ਕੁੱਝ ਟਰੈਵਲਰਜ਼ ਲਈ ਆਈਸੋਲੇਸ਼ਨ ਦਾ ਸਮਾਂ ਸਿਰਫ ਇੱਕ ਹਫਤਾ ਹੀ ਰਹਿ ਜਾਵੇਗਾ। ਪ੍ਰੀਮੀਅਰ ਜੇਸਨ ਕੇਨੀ ਦੀ ਸਰਕਾਰ ਨੇ ਇਹ ਐਲਾਨ ਕੈਲਗਰੀ ਇੰਟਰਨੈਸ਼ਨਲ ਏਅਰਪੋਰਟ ਉੱਤੇ ਕੀਤਾ।

...ਬਾਕੀ ਪੰਨਾ 6 'ਤੇ

## ਭਾਰਤ ਸਰਕਾਰ ਨੇ ਵੀਜ਼ਾ ਤੇ ਟਰੈਵਲ ਸਬੰਧੀ ਪਾਬੰਦੀਆਂ ਤੋਂ ਦਿੱਤੀ ਛੋਟ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਕੋਵਿਡ-19 ਦੇ ਮੌਜੂਦਾ ਹਾਲਾਤ ਦੇ ਮੱਦੇਨਜ਼ਰ ਭਾਰਤ ਸਰਕਾਰ ਵੱਲੋਂ ਵੀਜ਼ਾ ਤੇ ਟਰੈਵਲ ਸਬੰਧੀ ਪਾਬੰਦੀਆਂ ਵਿੱਚ ਹੋਰ ਛੋਟ ਦਿੱਤੀ ਗਈ ਹੈ।

ਇਸ ਦੌਰਾਨ ਭਾਰਦ ਦੇ ਸ਼ਹਿਰੀ ਹਵਾਬਾਜ਼ੀ ਮੰਤਰਾਲੇ ਵੱਲੋਂ ਮਾਨਤਾ ਪ੍ਰਾਪਤ ਵਿਦੇਸ਼ੀ ਨਾਗਰਿਕਾਂ ਦੀਆਂ ਕੁੱਝ ਖਾਸ ਵੰਨਗੀਆਂ, ਜਿਨ੍ਹਾਂ ਵਿੱਚ ਵੰਦੇ ਭਾਰਤ ਮਿਸ਼ਨ ਜਾਂ ਏਅਰ ਬਬਲ (ਦੁਵੱਲੇ ਟਰੈਵਲ ਪ੍ਰਬੰਧਾਂ) ਜਾਂ ਗੈਰ ਨਿਰਧਾਰਤ ਕਮਰਸ਼ੀਅਲ ਉਡਾਨਾਂ ਸ਼ਾਮਲ ਹਨ, ਨੂੰ ਪਾਣੀ ਰਾਹੀਂ ਜਾਂ ਹਵਾਈ ਸਫਰ ਦੌਰਾਨ ਕੁੱਝ ਹੋਰ ਪਾਬੰਦੀਆਂ ਤੋਂ ਛੋਟ ਦਿੱਤੀ ਜਾਵੇਗੀ। ਇਨ੍ਹਾਂ ਵਿੱਚ ਓਸੀਆਈ ਕਾਰਡਧਾਰਕ ਤੇ ਪੀਆਈਓ ਕਾਰਡਧਾਰਕ ਜਿਨ੍ਹਾਂ ਕੋਲ



ਕੈਨੇਡਾ ਸਮੇਤ ਕਿਸੇ ਵੀ ਦੇਸ਼ ਦਾ ਪਾਸ-ਪੋਰਟ ਹੋਵੇ, ਕਿਸੇ ਵੀ ਮਕਸਦ ਲਈ ਭਾਰਤ ਦਾ ਦੌਰਾ ਕਰਨ ਦੀ ਇੱਛਾ ਰੱਖਣ ਵਾਲੇ ਵਿਦੇਸ਼ੀ ਨਾਗਰਿਕ (ਉਨ੍ਹਾਂ ਉੱਤੇ ਨਿਰਭਰ ਵਿਅਕਤੀ, ਜਿਨ੍ਹਾਂ ਕੋਲ ਡਿਪੈਂਡੈਂਟ ਵੀਜ਼ਾ ਦੀ ਢੁਕਵੀਂ ਵੰਨਗੀ ਹੋਵੇ) ਟੂਰਿਸਟ ਵੀਜ਼ਾ ਤੋਂ ਇਲਾਵਾ-ਇਲੈਕਟ੍ਰੌਨਿਕ ਵੀਜ਼ਾ, ਟੂਰਿਸਟ ਵੀਜ਼ਾ ਤੇ ਮੈਡੀਕਲ ਵੀਜ਼ਾ ਤੋਂ ਇਲਾਵਾ ਸਾਰੇ ਮੌਜੂਦ ਵੀਜ਼ਾਜ਼ ਨੂੰ ਫੌਰੀ ਪ੍ਰਭਾਵ ਤੋਂ ਬਹਾਲ ਕਰ ਦਿੱਤਾ ਗਿਆ ਹੈ।

ਪਹਿਲਾਂ ਜਾਰੀ ਕੀਤੇ ਗਏ ਮੈਡੀਕਲ ਵੀਜ਼ਾਜ਼ ਇਸ ਸਮੇਂ ਮੁਲਤਵੀ ਕੀਤੇ ਜਾ ਚੁੱਕੇ ਹਨ, ਪਰ ਐਮਰਜੰਸੀ ਹਾਲਾਤ ਵਿੱਚ ਤਾਜ਼ਾ ਮੈਡੀਕਲ ਵੀਜ਼ਾ (ਮੈਡੀਕਲ ਅਟੈਂਡੈਂਟ ਸਮੇਤ) ਕਾਉਂਸਲੇਟ ਤੋਂ ਹਾਸਲ ਕਰਨੇ ਪੈਣਗੇ। ਜੇ ਕੋਈ ਵੀ ਵਿਦੇਸ਼ੀ ਨਾਗਰਿਕ (ਜਿਨ੍ਹਾਂ ਵਿੱਚ ਭਾਰਤੀ ਮੂਲ ਦੇ ਉਹ ਨਾਗਰਿਕ ਵੀ ਸ਼ਾਮਲ ਹਨ ਜਿਨ੍ਹਾਂ ਕੋਲ ਓਸੀਆਈ/ਪੀਆਈਓ ਨਹੀਂ ਹੈ) ਉੱਪਰ ਦਿੱਤੀਆਂ ਗਈਆਂ ਵੰਨਗੀਆਂ ਤਹਿਤ ਨਹੀਂ ਆਉਂਦਾ, ਪਰ ਜਿਸ ਨੂੰ ਕਿਸੇ ਪਰਿਵਾਰਕ ਐਮਰਜੰਸੀ ਕਾਰਨ ਭਾਰਤ ਦਾ ਦੌਰਾ ਕਰਨ ਦੀ ਲੋੜ ਹੈ, ਉਨ੍ਹਾਂ ਨੂੰ ਐਂਟਰੀ ਵੀਜ਼ਾ (ਐਕਸ-ਮਿਸਲੇਨੀਅਸ) ਲਈ ਅਪਲਾਈ ਕਰਨਾ ਚਾਹੀਦਾ ਹੈ।ਅਜਿਹੇ ਬਿਨੈਕਾਰਾਂ ਨੂੰ 3 ਮਹੀਨਿਆਂ ਲਈ ਸਿੰਗਲ ਐਂਟਰੀ ਵੀਜ਼ਾ ਜਾਰੀ ਕੀਤਾ ਜਾਵੇਗਾ।

...ਬਾਕੀ ਪੰਨਾ 6 'ਤੇ

Best Insurance Rates
Auto - Home - Business
Dir: 647-400-2949
ਕਾਰ ਅਤੇ ਘਰ ਦੀ ਇੰਸ਼ੋਰੈਂਸ ਲਈ ਘੱਟ ਰੇਟ
Discounts upto 35% on Auto & Home
Amanpreet S. Bath
Axxel Insurance Brokers Ltd.
Address: 1550 South Gateway Rd. Suite 220 Mississauga, ON L4W 5G6

NOW HIRING !!!
ALLKIND INSURANCE
- Life Insurance
- Critical illness Ins
- Travel & Visitor Ins
- RESP & TFSA & RRSP
- Super Visa Insurance
- Mortgage Insurance
- Disability Insurance
- Funeral Insurance
SIMRAN SAINI 416.994.7272
www.allkindinsurance.com

INSURANCE
- Home
- Auto
- Business
- Trucking
- Life Insurance
- Commercial
647-206-2452
Sukhwinder K Singh
CONNEX 7050A Bramalea Rd, Unit # 13, Mississauga, ON L5S 1T1

AUTO & HOME INSURANCE
- Super visa Insurance
- Life & Disability
- Critical illness
- RESP
- Visitor & Travel insurance
(416-845-1352)
Manwinder Mangat Broker
Axxel InsuranceBrokers Ltd. 1332 Khalsa Dr, Unit # 11, Mississauga, ON L5S 0A2

Law Office of Aman Sharma
- Real Estate - Commercial Lease
- Business Purchase & Sale
- Notarizations & Affidavits
- Wills & Power Of Attorney
Fax: 905-913-2344 Tel: 905-913-2355
Aman Sharma Open Saturday
25 Cherrycrest Drive, Unit # 6 Brampton, ON, L6P 3W4
Providing excellent quality legal services to our clients

HELPING YOU PLAN TODAY...FOR TOMORROW
- Supervisa / Visitor Insurance
- Life /Mortgage/Funeral Insurance
- Disability Insurance
- Critical Illness Insurance
- RESP /RRSP
www.ufsinsurance.com
JATINDERBIR S BAJWA Insurance Broker
Dir: 647-928-4990
# 25-831 Bovarid Dr. W. Brampton, ON L6X0T9 | www.ufsinsurance.com

Canada Consumer Credit Assistance ਕਰਜ਼ਾ ਰਹਿਤ ਜ਼ਿੰਦਗੀ ਜੀਓ
- ਪਾਵਰ ਆਫ ਸੇਲ ਨੋਟਿਸ ?
- ਗਾਰਨਿਸਮੈਂਟ?
- ਬੈਂਕ ਵਲੋਂ ਪੈਸੇ ਦੀ ਮੰਗ ?
- ਰੈਵਨਿਊ ਕੈਨੇਡਾ ਵਲੋਂ ਟੈਕਸ ਦੀ ਮੰਗ ?
ਕੁਲੈਕਸ਼ਨ ਕਾਲਾਂ, ਬੈਂਕ ਕਰਪਸੀ ਅਤੇ ਕਰਜ਼ੇ ਤੋਂ ਪੱਕਾ ਛੁਟਕਾਰਾ ਪਾ ਕੇ ਆਪਣਾ ਕਰੈਡਿਟ ਦੁਬਾਰਾ ਬਣਾਉਣ ਲਈ
ਹੁਣੇ ਹੀ ਕਾਲ ਕਰੋ
75% ਤੱਕ ਆਪਣਾ ਕਰਜ਼ਾ ਮਾਫ ਕਰਾਓ, ਬਹੁਤ ਆਸਾਨ ਕਿਸ਼ਤਾਂ ਬਿਨਾ ਵਿਆਜ ਤੋਂ
ਮੁਫਤ ਅਤੇ ਗੁਪਤ ਸਲਾਹ ਲਈ ਅੱਜ ਹੀ ਜਸਬੀਰ ਹੁੰਦਲ ਨੂੰ ਕਾਲ ਕਰੋ
ਕਰਜ਼ੇ ਦੀ ਮਿਰਦਰੀ ?
Late Evening and Weekends Appointments Available 1888 864 3131
Jasbir Singh Hundal Qualified Credit Counsellor
www.MakeMeDebtFree.ca 416-502-3100 Unit #20 - 7015 Tranmere Drive Mississauga, ON L5S 1T7

Mortgage! We Will Beat Any Rate !!!
*Each Mortgage Center Office is Independently Owned & Operated
Purchase || Refinance || Major Banks /Credit Unions || Private Lenders || Second Mortgages-Lowest 6.99 %
The Mortgage Centre
Cell: 416-841-4218 Tel: 905-216-5563
AvonFinancial Brokerage Lic. 12538
Harpreet Singh Goraya Principal Broker (Lic # M12000607)
831 Bovaird Dr. West, Unit 25, Brampton, ON L6X 0T9 Fax : 905-216-0392

ਨਵਾਂ ਘਾਹ ਲਵਾਉ | 647-784-1213
www.aaalandscaping.ca
1 ਪੁਰਾਣਾ ਘਾਹ ਹਟਾਉ ਅਤੇ ਨਵਾਂ ਲਵਾਉ
2 ਏਰੀਆ ਨੂੰ ਲੇਵਲ ਕਰਨਾ ਅਤੇ ਮਿੱਟੀ ਰਲਾਉਣੀ
3 ਨਵਾਂ ਘਾਹ ਲਵਾਉ
4 ਆਪਣੇ ਨਵੇਂ ਅਤੇ ਸੋਹਣੇ ਘਾਹ ਨੂੰ ਦੇਖੋ

MANN LAW FIRM
- Real Estate Law
- Wills & Estates
- Power of Attorney
- Affidavits Notarization / Declaration
- Business Law
- Family Law
- Civil Litigation
Maninder S. Mann B.A. (Hons.), LLB
BARRISTER SOLICITOR NOTARY
Address: 2130 North Park Dr. Suite 246 Brampton, ON L6S 0C9 T: 905 799 9333 www.mannlawfirm.ca

CN Forklift Training Center
Counterbalance All Types | Walkie pallet Low Lift | Electric Motor Narrow Aisle Reach | Cherry Order Picker
License $69 Toll Free: 1 855 230 0001
7033 Telford Way, Unit #4, Mississauga, ON L5S 1V4
When You Need Re certified License & Training First Call to us
NC Dhawan Certified Instructor
Cell: 416 726 6206 Tel: 905 405 0001




# MERCURY WANTED

ਬਹੁਤ ਸਾਰੇ ਪੁਰਾਣੇ ਉਤਪਾਦਾਂ ਵਿੱਚ ਪਾਰਾ ਹੁੰਦਾ ਹੈ
ਉਹਨਾਂ ਨੂੰ **ਮੁਫਤ ਵਿਚ ਰੀਸਾਈਕਲ ਕਰੋ** ਅਤੇ
ਪਾਰਾ ਨੂੰ ਵਾਤਾਵਰਣ ਤੋਂ ਬਾਹਰ ਰੱਖੋ

ਹੁਣ ਤੱਕ, ਪੀਲ ਦੇ ਖੇਤਰ ਨੇ 23,865 ਗ੍ਰਾਮ ਪਾਰਾ ਇਕੱਠਾ ਕੀਤਾ ਹੈ! ਤੁਹਾਡੀ ਸਹਾਇਤਾ ਨਾਲ, 15 ਲੱਖ ਤੋਂ ਵੱਧ ਓਲੰਪਿਕ ਤੈਰਾਕੀ ਪੂਲ ਦੇ ਬਰਾਬਰ ਦੇ ਮੁੱਲ ਦਾ ਪਾਣੀ ਅਤੇ ਜਲਮਾਰਗ ਨੂੰ ਝੀਲਾਂ ਵਿੱਚ ਸੁਰੱਖਿਅਤ ਕੀਤਾ ਗਿਆ ਸੀ

ਪਹਿਲੇ 600 ਵਸਨੀਕ ਆਪਣਾ ਪਾਰਾ ਉਤਪਾਦ *
ਨੂੰ ਸੁੱਟਣ ਤੇ' **ਇੱਕ ਮੁਫਤ ਡਿਜੀਟਲ ਥਰਮਾਮੀਟਰ** ਪ੍ਰਾਪਤ ਕਰਨਗੇ
One thermometer per car/per day. *Mercury lighting and batteries excluded.



Loose Liquid Mercury
Blood Pressure Gauges
Relay Switches
Thermostats
Thermometers
Float Switches
Button-Cell Batteries
Fluorescent Tubes†
CFL Bulbs†

† Max. 40 per resident per day for mercury lighting

Ontario Trillium Foundation / Fondation Trillium de l'Ontario
scout ENVIRONMENTAL
Region of Peel working with you
Mercury Roundup

ਅੱਜ ਹੀ ਆਪਣੇ ਪਾਰਾ ਉਤਪਾਦਾਂ ਨੂੰ ਸਥਾਨਕ ਕਮਿਊਨਿਟੀ ਰੀਸਾਈਕਲਿੰਗ ਸੈਂਟਰ ਵਿੱਚ ਲਿਆਓ ।
ਵਧੇਰੇ ਜਾਣਕਾਰੀ ਲਈ **MercuryRoundup.ca/Peel** ਨੂੰ ਦੇਖੋ ।

NATION-WIDE
**TALK, TEXT & DATA PLAN**

**4.5GB**
$40/mo.

chatr
AUTHORIZED DEALER

379 Main St. North, Brampton | 905-451-0379
2456 Lake shore Blvd West, Etobicoke | 416-259-3654

905-451-0379

Offer subject to change without notice. Get 4.5GB at 3G speed. Once you reach your 3G speed data allotment, your data speed will be reduced until your next anniversary date. Taxes extra. ™ Trademarks used under license ©2020

KELLEY LAW OFFICE
Immigration / Real Estate / Family Law / Business Closing / Corporate / Wills & Estate / Power of Attorney/Affidavit /Attestations
www.kelleylawoffice.ca | info@kelleylawoffice.ca
ਇੱਥੇ ਹਰ ਤਰ੍ਹਾਂ ਦੇ ਇਮੀਗਰੇਸ਼ਨ, ਰੀਅਲ ਅਸਟੇਟ, ਬਿਜਨਸ ਲਾਅ, ਕੋਰਪੋਰੇਟ, ਫੈਮਲੀ ਲਾਅ, ਵਸੀਅਤਨਾਮੇ, ਪਾਵਰ ਆਫ ਅਟੋਰਨੀ, ਰਾਹਦਾਰੀ ਅਤੇ ਹੋਰ ਕਾਨੂੰਨੀ ਸਲਾਹ ਮਸ਼ਵਰੇ ਲਈ ਫੋਨ ਕਰੋ!
1200 Derry Road E, #15, Mississauga, ON L5T 0B3
Shinder Kelley, Barrister, Solicitor & Notary Public
905-362-0755

# ਰੋਹਿਤ ਪੁੰਜ ਅਤੇ ਬਿੱਲਾ ਸਿੱਧੂ ਵਲੋਂ ਨਵਜੋਤ ਸਿੱਧੂ ਨੂੰ ਜਨਮ ਦਿਨ ਮੁਬਾਰਕਬਾਦ



ਬੀਤੇ ਦਿਨੀਂ ਸਾਬਕਾ ਕ੍ਰਿਕਟਰ ਅਤੇ ਮੌਜੂਦਾ ਵਿਧਾਇਕ ਨਵਜੋਤ ਸਿੱਧੂ ਵਲੋਂ ਆਪਣਾ ਜਨਮ ਦਿਨ ਮਨਾਇਆ ਗਿਆ। ਇਸ ਮੌਕੇ ਜਿਥੇ ਇਨ੍ਹਾਂ ਜਸ਼ਨਾਂ ਵਿਚ ਉਨ੍ਹਾਂ ਦੇ ਪਰਿਵਾਰਕ ਮੈਂਬਰ ਸ਼ਾਮਲ ਹੋਏ, ਉਥੇ ਹੀ ਦੇਸ਼-ਵਿਦੇਸ਼ ਤੋਂ ਉਨ੍ਹਾਂ ਦੇ ਚਹੇਤਿਆਂ ਨੇ ਵੀ ਉਨ੍ਹਾਂ ਨੂੰ ਮੁਬਾਰਕਬਾਦ ਭੇਜੀ। ਕੈਲਗਰੀ ਤੋਂ ਜਾਣੀ ਪਹਿਚਾਣੀ ਸ਼ਖਸੀਅਤ ਰੋਹਿਤ ਪੁੰਜ, ਟੋਰਾਂਟੋ ਤੋਂ ਸਪਰੈਂਜਾ ਬੈਂਕੁਇਟ ਹਾਲ ਦੇ ਮਾਲਕ ਬਿੱਲਾ ਸਿੱਧੂ ਵਲੋਂ ਉਚੇਚੇ ਤੌਰ 'ਤੇ ਨਵਜੋਤ ਸਿੱਧੂ ਨੂੰ ਜਨਮ ਦਿਨ ਦੀ ਮੁਬਾਰਕਬਾਦ ਭੇਜੀ ਗਈ। ਉਨ੍ਹਾਂ ਕਿਹਾ ਕਿ ਸਾਨੂੰ ਨਵਜੋਤ ਸਿੱਧੂ ਉਤੇ ਮਾਣ ਹੈ। ਉਨ੍ਹਾਂ ਨੇ ਪੰਜਾਬ ਤੇ ਪੰਜਾਬੀਅਤ ਦਾ ਹਰ ਖੇਤਰ ਵਿਚ ਨਾਮ ਉੱਚਾ ਕੀਤਾ ਹੈ ਤੇ ਅਸੀ ਪੰਜਾਬ ਦੀ ਬਿਹਤਰੀ ਲਈ ਚੰਗੇ ਭਵਿੱਖ ਦੀ ਕਾਮਨਾ ਕਰਦੇ ਹਾਂ। ਤਸਵੀਰ ਸਿੰਘ ਪਰਗਟ ਸਿੰਘ ਅਤੇ ਸਰਬਦਿਆਲ ਸਿੰਘ ਨਵਜੋਤ ਸਿੱਧ ਨੂੰ ਜਨਮ ਦਿਨ ਮੁਬਾਰਕ ਕਹਿੰਦਿਆਂ ਫੁੱਲਾਂ ਦਾ ਗੁਲਦਸਤਾ ਭੇਂਟ ਕਰਦੇ ਨਜ਼ਰ ਆ ਰਹੇ ਹਨ।

# ਅੱਜ ਤੋਂ ਖੁੱਲ੍ਹਣਗੇ ਟੋਰਾਂਟੋ ਦੇ ਪਬਲਿਕ ਹੈਲਥ ਫਲੂ ਸ਼ੌਟਸ ਕਲੀਨਿਕ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਸਿਹਤ ਅਧਿਕਾਰੀਆਂ ਵੱਲੋਂ ਇਸ ਵਾਰੀ ਸਾਰਿਆਂ ਨੂੰ ਫਲੂ ਸ਼ੌਟ ਲੈਣ ਲਈ ਜ਼ੋਰ ਲਾਇਆ ਜਾ ਰਿਹਾ ਹੈ। ਸਿਹਤ ਅਧਿਕਾਰੀਆਂ ਦਾ ਕਹਿਣਾ ਹੈ ਕਿ ਕੋਵਿਡ-19 ਮਹਾਂਮਾਰੀ ਦੇ ਚੱਲਦਿਆਂ ਇਸ ਵਾਰੀ ਇਹ ਫਲੂ ਸ਼ੌਟ ਸਾਰਿਆਂ ਲਈ ਹੋਰ ਵੀ ਜ਼ਰੂਰੀ ਹੋ ਗਿਆ ਹੈ।



ਵੀਰਵਾਰ ਨੂੰ ਟੋਰਾਂਟੋ ਪਬਲਿਕ ਹੈਲਥ ਦੇ ਫਲੂ ਸ਼ੌਟ ਕਲੀਨਿਕ ਰਸਮੀ ਤੌਰ ਉੱਤੇ ਖੋਲ੍ਹ ਦਿੱਤੇ ਜਾਣਗੇ। ਕੋਵਿਡ-19 ਮਹਾਂਮਾਰੀ ਕਾਰਨ ਇਸ ਵਾਰੀ ਤੁਹਾਨੂੰ ਆਨਲਾਈਨ ਅਪੁਆਇੰਟਮੈਂਟ ਬੁੱਕ ਕਰਵਾਉਣੀ ਹੋਵੇਗੀ। ਇਸ ਵਾਰੀ ਵਾਕ ਇਨ ਅਪੁਆਇੰਟਮੈਂਟ ਉਪਲਬਧ ਨਹੀਂ ਹੋਣਗੀਆਂ। ਸਾਰਿਆਂ ਲਈ ਨਵੀਂ ਮਿਸਾਲ ਪੇਸ਼ ਕਰਨ ਤੇ ਸੱਭ ਦੀ ਹੌਸਲਾ ਅਫਜ਼ਾਈ ਲਈ ਮੇਅਰ ਜੌਹਨ ਟੋਰੀ, ਸਿਟੀ ਦੀ ਮੈਡੀਕਲ ਆਫੀਸਰ ਆਫ ਹੈਲਥ ਡਾ. ਐਲੀਨ ਡੀ ਵਿੱਲਾ ਤੇ ਬੋਰਡ ਆਫ ਹੈਲਥ ਦੇ ਚੇਅਰ ਜੋਅ ਕ੍ਰੈਸੀ ਵੱਲੋਂ ਵੀ ਵੀਰਵਾਰ ਸਵੇਰੇ ਫਲੂ ਸ਼ੌਟ ਲਵਾਏ ਜਾਣਗੇ।

ਡਾ. ਡੀ ਵਿੱਲਾ ਨੇ ਆਖਿਆ ਕਿ ਇਸ ਵਾਰੀ ਫਲੂ ਸ਼ੌਟ ਲੈਣਾ ਇਸ ਲਈ ਵੀ ਜ਼ਰੂਰੀ ਹੈ ਤਾਂ ਕਿ ਇਹ ਯਕੀਨੀ ਬਣਾਇਆ ਜਾ ਸਕੇ ਕਿ ਜਿਨ੍ਹਾਂ ਨੂੰ ਇਸ ਦੀ ਸਭ ਤੋਂ ਵੱਧ ਲੋੜ ਹੈ ਉਨ੍ਹਾਂ ਲਈ ਹੈਲਥ ਸਰੋਤ ਉਪਲਬਧ ਹਨ। ਮੰਗ ਵਧਣ ਕਾਰਨ ਸਿਟੀ ਦੇ ਫਲੂ ਸ਼ੌਟ ਕਲੀਨਿਕ ਦਸੰਬਰ ਤੱਕ ਚਲਾਏ ਜਾਣਗੇ।

# ਲਾਪਤਾ ਔਰਤ ਦੀ ਸੜੀ ਹੋਈ ਕਾਰ ਖਦਾਨ ਵਿੱਚ ਮਿਲੀ

ਓਨਟਾਰੀਓ, 22 ਅਕਤੂਬਰ (ਪੋਸਟ ਬਿਊਰੋ) : ਯੌਰਕ ਰੀਜਨਲ ਪੁਲਿਸ ਦਾ ਕਹਿਣਾ ਹੈ ਕਿ ਜੁਲਾਈ ਮਹੀਨੇ ਤੋਂ ਲਾਪਤਾ ਹੈਲਨ ਸੀਡੋ, ਜਿਸ ਨੂੰ ਮ੍ਰਿਤਕ ਮੰਨਿਆ ਜਾ ਰਿਹਾ ਹੈ, ਦੀ ਗੱਡੀ ਉਨ੍ਹਾਂ ਨੂੰ ਲੱਭ ਗਈ ਹੈ।

ਉਸ ਦੇ ਪਤੀ 61 ਸਾਲਾ ਜੌਹਨ ਸੀਡੋ ਨੂੰ ਸਤੰਬਰ ਵਿੱਚ ਗ੍ਰਿਫਤਾਰ ਕੀਤਾ ਗਿਆ ਸੀ ਤੇ ਉਸ ਉੱਤੇ ਸੈਕਿੰਡ ਡਿਗਰੀ ਮਰਡਰ ਦੇ ਦੋਸ਼ ਲਾਏ ਗਏ ਸਨ। ਪੁਲਿਸ ਨੂੰ ਹੈਲਨ ਦੀ ਗੱਡੀ ਪਿਛਲੇ ਹਫਤੇ ਮਿਲ ਗਈ ਸੀ। ਹੰਟਸਵਿੱਲ ਦੇ ਨੌਰਥਈਸਟ ਦੀ ਖਦਾਨ ਵਿੱਚ ਕੁੱਝ ਸ਼ਿਕਾਰੀਆਂ ਨੂੰ ਇਹ ਸੜੀ ਹੋਈ ਕਾਰ ਮਿਲੀ।




ਕਾਰ ਪੂਰੀ ਤਰ੍ਹਾਂ ਸੜੀ ਹੋਈ ਸੀ। ਜਾਂਚਕਾਰ ਕਿਸੇ ਵੀ ਅਜਿਹੇ ਸ਼ਖਸ ਨਾਲ ਗੱਲ ਕਰਨੀ ਚਾਹੁੰਦੇ ਸਨ ਜਿਸ ਨੇ ਇਸ ਗੱਡੀ ਨੂੰ ਵੇਖਿਆ ਹੋਵੇ ਜਾਂ ਫਿਰ ਅਗਸਤ ਤੇ ਸਤੰਬਰ ਦਰਮਿਆਨ ਇਸ ਇਲਾਕੇ ਵਿੱਚ ਅੱਗ ਵੇਖੀ ਹੋਵੇ। ਜੌਹਨ ਸੀਡੋ ਨੂੰ ਵੀਰਵਾਰ ਦੁਪਹਿਰ ਨੂੰ ਵਾਇਆ ਵੀਡੀਓ ਲਿੰਕ ਅਦਾਲਤ ਵਿੱਚ ਪੇਸ਼ ਕੀਤਾ ਗਿਆ।

N M Money Exchange
ਦੁਨੀਆਂ ਦੇ ਕਿਸੇ ਵੀ ਕੋਨੇ ਤੋਂ ਪੈਸੇ ਮੰਗਵਾਉਣ ਅਤੇ ਭੇਜਣ ਦਾ ਮੌਕਾ ਜ਼ਰੂਰ ਦਿਓ
Send - Exchange - Receive
☆ Best INR Rate
☆ Fastest Service
☆ 24x7 Service
☆ Secure Transaction
☆ Special Business Account
Toll Free: 1833 823 5439 | 647 783 0049

PEST PROBLEM ?
Residential & Commercial
100% Customer Satisfaction
All Pest Control
MICE, COCKROACH, BEDBUG & ALL COMMON BUGS
AFFORDABLE & RELIABLE
647.990.3205
KSG Pest Control Inc.
Residential, Commercial
www.ksgpestcontrol.ca
ksgpestcontrol@gmail.com
Amarjeet Singh Gill, Certified & Licenced Exterminator

# ਸਕਾਰਬੌਰੋ ਜਨਰਲ ਹਸਪਤਾਲ ਵਿੱਚ ਐਲਾਨੀ ਗਈ ਕੋਵਿਡ-19 ਆਊਟਬ੍ਰੇਕ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਦੇ ਇੱਕ ਹੋਰ ਹਸਪਤਾਲ ਵਿਚ ਕੋਵਿਡ-19 ਆਊਟਬ੍ਰੇਕ ਐਲਾਨਿਆ ਗਿਆ ਹੈ।



ਟੋਰੋਨਟੋ।ਚੋਮ ਵੱਲੋਂ ਜਾਰੀ ਕੀਤੇ ਗਏ ਇੱਕ ਮੀਮੋ ਵਿਚ ਆਖਿਆ ਗਿਆ ਕਿ ਸਕਾਰਬੌਰੋ ਦੇ ਜਨਰਲ ਹਸਪਤਾਲ ਦੀ ਸਿੰਗਲ ਯੂਨਿਟ ਵਿਚ ਛੇ ਮਰੀਜ਼ ਕਰੋਨਾਵਾਇਰਸ ਪਾਜ਼ੀਟਿਵ ਪਾਏ ਗਏ। ਹਸਪਤਾਲ ਵੱਲੋਂ ਇਸ ਯੂਨਿਟ ਵਿਚ ਨਵੇਂ ਦਾਖਲੇ ਤੇ ਵਿਜ਼ੀਟਰਜ਼ ਦੀ ਆਵਾਜਾਈ ਬੰਦ ਕਰ ਦਿੱਤੀ ਗਈ ਹੈ। ਇਸ ਯੂਨਿਟ ਦੀ ਡੀਪ ਕਲੀਨਿੰਗ ਦੇ ਵੀ ਹੁਕਮ ਦੇ ਦਿੱਤੇ ਗਏ ਹਨ। ਹਸਪਤਾਲ ਦੇ ਅਧਿਕਾਰੀਆਂ ਨੇ ਆਖਿਆ ਕਿ ਹੁਣ ਤੱਕ ਸਟਾਫ ਦਾ ਕੋਈ ਵੀ ਮੈਂਬਰ ਵਾਇਰਸ ਦਾ ਸ਼ਿਕਾਰ ਨਹੀਂ ਹੋਇਆ ਹੈ। ਸੇਂਟ ਮਾਈਕਲ ਹਸਪਤਾਲ ਵੱਲੋਂ ਮੰਗਲਵਾਰ ਨੂੰ ਆਪਣੇ ਐਮਰਜੰਸੀ ਵਿਭਾਗ ਵਿਚ ਕੋਵਿਡ-19 ਆਊਟਬ੍ਰੇਕ ਐਲਾਨੀ ਗਈ ਸੀ। ਇਸ ਤੋਂ ਇਲਾਵਾ ਸੇਂਟ ਜੋਸਫਜ਼ ਹੈਲਥ ਸੈਂਟਰ ਤੇ ਟੋਰਾਂਟੋ ਵੈਸਟਰਨ ਹਸਪਤਾਲ ਵੀ ਆਊਟਬ੍ਰੇਕਸ ਨਾਲ ਡੀਲ ਕਰ ਰਹੇ ਹਨ।

REXDALE FINANCIAL SERVICES
WE HELP YOU START, GROW AND SUCCEED
We bring Canada's leading lenders to you
The Mortgage Centre
I direct mortgages Inc.
21 Roysun Rd, #6, Woodbridge, ON L4L 8R3
Ph: 905.652.3000 ext 467 | 905.652.300 ext 468
Each Mortgage center is independently owned and operated
Call now: 416.674.8035 | 416.674.7050 or Fax: 416.674.9009
ਮਿਲ ਰਹੇ ਘੱਟ ਵਿਆਜ ਦਰਾਂ ਦਾ ਫਾਇਦਾ ਚੱਕੋ ਅਤੇ ਹਜ਼ਾਰਾਂ ਹੀ ਡਾਲਰ ਬਚਾਓ!
• DEBT CONSOLIDATION • HOME EQUITY
• LOANS • HOME RENOVATION
• WANT TO GET OUT OF CREDIT CARD DEBT
ਜਿਆਦਾ ਕਰਜਾ ਦੇ ਕੇ ਥੱਕ ਚੁੱਕੇ ਹੋ? ਆਪਣਾ ਕਰਜਾਂ ਚੁਕਾਓ!!!
ਬੈਂਕ ਨੇ ਕਰ ਦਿੱਤੀ 'ਨਾਂਹ', ਅਸੀਂ ਕਰਾਂਗੇ 'ਹਾਂ'
MORTGAGES SUITABLE FOR EVERY NEED!
1st & 2nd Mortgage Available
ALL IN ONE LOW MONTHLY PAYMENT!
Increase Your Cash Flow by up to 50%
YOU NEED A MORTGAGE? WE'LL ARANGE IT FOR YOU NO MATTER WHAT YOUR REASON IS!
Self Employed or Unemployed
Each Mortgage Centre is independently owned and operated
19 Woodbine Downs Blvd, #201, Etobicoke, ON M9W 6N5
Jaspal Singh Gahunia #M08006400
416.677.0047

Royal Pest Control
Residential Commercial Industrial
Specialist in Bedbugs Service
All Pest Control :
• Mouse & Rats • Spiders & Fleas • Bedbugs • Wasps
• Cockroaches • Carpenter Ants • Silver Fish • Racoons
Call : PARESH PATEL (Government Approved Licensed Technician)
416 938 4598

# ਗੱਡੀ ਵਿੱਚੋਂ ਮਿਲਿਆ ਹਥਿਆਰ ਤੇ ਗੋਲੀ ਸਿੱਕਾ, ਡਰਾਈਵਰ ਗ੍ਰਿਫਤਾਰ



ਮਿਸੀਸਾਗਾ, 22 ਅਕਤੂਬਰ (ਪੋਸਟ ਬਿਊਰੋ) : ਪੀਲ ਪੁਲਿਸ ਨੂੰ ਮਿਸੀਸਾਗਾ ਵਿਚ ਇੱਕ ਗੱਡੀ ਵਿੱਚੋਂ ਰਿਵਾਲਵਰ ਤੇ ਅਸਲਾ ਮਿ-ਲਆ ਹੈ। ਐਗਲਿੰਟਨ ਐਵਨਿਊ ਤੇ ਕੈਨੇਡੀ ਰੋਡ ਇਲਾਕੇ ਵਿੱਚ ਗੱਡੀ ਦੀ ਭਾਲ ਕਰ ਰਹੇ ਅਧਿਕਾਰੀਆਂ ਨੂੰ 6:15 ਵਜੇ ਦੇ ਨੇੜੇ ਤੇੜੇ ਇਹ ਗੱਡੀ ਮਿਲੀ। ਕਾਰ ਮਿਲਣ ਤੋਂ ਬਾਅਦ ਉਨ੍ਹਾਂ ਨੇ ਡਰਾਈਵਰ ਨੂੰ ਗ੍ਰਿਫਤਾਰ ਕਰ ਲਿਆ ਤੇ ਗੱਡੀ ਵਿੱਚੋਂ ਉਨ੍ਹਾਂ ਨੂੰ ਹਥਿਆਰ ਤੇ ਗੋਲੀ ਸਿੱਕਾ ਬਰਾਮਦ ਹੋਇਆ। ਇਸ ਸਬੰਧ ਵਿੱਚ ਗ੍ਰਿਫਤਾਰ ਕੀਤੇ ਗਏ ਮਿਸੀਸਾਗਾ ਦੇ 20 ਸਾਲਾਂ ਦੇ ਟਾਇਰੋਨ ਸੈਮੂਅਲਜ਼ ਨੂੰ ਸੱਤ ਚਾਰਜਿਜ਼ ਦਾ ਸਾਹਮਣਾ ਕਰਨਾ ਪਵੇਗਾ- ਸ਼ਰਾਬ ਪੀ ਕੇ ਗੱਡੀ ਚਲਾਉਣ, ਗੈਰ ਅਧਿਕਾਰਕ ਤੌਰ ਉੱਤੇ ਹਥਿਆਰ ਰੱਖਣ, ਹਥਿਆਰ ਜਮ੍ਹਾਂ ਕਰਕੇ ਰੱਖਣ ਤੇ ਪੀਸ ਆਫੀਸਰ ਦੇ ਕੰਮ ਵਿੱਚ ਰੋੜਾ ਅਟਕਾਉਣ ਆਦਿ।

SEHMBI RENOVATIONS
ਰੈਨੋਵੇਸ਼ਨ ਦੇ ਕਿਸੇ ਵੀ ਕੰਮ ਲਈ ਸਾਡੀਆਂ ਪਰੋਫੈਸ਼ਨਲ ਤੇ ਭਰੋਸੇਯੋਗ ਸੇਵਾਵਾ ਦਾ ਲਾਭ ਉਠਾਓ
• Custom Kitchen Cabinets • Completly Furnished
• Legal Basement • Painting & Flooring
ਵਾਜਿਬ ਕੀਮਤ ਤੇ ਸਮੇਂ ਸਿਰ ਕੰਮ
Jaswant Sehmbi: 647.524.0885

PROTECT YOUR HOME FROM PESTS
Pest Control
Low Rates/Excellent Pest Control Services
100% Success rate for bed bug Treatment
Free Home Inspection Call Today
Ranjit Sidhu, Certified & Licenced Exterminator
BED BUG MATTRESS COVER ALSO AVAILABLE
A-Z Pest Control Inc.
Cell: 647.668.3944 | Office: 905.455.0648
info@atozpestcontroltoronto.com | www.atozpestcontroltoronto.com

NEED A LAWYER ??
Red Seal NOTARY
KAUR LAW OFFICE
MANJEET KAUR, LL.B., (London UK), Barrister, Solicitor & Notary Public
REAL ESTATE LAWYER
• Residential & Commercial
• Sale/Purchase of House
• Mortgage & Refinancing
• Drafting/Reviewing Agreements
• Title Transfer
• 2nd Mortgage
IMMIGRATION
Skilled Worker Category
Spousal & Family Sponsorship
• Student Permits Visa & Renewals
• PR Renewal/ Citizenship Application
FAMILY LAWYER
• Child & Spousal support
• Custody & Access
• Divorce
• Equalization
BUSINESS LAW
• Incorporation & Shareholder agreements
• Sales & Purchase of Assets & Shares
• Notarization & Affidavits
WILLS & ESTATE
• Wills
• Certificate of Estate Trustee with/without Will
• Power of attorney for Property & Personal Care
Tel : 905-454-0099
Fax: 905-454-2234
2575 Steeles Ave. E., Unit 1,Brampton, ON L6T 5T1

jobs! jobs! jobs! jobs! jobs!
DUNDAS·JAFINE
HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ
ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ
ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ
ਅਪਲਾਈ ਕਰਨ ਲਈ ਆਪ ਪਹੁੰਚੋ: 110 Glidden Rd., Brampton
ਜਾਂ ਫੇਰ ਈ-ਮੇਲ ਕਰੋ: jbrown@dundasjafine.com kkaur@dundasjafine.com

SherGill Law Firm
Barrister, Solicitor & Notary Public
Services:
* Real Estate
* Residential, Commercial & Franchise
* Criminal Law
* Family Law
* Affidavit, Power Of Attorney & Notarization
* Immigration Matters
Paramjit Singh Gill (MBA,LL.B.)
Tel: 905-790-3636
2565 Steeles Ave E Unit #20, Brampton, ON L6T 4L6
Emergency Contact: 416.910.5676
www.shergilllawfirm.ca

# ਮਾਰਖਮ ਦੇ ਘਰ ਵਿੱਚੋਂ ਮਿਲੀ ਵਿਅਕਤੀ ਦੀ ਲਾਸ਼, ਮਾਮਲੇ ਨੂੰ ਸ਼ੱਕੀ ਮੰਨ ਰਹੀ ਹੈ ਪੁਲਿਸ




ਮਾਰਖਮ, 22 ਅਕਤੂਬਰ (ਪੋਸਟ ਬਿਊਰੋ) : ਬੁੱਧਵਾਰ ਨੂੰ ਮਾਰਖਮ ਦੇ ਘਰ ਵਿੱਚ ਮਿਲੀ ਇੱਕ ਵਿਅਕਤੀ ਦੀ ਲਾਸ਼ ਦੇ ਮਾਮਲੇ ਨੂੰ ਹੁਣ ਪੁਲਿਸ ਸ਼ੱਕੀ ਮੰਨ ਕੇ ਚੱਲ ਰਹੀ ਹੈ।
ਹੋਮੀਸਾਈਡ ਜਾਂਚਕਾਰਾਂ ਵੱਲੋਂ ਇਸ ਮਾਮਲੇ ਦੀ ਜਾਂਚ ਆਪਣੇ ਹੱਥ ਲੈ ਲਈ ਗਈ ਹੈ। ਜਾਣਕਾਰ ਸੂਤਰਾਂ ਨੇ ਦੱਸਿਆ ਕਿ ਬੁੱਧਵਾਰ ਨੂੰ ਬੇਅਵਿਊ ਤੇ 407 ਨੇੜੇ ਫੀਨੇ ਲੇਨ ਉੱਤੇ ਸਥਿਤ ਇਸ ਘਰ ਵਿੱਚੋਂ ਇੱਕ ਵਿਅਕਤੀ ਦੀ ਲਾਸ਼ ਮਿਲੀ ਸੀ।
ਪੁਲਿਸ ਨੂੰ ਦੁਪਹਿਰੇ 2:30 ਵਜੇ ਉਸ ਵਿਅਕਤੀ ਦਾ ਹਾਲ ਜਾਂਚਣ ਲਈ ਸੱਦਿਆ ਗਿਆ। ਪਰ ਪੁਲਿਸ ਨੂੰ ਘਰ ਦੇ ਅੰਦਰ 50 ਸਾਲਾ ਵਿਅਕਤੀ ਦੀ ਲਾਸ਼ ਮਿਲੀ। ਪੁਲਿਸ ਨੇ ਦੱਸਿਆ ਕਿ ਉਸ ਦੇ ਸ਼ਰੀਰ ਉੱਤੇ ਜ਼ਖ਼ਮਾਂ ਦੇ ਨਿਸ਼ਾਨ ਵੀ ਸਨ। ਇਸ ਵਿਅਕਤੀ ਦੀ ਮੌਤ ਦੇ ਕਾਰਨਾਂ ਦਾ ਅਜੇ ਪਤਾ ਨਹੀਂ ਲੱਗ ਸਕਿਆ ਹੈ ਪਰ ਯੌਰਕ ਪੁਲਿਸ ਵੱਲੋਂ ਹੋਰ ਵੇਰਵੇ ਜਾਰੀ ਕੀਤੇ ਜਾਣ ਦੀ ਸੰਭਾਵਨਾ ਹੈ।

ਅਜੇ ਤੱਕ ਇਹ ਵੀ ਪਤਾ ਨਹੀਂ ਲੱਗ ਸਕਿਆ ਹੈ ਕਿ ਪੁਲਿਸ ਵੱਲੋਂ ਕਿਸੇ ਮਸ਼ਕੂਕ ਦੀ ਭਾਲ ਕੀਤੀ ਜਾ ਰਹੀ ਹੈ ਜਾਂ ਨਹੀਂ।

# ਨਸ਼ੇ ਰੱਖਣ ਤੇ ਪਛਾਣ ਚੋਰੀ ਕਰਨ ਦੇ ਮਾਮਲੇ ਵਿੱਚ 3 ਚਾਰਜ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪੁਲਿਸ ਦਾ ਕਹਿਣਾ ਹੈ ਕਿ ਉਨ੍ਹਾਂ ਨੇ ਤਿੰਨ ਵਿਅਕਤੀਆਂ ਨੂੰ ਗ੍ਰਿਫਤਾਰ ਕੀਤਾ ਹੈ ਜਿਨ੍ਹਾਂ ਉੱਤੇ ਨਸ਼ੇ ਰੱਖਣ ਤੇ ਫਰਾਡ ਨਾਲ ਸਬੰਧਤ ਦੋਸ਼ ਲਾਏ ਗਏ ਹਨ।

ਇਨ੍ਹਾਂ ਤਿੰਨਾਂ ਨੂੰ ਉਸ ਸਮੇਂ ਗ੍ਰਿਫਤਾਰ ਕੀਤਾ ਗਿਆ ਜਦੋਂ ਪੁਲਿਸ ਨੇ ਇਹ ਜਾਂਚਣ ਲਈ ਗੱਡੀ ਰੋਕੀ ਕਿ ਡਰਾਈਵਰ ਨੇ ਕਿਤੇ ਨਸ਼ਾ ਤਾਂ ਨਹੀਂ ਕੀਤਾ ਹੋਇਆ। ਪੁਲਿਸ ਨੇ ਸੋਮਵਾਰ ਨੂੰ ਸ਼ਾਮੀਂ 7:00 ਵਜੇ ਫੋਰਟ ਯੌਰਕ ਬੋਲੀਵੀਆਰਡ ਤੇ ਟੈਲੀਗ੍ਰਾਮ ਮਿਊਜ਼ ਨੇੜੇ ਇਸ ਕਾਰ ਨੂੰ ਰੋਕਿਆ। ਉਨ੍ਹਾਂ ਨੂੰ ਕਾਰ ਵਿੱਚ ਤਿੰਨ ਵਿਅਕਤੀ ਮਿਲੇ ਤੇ ਇਸ ਦੇ ਨਾਲ ਹੀ ਗੱਡੀ ਵਿੱਚੋਂ ਵੱਡੀ ਮਾਤਰਾ ਵਿੱਚ ਮੈਰੀਜੁਆਨਾ ਤੇ ਪੈਸੇ ਵੀ ਬਰਾਮਦ ਹੋਏ। ਪੁਲਿਸ ਨੂੰ ਲੀਗਲ ਦਸਤਾਵੇਜ਼ਾਂ ਦੀ ਸੋਧੀ ਹੋਈ ਨਕਲ ਵੀ ਮਿਲੀ।



ਪੁਲਿਸ ਨੇ ਦੱਸਿਆ ਕਿ ਨਕਲੀ ਦਸਤਾਵੇਜ਼ਾਂ ਦੀ ਵਰਤੋਂ ਲੋਕਾਂ ਨਾਲ 40,000 ਡਾਲਰ ਦੀ ਠੱਗੀ ਮਾਰਨ ਲਈ ਕੀਤੀ ਗਈ। ਸਟੇਨਰ ਦੀ 43 ਸਾਲਾ ਬ੍ਰੈਂਡੀ ਕਿੰਘਨ ਨੂੰ ਕਈ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ ਤੇ ਇਸ ਵਿੱਚ ਧੋਖਾਧੜੀ ਦੇ ਨੌਂ ਮਾਮਲੇ ਤੇ ਪਛਾਣ ਚੋਰੀ ਕਰਨ ਦੇ ਛੇ ਮਾਮਲੇ ਸ਼ਾਮਲ ਹਨ। ਗੱਡੀ ਵਿੱਚ ਸਵਾਰ ਦੋ ਹੋਰ ਵਿਅਕਤੀਆਂ ਨੂੰ ਨਸ਼ਿਆਂ ਨਾਲ ਸਬੰਧਤ ਕਈ ਹੋਰ ਚਾਰਜਿਜ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ।

ਵਾਟਰਲੂ ਦੇ 31 ਸਾਲਾ ਆਬਦੀਰਹਿਮਾਨ ਤੇ ਸਾਰਨੀਆ ਦੇ 22 ਸਾਲਾ ਜ਼ੈਕਰੀ ਸ਼ੀਅਰਡ ਨੂੰ 5000 ਡਾਲਰ ਤੋਂ ਵੱਧ ਦੇ ਜੁਰਮ ਕਰਕੇ ਕੀਤੀ ਗਈ ਕਮਾਈ, 30 ਗ੍ਰਾਮ ਤੋਂ ਵੱਧ ਦੀ ਮੈਰੀਯੁਆਨਾ ਸਮਗਲਿੰਗ ਦੇ ਇਰਾਦੇ ਨਾਲ ਕੋਲ ਰੱਖਣ ਲਈ ਚਾਰਜ ਕੀਤਾ ਗਿਆ ਹੈ। ਸ਼ੀਅਰਡ ਉੱਤੇ ਗੈਰਕਾਨੂੰਨੀ ਚੀਜ਼ਾਂ ਕੋਲ ਰੱਖਣ ਤੇ ਪ੍ਰੋਬੇਸ਼ਨ ਦੀਆਂ ਸ਼ਰਤਾਂ ਪੂਰੀਆਂ ਨਾ ਕਰਨ ਵਰਗੇ ਦੋਸ਼ ਵੀ ਲਾਏ ਗਏ ਹਨ। ਪੁਲਿਸ ਨੇ ਦੱਸਿਆ ਕਿ ਇਸ ਮਾਮਲੇ ਦੀ ਜਾਂਚ ਚੱਲ ਰਹੀ ਹੈ।

# ਮੰਤਰੀ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਪ੍ਰੀਮੀਅਰ ਕੇਨੀ ਹੋਏ ਆਈਸੋਲੇਟ

ਐਡਮੰਟਨ, 22 ਅਕਤੂਬਰ (ਪੋਸਟ ਬਿਊਰੋ) : ਅਲਬਰਟਾ ਦੀ ਮਿਊਂਸਪਲ ਅਫੇਅਰਜ਼ ਮੰਤਰੀ ਦੇ ਕੋਵਿਡ-19 ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਅਲਬਰਨਾ ਦੇ ਪ੍ਰੀਮੀਅਰ ਜੇਸਨ ਕੇਨੀ ਆਪਣੇ ਘਰ ਵਿੱਚ ਆਈਸੋਲੇਟ ਹੋ ਗਏ ਹਨ. ਕੇਨੀ ਦੇ ਬੁਲਾਰੇ ਨੇ ਆਖਿਆ ਕਿ ਮਿਊਂਸਪਲ ਅਫੇਅਰਜ਼ ਮੰਤਰੀ ਟਰੇਸੀ ਐਲਰਡ ਦੇ ਕੋਵਿਡ-19 ਪਾਜ਼ੀਟਿਵ ਆਉਣ ਤੋਂ ਬਾਅਦ ਬੁੱਧਵਾਰ ਦੁਪਹਿਰ ਨੂੰ ਕੇਨੀ ਨੇ ਸੈਲਫ ਆਈਸੋਲੇਸ਼ਨ ਦਾ ਫੈਸਲਾ ਲਿਆ. ਇਸ ਤੋਂ ਠੀਕ ਪਹਿਲਾਂ ਕੇਨੀ ਵਿਧਾਨ ਸਭਾ ਵਿੱਚ ਪ੍ਰਸ਼ਨ ਕਾਲ ਦੌਰਾਨ ਸਵਾਲਾਂ ਦੇ ਜਵਾਬ ਦੇ ਰਹੇ ਸਨ. ਉਨ੍ਹਾਂ ਦੇ ਡਿਪਟੀ ਪ੍ਰੈੱਸ ਸਕੱਤਰ ਹੈਰੀਸਨ ਫਲੇਮਿੰਗ ਨੇ ਇੱਕ ਬਿਆਨ ਵਿੱਚ ਆਖਿਆ ਕਿ ਕਿਸੇ ਤਰ੍ਹਾਂ ਦੇ ਲੱਛਣ ਨਜ਼ਰ ਨਾ ਆਉਣ ਦੇ ਬਾਵਜੂਦ ਪ੍ਰੀਮੀਅਰ ਵੱਲੋਂ ਅਹਿਤਿਆਤਨ



ਟੈਸਟ ਆਦਿ ਕਰਵਾਏ ਜਾ ਰਹੇ ਹਨ। ਫਲੇਮਿੰਗ ਨੇ ਆਖਿਆ ਕਿ ਐਲਰਡ ਵੀਕੈਂਡ ਤੋਂ ਹੀ ਆਈਸੋਲੇਸ਼ਨ ਵਿੱਚ ਸੀ ਕਿਉਂਕਿ ਉਨ੍ਹਾਂ ਦਾ ਕੋਈ ਨਜ਼ਦੀਕੀ ਪਾਜ਼ੀਟਿਵ ਆ ਗਿਆ ਸੀ. ਜਦੋਂ ਐਲਰਡ ਦਾ ਟੈਸਟ ਪਾਜ਼ੀਟਿਵ ਆਇਆ ਉਸੇ ਵੇਲੇ ਹੀ ਕੇਨੀ ਵੀ ਸੈਲਫ ਆਈਸੋਲੇਸ਼ਨ ਵਿੱਚ ਚਲੇ ਗਏ. ਐਲਰਡ ਦੇ ਸੰਪਰਕ ਵਿੱਚ ਆਉਣ ਵਾਲੇ ਹੋਰਨਾਂ ਲੋਕਾਂ ਨੂੰ ਵੀ ਆਈਸੋਲੇਟ ਹੋਣ ਤੇ ਟੈਸਟ ਕਰਵਾਉਣ ਦੀ ਸਲਾਹ ਦਿੱਤੀ ਗਈ ਹੈ।

# ਫੋਰਡ ਸਰਕਾਰ ਵੱਲੋਂ ਅਹਿਮ ਸੇਵਾਵਾਂ ਨੂੰ ਕੀਤਾ ਜਾਵੇਗਾ ਡਿਜਿਟਲਾਈਜ਼


ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਓਨਟਾਰੀਓ ਸਰਕਾਰ ਵੱਲੋਂ ਕੁੱਝ ਸਰਕਾਰੀ ਸੇਵਾਵਾਂ ਨੂੰ ਡਿਜਿਟਲਾਈਜ਼ ਕਰਨ ਦਾ ਐਲਾਨ ਕੀਤਾ ਗਿਆ ਹੈ।
ਪ੍ਰੀਮੀਅਰ ਡੱਗ ਫੋਰਡ ਨੇ ਕੱਲ੍ਹ ਦੁਪਹਿਰ ਨੂੰ ਕੁਈਨਜ਼ ਪਾਰਕ ਵਿਖੇ ਇਸ ਸਬੰਧ ਵਿੱਚ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਇਸ ਬਾਰੇ 2018 ਵਿੱਚ ਉਨ੍ਹਾਂ ਦੇ ਆਫਿਸ ਸਾਂਭਣ ਤੋਂ ਕੁੱਝ ਦੇਰ ਬਾਅਦ ਹੀ ਕੰਮ ਸ਼ੁਰੂ ਹੋ ਗਿਆ ਸੀ ਤੇ ਕੋਵਿਡ-19 ਦੌਰਾਨ ਇਸ ਵਿੱਚ ਹੋਰ ਤੇਜ਼ੀ ਆ ਗਈ ਹੈ। ਫੋਰਡ ਨੇ ਆਖਿਆ ਕਿ ਭਾਵੇਂ ਤੁਸੀਂ ਵਿਆਹ ਕਰਵਾ ਰਹੇ ਹੋਵੋਂ, ਆਪਣਾ ਡਰਾਈਵਰ ਲਾਇਸੰਸ ਜਾਂ ਹੈਲਥ ਕਾਰਡ ਰਨਿਊ ਕਰਵਾ ਰਹੇ ਹੋਵੋਂ ਜਾਂ ਫਿਰ ਆਪਣੇ ਕਾਰੋਬਾਰ ਲਈ ਦਸਤਾਵੇਜ਼ ਜਮ੍ਹਾਂ ਕਰਵਾ ਰਹੇ ਹੋਵੋਂ-ਅਸੀਂ ਤੁਹਾਡੇ ਲਈ ਸੇਵਾਵਾਂ ਤੁਹਾਡੀ ਪਹੁੰਚ ਵਿੱਚ ਲਿਆਉਣੀਆਂ ਚਾਹੁੰਦੇ ਹਾਂ। ਅਸੀਂ ਚਾਹੁੰਦੇ ਹਾਂ ਕਿ ਇਹ ਸੱਭ ਤੁਹਾਡੇ ਲਈ ਹੋਰ ਸੁਖਾਲਾ ਹੋ ਜਾਵੇ।
ਬੈਂਕਿੰਗ ਤੋਂ ਲੈ ਕੇ ਗਰੌਸਰੀ ਤੱਕ, ਕਾਰੋਬਾਰਾਂ ਵੱਲੋਂ ਆਪਣੇ ਗਾਹਕਾਂ




ਦੀਆਂ ਲੋੜਾਂ ਨੂੰ ਆਨਲਾਈਨ ਪੂਰਾ ਕਰਨ ਲਈ ਹਰ ਹੀਲਾ ਵਰਤਿਆ ਜਾ ਰਿਹਾ ਹੈ ਤੇ ਸਰਕਾਰ ਵੀ ਇਸ ਵਿੱਚ ਪਿੱਛੇ ਨਹੀਂ ਰਹਿਣਾ ਚਾਹੁੰਦੀ। ਇਸ ਪਲੈਨ ਨੂੰ "ਓਨਟਾਰੀਓ ਆਨਵਾਰਡਜ਼ : ਓਨਟਾਰੀਓਜ਼ ਕੋਵਿਡ-19 ਐਕਸ਼ਨ ਪਲੈਨ ਫੌਰ ਅ ਪੀਪਲ ਫੋਕਸਡ ਗਵਰਮੈਂਟ" (Ontario Onwards: Ontario's COVID-19 Action Plan for a People-Focused Government) ਤਹਿਤ 30 ਵੱਖ ਵੱਖ ਪ੍ਰੋਜੈਕਟ ਸ਼ੁਰੂ ਕੀਤੇ ਗਏ ਹਨ ਜਿਨ੍ਹਾਂ ਤਹਿਤ ਲੋਕਾਂ ਤੇ ਕਾਰੋਬਾਰਾਂ ਦੇ ਸਰਕਾਰ ਨਾਲ ਰਾਬਤਾ ਕਾਇਮ ਕਰਨ ਦੇ ਮਾਮਲੇ ਵਿੱਚ ਸੁਧਾਰ ਕੀਤਾ ਜਾਵੇਗਾ।
ਇਸ ਪ੍ਰੋਜੈਕਟ ਤਹਿਤ ਹੀ ਸਰਕਾਰ ਵੱਲੋਂ ਸੋਮਵਾਰ ਨੂੰ ਡਿਜੀਟਲ ਵਾਲੈਟ (digital wallet) ਕਾਇਮ ਕਰਨ ਦਾ ਖੁਲਾਸਾ ਕੀਤਾ ਗਿਆ। ਇਸ ਵਿੱਚ ਸਥਾਨਕ ਵਾਸੀਆਂ ਦੇ ਡਰਾਈਵਰ ਲਾਇਸੰਸ ਤੇ ਜਨਮ ਸਰਟੀਫਿਕੇਟ ਸਾਂਭ ਕੇ ਰੱਖੇ ਜਾ ਸਕਣਗੇ। ਫੋਰਡ ਨੇ ਆਖਿਆ ਕਿ ਇਸ ਨਵੀਂ ਤਕਨਾਲੋਜੀ ਨਾਲ ਨਵੀਆਂ ਸੇਵਾਵਾਂ ਆਨਲਾਈਨ ਹਾਸਲ ਕਰਨ ਦੀ ਸਾਰਿਆਂ ਨੂੰ ਖੁੱਲ੍ਹ ਮਿਲ ਜਾਵੇਗੀ ਨਹੀਂ ਤਾਂ ਪਹਿਲਾਂ ਨਿਜੀ ਤੌਰ ਉੱਤੇ ਸਬੰਧਤ ਵਿਅਕਤੀ ਨੂੰ ਪਹੁੰਚ ਕਰਕੇ ਆਪਣੀ ਪਛਾਣ ਜਾਹਰ ਕਰਨੀ ਪੈਂਦੀ ਸੀ।

# ਸਕਾਰਬੌਰੋ ਦੇ ਹਾਈ ਸਕੂਲ ਵਿੱਚ ਐਲਾਨੀ ਗਈ ਕੋਵਿਡ-19 ਆਊਟਬ੍ਰੇਕ

ਸਕਾਰਬੌਰੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਹੈਲਥ ਵੱਲੋਂ ਸਕਾਰੋਬੌਰੋ ਦੇ ਇੱਕ ਸਕੂਲ ਵਿੱਚ ਕੋਵਿਡ-19 ਆਊਟਬ੍ਰੇਕ ਦਾ ਐਲਾਨ ਕੀਤਾ ਗਿਆ ਹੈ।
ਪ੍ਰਾਪਤ ਜਾਣਕਾਰੀ ਅਨੁਸਾਰ ਡੇਵਿਡ ਐਂਡ ਮੈਰੀ ਥੌਮਸਨ ਕਾਲਜੀਏਟ ਇੰਸਟੀਚਿਊਟ ਦੇ ਦੋ ਵਿਦਿਆਰਥੀਆਂ ਤੇ ਇੱਕ ਸਟਾਫ ਮੈਂਬਰ ਦੇ ਪਾਜ਼ੀਟਿਵ ਪਾਏ ਜਾਣ ਤੋਂ ਬਾਅਦ ਦੋ ਗ੍ਰੇਡ 10 ਕਲਾਸਾਂ ਦੇ ਵਿਦਿਆਰਥੀਆਂ ਨੂੰ ਇਸ ਸਮੇਂ ਘਰ ਵਿੱਚ ਸੈਲਫ ਆਈਸੋਲੇਟ ਕਰਨ ਲਈ ਆਖਿਆ ਗਿਆ ਹੈ।
ਮਾਪਿਆਂ ਨੂੰ ਲਿਖੇ ਪੱਤਰ ਵਿੱਚ ਸਕੂਲ ਦੇ ਪ੍ਰਿੰਸੀਪਲ ਵਿਲੀਅਮ ਪਾਪਾਕੌਨਸਟੈਂਟਿਨੋ ਨੇ ਆਖਿਆ ਕਿ ਇਸ ਤਰ੍ਹਾਂ ਆਊਟਬ੍ਰੇਕ ਦੀ ਖਬਰ ਪਰਿਵਾਰਾਂ ਲਈ ਕਾਫੀ ਚਿੰਤਾਜਨਕ ਹੈ। ਪਰ ਅਸੀਂ ਸੱਭ ਨੂੰ ਦੱਸਣਾ




ਚਾਹੁੰਦੇ ਹਾਂ ਕਿ ਸਾਡੇ ਸਕੂਲ ਵੱਲੋਂ ਹਰ ਤਰ੍ਹਾਂ ਦੀ ਅਹਿਤਿਆਤ ਵਰਤੀ ਜਾ ਰਹੀ ਹੈ ਫਿਰ ਭਾਵੇਂ ਖੁਦ ਦਾ ਨਰੀਖਣ ਕਰਨਾ ਹੋਵੇ, ਸਾਫ ਸਫਾਈ ਦਾ ਖਿਆਲ ਰੱਖਣਾ ਹੋਵੇ, ਵਿਦਿਆਰਥੀਆਂ ਤੇ ਸਟਾਫ ਲਈ ਮਾਸਕ ਤੇ ਫੇਸ ਕਵਰਿੰਗ ਨੂੰ ਵੀ ਯਕੀਨੀ ਬਣਾਇਆ ਗਿਆ ਹੈ, ਵੱਧ ਤੋਂ ਵੱਧ ਫਿਜ਼ੀਕਲ ਡਿਸਟੈਂਸਿੰਗ ਰੱਖੀ ਜਾ ਰਹੀ ਹੈ ਅਤੇ ਇਸ ਤੋਂ ਇਲਾਵਾ ਹੱਥਾਂ ਨੂੰ ਸਾਫ ਰੱਖਣ ਲਈ ਹੈਂਡ ਵਾਸ਼ਿੰਗ ਤੇ ਸੈਨੇਟਾਈਜ਼ਰ ਦੀ ਵਰਤੋਂ ਦਾ ਵੀ ਪੂਰਾ ਖਿਆਲ ਰੱਖਿਆ ਜਾ ਰਿਹਾ ਹੈ। ਇਸ ਦੇ ਨਾਲ ਹੀ ਖੰਘਦੇ ਜਾਂ ਛਿੱਕਦੇ ਸਮੇਂ ਆਪਣੀ ਬਾਂਹ ਮੂੰਹ ਅੱਗੇ ਰੱਖਣ ਦੇ ਨਿਯਮ ਦੀ ਵੀ ਪਾਲਣਾ ਕੀਤੀ ਜਾ ਰਹੀ ਹੈ।
ਇਹ ਵੀ ਦੱਸਿਆ ਗਿਆ ਕਿ ਇਸ ਆਊਟਬ੍ਰੇਕ ਦੇ ਬਾਵਜੂਦ ਸਕੂਲ ਖੁੱਲ੍ਹਾ ਰਹੇਗਾ। ਓਨਟਾਰੀਓ ਦੇ ਸਕੂਲਾਂ ਵਿੱਚ ਇਸ ਸਮੇਂ ਕੋਵਿਡ-19 ਦੇ 121 ਨਵੇਂ ਮਾਮਲੇ ਰਿਪੋਰਟ ਕੀਤੇ ਗਏ ਹਨ।

# ਬਿਹਾਰ ਚੋਣਾਂ: ਭਾਜਪਾ ਨੇ ਬਿਹਾਰ ਵਿੱਚ ਕੋਰੋਨਾ ਵੈਕਸੀਨ ਮੁਫ਼ਤ ਦੇਣ ਦਾ ਵਾਅਦਾ ਕੀਤਾ

## * ਕਮਿਸ਼ਨ ਨੂੰ ਭਾਜਪਾ ਦੀ ਸ਼ਿਕਾਇਤ ਜਾ ਪਹੁੰਚੀ

ਪਟਨਾ, 22 ਅਕਤੂਬਰ, (ਪੋਸਟ ਬਿਊਰੋ)- ਬਿਹਾਰ ਵਿਧਾਨ ਸਭਾ ਦੀਆਂ ਚੋਣਾਂ ਲਈ ਅੱਜ ਵੀਰਵਾਰ ਜਾਰੀ ਕੀਤੇ ਭਾਜਪਾ ਦੇ ਚੋਣ ਮਨੋਰਥ ਪੱਤਰ ਵਿਚ ਏਥੇ ਕੋਰੋਨਾ ਵਾਇਰਸ ਦਾ ਮੁਫਤ ਟੀਕਾਕਰਨ ਦਾ ਵਾਅਦਾ ਕਰਨ ਤੋਂਨਵੀਂ ਲੜਾਈ ਸ਼ੁਰੂ ਹੋ ਗਈ ਹੈ। ਵਿਰੋਧੀ ਪਾਰਟੀਆਂ ਨੇ ਭਾਜਪਾ ਉੱਤੇ ਮੌਤ ਦਾ ਡਰ ਦਿਖਾਉਣ ਦਾ ਦੋਸ਼ ਲਾ ਕੇ ਅਲੋਚ-ਨਾ ਕੀਤੀ ਹੈ ਤੇ ਇਹ ਕੇਸਵਿੱਚ ਸਮਾਜ ਸੇਵੀ ਸਾਕੇਤ ਗੋਖਲੇ ਨੇਚੋਣ ਕਮਿਸ਼ਨ ਨੂੰ ਇਸ ਦੀ ਸ਼ਿਕਾਇਤ ਵੀ ਕੀਤੀ ਹੈ।
ਵਰਨਣ ਯੋਗ ਹੈ ਕਿ ਅੱਜ ਵੀਰਵਾਰ ਨੂੰ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਨੇ ਪਟਨਾ ਵਿੱਚ ਭਾਜਪਾ ਵੱਲੋਂ ਇੱਕ ਵਾਅਦਾ ਕੀਤਾ ਹੈ। ਇਹ ਵਾਅਦਾ ਏਦਾਂ ਦੇ 11 ਵਾਅਦਿਆਂਵਿਚੋਂ ਪਹਿਲਾ ਹੈ, ਜਿਸ ਵਿੱਚ ਬਿਹਾਰ ਦੇ ਲੋਕਾਂਲਈ ਮੁਫਤ ਕੋਰੋਨਾ ਟੀਕਾ ਦੀ ਸ਼ੁਰੂਆਤ ਕਹੀ ਗਈ ਹੈ। ਮੰਤਰੀ ਨੇ ਕਿਹਾ ਹੈ ਕਿ ਜਦੋਂ ਭਾਰਤ ਵਿੱਚ ਇੰਡੀਅਨ ਕੌਂਸਲ ਆਫ ਮੈਡੀਸਨ ਐਂਡ ਰਿਸਰਚ (ਆਈਸੀਐਮ ਆਰ) ਦੀਮਨਜ਼ੂਰੀ ਮਿਲਦੀ ਹੈ ਤਾਂ ਬਿਹਾਰ ਦੇ ਸਾਰੇ ਲੋਕਾਂ ਨੂੰ ਕੋਰੋਨਾ ਦਾ ਟੀਕਾ ਮੁਫਤ ਦਿੱਤਾ ਜਾਵੇਗਾ। ਇਸ ਵਾਅਦੇ ਨੂੰ ਚੋਣ ਜ਼ਾਬਤੇ ਦੀ ਉਲੰਘਣਾ ਕਿਹਾ ਜਾ ਰਿਹਾ ਹੈ।
ਸਮਾਜ ਸੇਵੀ ਕਾਰਕੁਨ ਸਾਕੇਤ ਗੋਖਲੇ ਨੇ ਇਸ ਦੀ ਚੋਣ ਕਮਿਸ਼ਨ ਨੂੰ ਸ਼ਿਕਾਇਤ ਕੀਤੀ ਹੈ ਕਿ ਭਾਜਪਾ ਨੇ ਮੁਫਤ ਟੀਕੇ ਲਾਉਣ ਦਾ ਦਾਅਵਾ ਚੋਣਾਂ ਦੌਰਾਨ ਕਰ ਕੇ ਕੇਂਦਰ ਸਰਕਾਰ ਦੀਆਂ ਸ਼ਕਤੀਆਂ ਦੀ ਦੁਰਵਰਤੋਂ ਕੀਤੀ ਹੈ। ਉਨ੍ਹਾਂ ਕਿਹਾ ਹੈ ਕਿ ਇਹ ਕਿਸੇ ਪਾਰਟੀ ਨੇਤਾ ਵੱਲੋਂਨਹੀਂ, ਕੇਂਦਰੀ ਵਿੱਤ ਮੰਤਰੀ ਨਿਰਮਲਾ ਸੀਤਾਰਮਨ ਵੱਲੋਂ ਕੀਤਾ ਗਿਆ ਐਲਾਨ ਹੈ। ਅਜੇ ਤੱਕ ਕੇਂਦਰ ਸਰਕਾਰ ਨੇ ਕੋਰੋਨਾ ਟੀਕੇ ਦੇ ਪੈਮਾਨੇ ਬਾਰੇ ਕਿਸੇ ਅਧਿਕਾਰਤ ਨੀਤੀ ਦਾ ਐਲਾਨ ਨਹੀਂ ਕੀਤਾ।

# ਬੈਂਕ ਡਕੈਤੀਆਂ ਕਰਨ ਵਾਲੇ ਗਰੋਹ ਦੇ ਤਿੰਨ ਗੁੰਡੇ ਕਾਬੂ

ਹੁਸ਼ਿਆਰਪੁਰ, 22 ਅਕਤੂਬਰ (ਪੋਸਟ ਬਿਊਰੋ)- ਜ਼ਿਲਾ ਹੁਸ਼ਿਆਰਪੁਰ ਦੀ ਪੁਲਸ ਨੇ ਦਿਨ-ਦਿਹਾੜੇ ਬੈਂਕਾਂ ਵਿੱਚੋਂ ਲੱਖਾਂ ਰੁਪਏ ਦੀ ਨਕਦੀ ਲੁੱਟਣ ਵਾਲੇ ਗਰੋਹ ਦੇ ਤਿੰਨ ਬੰਦਿਆਂ ਨੂੰ ਫੜ ਕੇ ਉਨ੍ਹਾਂ ਤੋਂ ਭਾਰੀ ਮਾਤਰਾ ਵਿੱਚ ਹਥਿਆਰ, ਨਕਦੀ ਤੇ ਹੋਰ ਸਾਮਾਨ ਬਰਾਮਦ ਕੀਤਾ ਹੈ। ਗ੍ਰਿਫ਼ਤਾਰ ਦੋਸ਼ੀਆਂ ਨੇਭੈਣੀ ਮੀਆਂ ਖਾਂ ਜ਼ਿਲ੍ਹਾ ਗੁਰਦਾਸਪੁਰ ਵਿੱਚ ਬੈਂਕ ਲੁੱਟਣ ਦੀ ਰੇਕੀ ਕੀਤੀ ਸੀ ਤੇ ਲੁੱਟ ਕਰਨ ਦੀ ਤਿਆਰੀ ਸਨ, ਜਦੋਂ ਉਹ ਕਾਬੂ ਆ ਗਏ। ਇਸ ਸਬੰਧੀ ਜ਼ਿਲ੍ਹਾ ਪੁਲਸ ਮੁਖੀ ਨਵਜੋਤ ਸਿੰਘ ਮਾਹਲ ਨੇ ਦੱਸਿਆ ਕਿ ਜ਼ਿਲ੍ਹੇ ਵਿੱਚ ਹੋਈਆਂ ਬੈਂਕ ਡਕੈਤੀਆਂ ਨੂੰ ਹੱਲ ਕਰਨ ਲਈ ਰਵਿੰਦਰਪਾਲ ਸਿੰਘ ਸੰਧੂ ਐਸ ਪੀ (ਜਾਂਚ) ਦੀ ਅਗਵਾਈ ’ਚ ਏਥੇ ਪੁਲਸ ਦੀਆਂ 6 ਵਿਸ਼ੇਸ਼ ਟੀਮਾਂ ਬਣਾਈਆਂ ਗਈਆਂ ਸਨ।ਇਨ੍ਹਾਂ ਟੀਮਾਂ ਨੇ ਤਿੰਨ ਦੋਸ਼ੀਆਂ ਨੂੰ ਕਾਬੂ ਕੀਤਾ ਹੈ। ਪੁਲਸ ਨੇ ਗ੍ਰਿਫ਼ਤਾਰ ਦੋਸ਼ੀਆਂ ਦੀ ਪਹਿਚਾਣ ਸੁਨੀਲ ਦੱਤ ਉਰਫ਼ ਸੰਨੀ ਪੁੱਤਰ ਬਲਦੇਵ ਦੱਤ ਵਾਸੀ ਘੁਗਿਆਲ, ਸੁਖਵਿੰਦਰ ਸਿੰਘ ਉਰਫ਼ ਸੁੱਖਾ ਪੁੱਤਰ ਸੋਹਣ ਸਿੰਘ, ਬਲਵਿੰਦਰ ਸਿੰਘ ਉਰਫ਼ ਸੋਨੂੰ ਪੁੱਤਰ ਸਵਰਨ ਸਿੰਘ ਵਾਸੀ ਕੋਠੇ ਪ੍ਰੇਮਨਗਰ ਹਰਿਆਣਾ ਵਜੋਂ ਦੱਸੀ ਹੈ। ਇਨ੍ਹਾਂ ਨੂੰ ਪੁਲਸ ਦੀ ਟੀਮ ਨੇ ਬੀਤੀ ਰਾਤ ਕਰੀਬ 11 ਵਜੇ ਪਿੰਡ ਖਾਖਲੀ ਥਾਣਾ ਹਰਿਆਣਾ ਤੋਂ ਗ਼੍ਰਿਫ਼ਤਾਰ ਕੀਤਾ ਸੀ। ਗ੍ਰਿਫ਼ਤਾਰ ਕੀਤੇ ਗਏ ਦੋਸ਼ੀਆਂ ਤੋਂ ਤਿੰਨ ਦੇਸੀ ਪਿਸਤੌਲ 315 ਬੋਰ, 8 ਜ਼ਿੰਦਾ ਕਾਰਤੂਸ ਤੇ 30 ਹਜ਼ਾਰ ਰੁਪਏ ਦੀ ਨਕਦੀ ਮਿਲੀ ਹੈ। ਮਾਹਲ ਨੇ ਦੱਸਿਆ ਕਿ ਮੁੱਢਲੀ ਪੁੱਛਗਿੱਛ ਵਿੱਚ ਦੋਸ਼ੀਆਂ ਨੇ ਮੰਨਿਆ ਕਿ ਉਨ੍ਹਾਂ ਨੇ ਇੰਡੀਅਨ ਓਵਰਸੀਜ਼ ਬੈਂਕ ਗਿਲਜੀਆਂ ਤੋਂ 10 ਲੱਖ 80 ਹਜ਼ਾਰ ਰੁਪਏ ਅਤੇ ਪੰਜਾਬ ਐਂਡ ਸਿੰਧ ਬੈਂਕ ਭਾਗੋਵਾਲ ਤੋਂ 5 ਲੱਖ 69 ਹਜ਼ਾਰ 696 ਰੁਪਏ, ਯੂਕੋ ਬੈਂਕ ਕਾਲਰਾ ਤੋਂ 5.97 ਲੱਖ ਰੁਪਏ ਲੁੱਟੇ ਸਨ। ਕਾਲਰਾ ਬੈਂਕ ਡਕੈਤੀ ਦੌਰਾਨ ਦੋਸ਼ੀਆਂ ਨੇ ਬੈਂਕ ਦੇ ਸੁਰੱਖਿਆ ਗਾਰਡ ਦੀ ਹੱਤਿਆ ਕਰਨ ਪਿੱਛੋਂ ਉਸ ਦੀ ਖੋਹੀ ਦੋਨਾਲੀ ਅਤੇ ਪੰਜ ਕਾਰਤੂਸ ਵੀ ਮਿਲ ਗਏ ਹਨ। ਗਿਰੋਹ ਦੇ ਦੋ ਦੋਸ਼ੀ ਸਤਪਾਲ ਸਿੰਘ ਉਰਫ਼ ਸੱਤਾ ਪੁੱਤਰ ਤਰਸੇਮ ਲਾਲ ਵਾਸੀ ਹਰਿਆਣਾ ਤੇ ਗੁਰਵਿੰਦਰ ਸਿੰਘ ਉਰਫ਼ ਗਿੰਦਾ ਪੁੱਤਰ ਮਨਜੀਤ ਸਿੰਘ ਵਾਸੀ ਲੁਡਿਆਣੀ ਥਾਣਾ ਦਸੂਹਾ ਅਜੇ ਫ਼ਰਾਰ ਹਨ। ਗ੍ਰਿਫ਼ਤਾਰ ਕੀਤੇ ਦੋਸ਼ੀ ਅਪਰਾਧਕ ਪਿਛੋਕੜ ਵਾਲੇ ਹਨ ਤੇ ਇਨ੍ਹਾਂ ਦੇ ਖ਼ਿਲਾਫ਼ ਪਹਿਲਾਂ ਵੀ ਵੱਖ-ਵੱਖ ਥਾਣਿਆਂ ’ਚ ਕੇਸ ਦਰਜ ਹਨ। ਉਨ੍ਹਾਂ ਦੱਸਿਆ ਕਿ ਬੈਂਕ ਡਕੈਤੀ ਗਿਲਜੀਆਂ, ਭਾਗੋਵਾਲ ਅਤੇ ਕਾਲਰਾ ਵਿੱਚ ਵਾਰਦਾਤ ਦੌਰਾਨ ਵਰਤੇ ਗਏ ਮੋਟਰ ਸਾਈਕਲ, ਇੱਕ ਸਕੂਟਰੀ ਵੀ ਬਰਾਮਦ ਹੋਈ ਹੈ।

# ਸੁਖਬੀਰ ਸਿੰਘ ਬਾਦਲ ਨੇ ਕੈਪਟਨ ਅਮਰਿੰਦਰ ਸਰਕਾਰ ਦੇ ਵਿਸ਼ੇਸ਼ ਸੈਸ਼ਨ ਨੂੰ ਡਰਾਮਾ ਦੱਸਿਆ

ਚੰਡੀਗੜ੍ਹ, 22 ਅਕਤੂਬਰ, (ਪੋਸਟ ਬਿਊਰੋ)- ਕੈਪਟਨ ਅਮਰਿੰਦਰ ਸਿੰਘ ਦੀ ਅਗਵਾਈ ਹੇਠਲੀ ਪੰਜਾਬ ਸਰਕਾਰ ਵੱਲੋਂ ਸੱਦੇ ਗਏ ਤਿੰਨ ਦਿਨਾਂ ਦੇ ਸਪੈਸ਼ਲ ਸੈਸ਼ਨ ਨੂੰ ਸ਼੍ਰੋਮਣੀ ਅਕਾਲੀ ਦਲ ਨੇ ਡਰਾਮਾ ਆਖਿਆ ਹੈ। ਇਸ ਦੇ ਨਾਲ ਅਕਾਲੀ ਦਲ ਨੇ ਕਾਂਗਰਸ ਦੇ ਚੋਣ ਮੈਨੀਫੈਸਟੋ ਉੱਤੇ ਵੀ ਕਈ ਕਿਸਮ ਦੇ ਸਵਾਲ ਚੁੱਕੇ ਹਨ।
ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਅੱਜ ਚੰਡੀਗੜ੍ਹ ਵਿਖੇ ਕੋਰ ਕਮੇਟੀ ਦੀ ਮੀਟਿੰਗ ਮਗਰੋਂ ਪ੍ਰੈੱਸ ਕਾਨਫਰੰਸ ਕੀਤੀ, ਜਿਸ ਵਿੱਚ ਉਨ੍ਹਾਂਕਿਹਾ ਕਿ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਫਿਰ ਲੋਕਾਂ ਨਾਲ ਧੋਖਾ ਕੀਤਾ ਹੈ। ਉਨ੍ਹਾਂ ਦੋਸ਼ ਲਾਇਆ ਕਿ ਸਾਨੂੰ ਵਿਖਾਏ ਬਿਨਾਂ ਤੇ ਬਹਿਸ ਦੇ ਬਿਨਾਂ ਬਿੱਲ ਪਾਸ ਕਰਵਾਏ ਗਏ ਹਨ। ਛੋਟੇ ਬਾਦਲ ਨੇ ਕਿਹਾ ਕਿ ਕੈਪਟਨ ਅਮਰਿੰਦਰ ਸਿੰਘ ਨੇ ਪੂਰੇ ਪੰਜਾਬ ਨੂੰ ਮੰਡੀਨਹੀਂ ਐਲਾਨਿਆ। ਉਨ੍ਹਾਂ ਦੋਸ਼ ਲਾਇਆ ਕਿ ਪਾਸ ਕੀਤੇ ਬਿੱਲਾਂਵਿੱਚਘੱਟੋ-ਘੱਟ ਖਰੀਦ ਕੀਮਤ ਐੱਮ ਅੱਸ ਪੀ ਯਕੀਨੀ ਨਹੀਂ ਬਣਾਈ ਗਈ ਅਤੇ ਨਾ ਕੇਂਦਰ



ਦੇ ਕਾਨੂੰਨ ਰੱਦ ਕੀਤੇ ਹਨ। ਉਨ੍ਹਾਂ ਕਿਹਾ ਕਿ ਐੱਮ ਐੱਸ ਪੀ ਉੱਤੇ ਝੋਨਾ ਤੇ ਕਣਕ ਤੋਂ ਇਲਾਵਾ ਕਿਸੇ ਵੀ ਫਸਲ ਦੇ ਖਰੀਦ ਦਾ ਜ਼ਿਕਰ ਨਹੀਂ ਕੀਤਾ ਗਿਆ।
ਇਸ ਮੌਕੇ ਸੁਖਬੀਰ ਸਿੰਘ ਬਾਦਲ ਨੇ ਕੇਂਦਰ ਦੀ ਭਾਜਪਾ ਸਰਕਾਰ ਬਾਰੇ ਕਿਹਾ ਕਿ ਪੰਜਾਬ ਦੀ ਕੈਪਟਨ ਸਰਕਾਰ ਤੇ ਭਾਜਪਾ ਦੀ ਮਿਲੀਭੁਗਤ ਹੈ ਤੇ ਦੋਵੇਂ ਧਿਰਾਂ ਇਕੱਠੀਆਂ ਹੋ ਚੁੱਕੀਆਂ ਹਨ। ਉਨ੍ਹਾਂ ਕਿਹਾ ਕਿ ਪੰਜਾਬ ਅਸੈਂਬਲੀ ਵਿੱਚ ਬਿੱਲ ਲਿਆ ਕੇ ਕੈਪਟਨ ਅਮਰਿੰਦਰ ਸਿੰਘ ਨੇ ਸਿਰਫ ਡਰਾਮਾ ਕੀਤਾ ਹੈ, ਉਨ੍ਹਾਂ ਨੇ ਕਿਹਾ ਕੁਝ ਤੇ ਕੀਤਾ ਕੁਝ, ਕਿਉਂਕਿ ਕੈਪਟਨ ਅਮਰਿੰਦਰ ਸਿੰਘ ਦੇ ਮਨ ਖੋਟ ਤੇ ਬੇਈਮਾਨੀ ਸੀ। ਉਨ੍ਹਾਂ ਕਿਹਾ ਕਿ ਅਸੀਂ ਕਿਹਾ ਕਿ ਸਾਨੂੰ ਪਹਿਲਾਂ ਐਕਟ ਵਿਖਾਇਆ ਜਾਵੇ ਤਾਂਕਿ ਜੋ ਕਮੀਆਂ ਹੋਣ ਤਾਂ ਅਸੀਂਸਦਨ ਵਿੱਚ ਦੱਸ ਸਕੀਏ, ਪਰ ਉਨ੍ਹਾਂ ਨੇ ਬਿਨਾਂ ਵਿਖਾਏ ਪਾਸ ਕਰਵਾ ਦਿੱਤੇ ਹਨ। ਉਨ੍ਹਾਂ ਕਿਹਾ ਕਿ ਸਾਨੂੰ ਲੱਗਦਾ ਹੈ ਕਿ ਕੈਪਟਨ ਅਮਰਿੰਦਰ ਸਿੰਘ ਨੇ ਇਹ ਕਾਨੂੰਨ ਕੈਬਨਿਟ ਵਿੱਚ ਵੀ ਨਹੀਂ ਲਿਆਂਦੇ।
ਸਾਬਕਾ ਡਿਪਟੀ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਅਕਾਲੀ ਦਲ ਕਿਸਾਨਾਂ ਤੇ ਗਰੀਬਾਂ ਦੇ ਵਾਸਤੇ ਹਮੇਸ਼ਾ ਲੜਦਾ ਰਿਹਾ ਹੈ ਤੇ ਕਿਸਾਨਾਂ ਦੇ ਹੱਕਾਂ ਲਈ ਹਰਸਿਮਰਤ ਕੌਰ ਬਾਦਲ ਨੇ ਕੇਂਦਰੀ ਮੰਤਰੀ ਤੋਂ ਵਜ਼ੀਫਾ ਦਿੱਤਾ ਅਤੇ ਅਕਾਲੀ ਦਲ ਨੇ ਐੱਨ ਡੀ ਏ ਨਾਲ ਆਪਣਾ 34 ਸਾਲ ਪੁਰਾਣਾ ਰਿਸ਼ਤਾ ਤੋੜਿਆ ਹੈ। ਉਨ੍ਹਾਂ ਕਿਹਾ ਕਿ ਸਾਨੂੰ ਕਿਸਾਨ ਅਤੇ ਪੰਜਾਬ ਪਿਆਰਾ ਹੈ। ਪਿਛਲੇ ਕਾਫ਼ੀ ਸਮੇਂ ਤੋਂ ਕਿਸਾਨ ਜਥੇਬੰਦੀਆਂ ਸੰਘਰਸ਼ ਕਰ ਰਹੀਆਂ ਹਨ ਤੇ ਕਈ ਕਿਸਾਨ ਵੀਰਾਂ ਨੇ ਇਸ ਦੌਰਾਨ ਜਾਨਾਂ ਵੀ ਦੇ ਦਿੱਤੀਆਂ ਹਨ। ਉਨ੍ਹਾਂ ਦੀ ਮੰਗ ਹੈ ਕਿ ਕੇਂਦਰ ਵੱਲੋਂ ਪਾਸ ਕੀਤੇ ਤਿੰਨੇ ਬਿੱਲ ਰੱਦ ਕੀਤੇ ਜਾਣ।




Paramjit Deol
Broker
CELL: 416-993-7378
7071 Airport Rd, Suit 201, Mississauga, ON

1. For top dollars, fast sale, Call Paramjit Deol
2 .New listings urgently needed in your area.
3. Qualified buyers waiting!!
4. Sell your Property in 60 days guaranteed.
5. Low commission packages available

Century 21 Leading Edge Realty Ltd Brokerage* Independently Owned and Operated
Tel:905-405-8484
www.paramjitdeol.com
Email: pdeol3@yahoo.ca



"Your neighborhood broker, Call Paramjit Deol Today"

**Mississauga $749,000**
7089 Torbram Rd: Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations. Thousands Spent On Upgrades.

**Vaughan $499,000**
3210 Highway 7 Rd 5511: Location, Location! Spacious Layout With Large Balcony Condo For Sale, High Floor. A Place To Live, Work, Sleep & Play. Minutes To Highway 400,401, 407 & Walking Distance To Transit & Subway.

**Kitchener $599,000**
Westmount/Blockline Rd: Fabulous Detached Home In Kitchener, 3+1 Bedroom In-Law Suite Finished Bsmt W/Separate Entrance, This Home Offers Great Size Living & Dining Area, Family Size Kitchen W/Breakfast Area, 3 Generous Size Br, Gleaming Wood Floors Throughout The Home.

**Brampton $699,000**
39 Shiff Cres: This Is Your Chance 3+1 Bedrooms 3 Storey Townhouse Corner End Unit Feels Like A Semi, Lots Of Sunlight, Double Door Entry. Open Concept, 9Ft Ceiling, Bedroom On Main Floor Back Door Entry Through Backyard,Entrance Garage From Inside.

**MISSISSAUGA $299,000**
Photo Not Available
7885 Tranmere Dr:Turn Key Operation, Banquet Hall/ Restaurant Business For Sale, Located In Desirable Area W/ High Density Of Industrial & Commercial Business. Full Size Commercial Kitchen, Thousands Spent On Upgrades. Newer Floors, Bar, Equipment. Very Low rent.

**Mississisauga $749,000**
7089 Torbram Rd : Well Established Banquet Hall Business For Sale Over 20 Years In Business, One Of Kind And Hall In High Demand Area Close To The Airport Ideal For Wedding Reception, Anniversary, Birthday Celebrations, Corporate Events & Much More.

**Blandford $349,000**
Photo Not Available
23 Wilmot St: Sale Of Business With Property Gas Stations in Blandford-Blenheim Oxford area. For more information Call Paramjit Deol at 905-405-8484.

**Oshawa $659,000**
Photo Not Available
Simcoe St/Highway 407: Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To all amenities.

**Brampton $1,900,000**
Photo Not Available
115 Orenda Dr: Well Established Business For Sale!! Truck & Trailer Repair Shop, Many Year In Business, Great Reputable Clientele, 8 Drive Indoors, Shop Can Hold Up To 10 Trucks At A Time, Approx 15,000 Sqft, Sales Are $1.5 Million Per Year As Per Seller. Huge Parking Lot That Holds Up To 35 Trucks,Very Low Rent,Tons Of Inventory.

**Brampton $749,000**
Mississauga Rd/Sandalwood Pkwy : 3 Bedroom Townhouse End Unit With Finished Walk Out Basement For Sale. Fully Upgraded Home. 9 Ft Ceiling At Main Level. Hardwood Stairs. Granite Counter Top In Main Kitchen. Upgraded Washrooms. Hardwood On The Main Floor. Lots Of Natural Sun Lights.

**Barrie $769,000**
Ferndale & Edgehill :Fully Upgraded Top To Bottom Duplex Over $150,000 Spent On Upgrades With 1st Unit Rental For $2600 & Bottom Unit $1800 Seprate Utility Meters For Each Unit,13 Feet High Ceiling In Dining Room Situated On A Ravine Backing With An Extra Deep Lot.

**Oshawa $659,000**
Photo Not Available
150 Windfields Farm Dr 86:Fantastic Opportunity To Own In The Highly Sought After Tribute In The Stunning Windfields Community! Approx. 2000 Sqft, 3 Bed + 3 Bath Corner Unit, Fully Upgraded, Walking Distance To The New Riocan Shopping Centre! Close To 407...

**Brampton $789,000**
124 Cornwall Rd: Move In Ready Designer Concept,Totally Renovated From Top To Bottom On A Prime 50 Foot Lot With Huge Backyard In A Quiet Mature Neighborhood. This Home Must Be Seen To Appreciate The Quality /Design /Layout & Level Of Finishes. Close To All Amenities.

**Toronto $959,500**
Queen St/Logan Ave: Brand New Condo Apartment, 1 Bedroom + Den, 9 Ft Ceiling, Plenty Of Natural Light Approx 784 Sq Ft. **Location, Location 24 Hrs Street Car At Your Door, Nearby Restaurants, Cafes, Shops & All Amenities Don't Miss This Opportunity **** Tenant Willing To Stay Or Vacate.

**New Tecumseth $978,888**
King St/Industry: Home With Custom Design Changes, Butlers Pantry, Main Floor Laundry And Added Square Footage! 9' +/- Main Floor Ceilings, Undermount Kitchen Sink, Wall Mount Pot Filler, Entrance To Garage From Home, Hardwood Flooring, Jack And Jill (4Pc Twin Bath) For Bedroom 3 And 4.

**Mississauga $715,000**
Derry And Mclaughlin:One Of The Best Investment For 1st-Time Buyers/Investors In Mississauga! Monthly Rent 2500 +.Well Appreciated During Recent Years. Finished Basement.

*Canadian punjabi post assumes no responsibility for the accuracy of any information shown. Copyright Ppost 2019

## ਅੱਜ ਨਾਮਾ

ਚੌਕਸੀ ਬਹੁਤ ਸਰਕਾਰ ਪੰਜਾਬ ਕਹਿੰਦੀ,
ਤਸਕਰੀ ਅਜੇ ਵੀ ਨਿੱਤ ਹੈ ਹੋਈ ਜਾਂਦੀ।
ਆਉਂਦੀ ਬੱਝੀ ਟਰੱਕਾਂ ਦੀ ਡਾਰ ਰਹਿੰਦੀ,
ਝੋਨਾ ਯੂ ਪੀ ਦਾ ਏਧਰ ਵੱਲ ਢੋਈ ਜਾਂਦੀ।
ਧਰਨੇ ਸੜਕਾਂ ’ਤੇ ਲਾਈ ਕਿਰਸਾਨ ਬੈਠੇ,
ਚੱਲਦੀ ਚੋਰੀ ਨਹੀਂ ਅੱਜ ਲੁਕੋਈ ਜਾਂਦੀ।
ਆਗੂ, ਅਫਸਰ ਤੇ ਚੋਰ ਆ ਰਲੇ ਫਿਰਦੇ,
ਹਰ ਥਾਂ ਸ਼ਰਮ ਦੀ ਲਾਹੀ ਹੈ ਲੋਈ ਜਾਂਦੀ।
ਜਦ ਤੱਕ ਚੋਰਾਂ ਦੇ ਨਾਲ ਆ ਰਲੀ ਕੁੱਤੀ,
ਸਕਦਾ ਚੋਰੀ ਨੂੰ ਕੋਈ ਵੀ ਰੋਕ ਨਹੀਂਓਂ।
ਜਿਹੜੇ ਪਾਸੇ ਵੀ ਵੇਖ ਲਓ ਮਾਰ ਝਾਤੀ,
ਖਹਿੜਾ ਛੱਡਦੀ ਕਿਤੇ ਵੀ ਜੋਕ ਨਹੀਂਓਂ।

**ਤੀਸ ਮਾਰ ਖਾਂ**

# ਪੰਜਾਬ ਵਾਂਗ ਮਹਾਰਾਸ਼ਟਰ ਸਰਕਾਰ ਨੇ ਵੀ ਕੇਂਦਰ ਦੇ ਖਿਲਾਫ਼ ਵੱਡਾ ਕਦਮ ਚੁਕਿਆ

### * ਸੀ ਬੀ ਆਈ ਨੂੰ ਜਾਂਚ ਲਈ ਰਾਜ ਸਰਕਾਰ ਦੀ ਮਨਜ਼ੂਰੀ ਲੈਣੀ ਪਵੇਗੀ

ਚੰਡੀਗੜ੍ਹ, 22 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਕੇਂਦਰ ਸਰਕਾਰ ਦੀਆਂ ਅਪਣੀ ਮਰਜ਼ੀ ਪੁਗਾਉਣ ਵਾਲੀਆਂ ਨੀਤੀਆਂ ਦੇ ਖਿਲਾਫ਼ ਵੱਖ-ਵੱਖ ਰਾਜ ਸਰਕਾਰਾਂ ਉੱਠਣ ਲੱਗ ਪਈਆਂ ਹਨ। ਕੇਂਦਰ ਸਰਕਾਰ ਦੇ ਖੇਤੀ ਕਾਨੂੰਨਾਂ ਨੂੰ ਬੇਅਸਰ ਕਰਨ ਲਈ ਪੰਜਾਬ ਵਿਧਾਨ ਸਭਾ ਵਲੋਂ ਪਾਸ ਕੀਤੇ ਗਏ ਖੇਤੀ ਬਿੱਲਾਂ ਤੋਂ ਬਾਅਦ ਰਾਜਸਥਾਨ ਅਤੇ ਕਈ ਹੋਰ ਰਾਜ ਏਸੇ ਤਰ੍ਹਾਂਦੇ ਕਦਮ ਚੁੱਕਣ ਦੇ ਲਈ ਤਿਆਰ ਹੋਣ ਲੱਗੇ ਹਨ। ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਵੀ ਕੇਂਦਰ ਦੀਆਂ ਨੀਤੀਆਂ ਦੇ ਖਿਲਾਫ਼ ਆਵਾਜ਼ ਉਠਾ ਰਹੀ ਹੈ। ਇਸੇ ਦੌਰਾਨ ਮਹਾਰਾਸ਼ਟਰ ਦੀ ਊਧਵ ਠਾਕਰੇ ਸਰਕਾਰ ਨੇ ਕੇਂਦਰ ਦੀ ਜਾਂਚ ਏਜੰਸੀ ਸੀ ਬੀ ਆਈ ਦੇ ਮਾਮਲੇ ਵਿੱਚ ਕਾਰਵਾਈ ਦਾ ਮੁੱਢ ਬੰਨ੍ਹ ਦਿੱਤਾ ਹੈ।



ਮਹਾਰਾਸ਼ਟਰ ਸਰਕਾਰ ਦੇ ਗ੍ਰਹਿ ਮੰਤਰਾਲੇ ਨੇ ਅੱਜ ਸਰਕੂਲਰ ਜਾਰੀ ਕਰ ਕੇ ਇਕ ਨਿਯਮ ਅਧੀਨ ਕੇਂਦਰੀ ਜਾਂਚ ਏਜੰਸੀ ਸੀਬੀਆਈ ਨੂੰ ਮਹਾਰਾਸ਼ਟਰ ਵਿੱਚ ਦਿਤੀ ਗਈ ਜਾਂਚ ਕਰਨ ਦੀ ਆਮ ਪ੍ਰਵਾਨਗੀ ਵਾਪਸ ਲੈ ਲਈ ਹੈ। ਅੱਗੇ ਤੋਂ ਸੀਬੀਆਈ ਨੂੰ ਇਸ ਰਾਜ ਵਿਚ ਕਿਸੇ ਵੀ ਕੇਸ ਦੀ ਜਾਂਚ ਕਰਨ ਤੋਂ ਪਹਿਲਾਂ ਰਾਜ ਸਰਕਾਰ ਤੋਂ ਵਿਸ਼ੇਸ਼ ਇਜਾਜ਼ਤ ਲੈਣੀ ਪਵੇਗੀ। ਮਹਾਂਰਾਸ਼ਟਰ ਸਰਕਾਰ ਨੇ ਇਹ ਕਦਮ ਕੇਂਦਰ ਦੀ ਉਸ ਸੋਚ ਨੂੰ ਭਾਂਪ ਕੇ ਚੁੱਕਿਆ ਹੈ, ਜਿਸ ਹੇਠ ਕੇਂਦਰ ਸਰਕਾਰ ਮਹਾਰਾਸ਼ਟਰ ਵਿੱਚ ਚੱਲਦੀ ਗਠਜੋੜ ਸਰਕਾਰ ਦੇ ਆਗੂਆਂ ਨੂੰ ਪ੍ਰੇਸ਼ਾਨ ਕਰਨ ਲਈ ਸੀਬੀਆਈ ਦੀ ਵਰਤੋਂਕਰ ਸਕਦੀ ਸੀ।

ਵਰਨਣ ਯੋਗ ਹੈ ਕਿ ਮਹਾਰਾਸ਼ਟਰ ਸਰਕਾਰ ਨੇ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦਾ ਕੇਸ ਸੀਬੀਆਈ ਨੂੰ ਦੇਣ ਦਾ ਵਿਰੋਧ ਕੀਤਾ ਸੀ। ਇਸ ਪਿੱਛੋਂਜਦੋਂ ਮੁੰਬਈ ਪੁਲਿਸ ਨੇ ਮੀਡੀਆ ਚੈਨਲਾਂ ਦੇ ਟੀਆਰਪੀ ਘੁਟਾਲੇ ਬਾਰੇ ਜਾਂਚ ਸ਼ੁਰੂ ਕੀਤੀ ਤਾਂ ਸੀਬੀਆਈ ਨੇ ਜਾਂਚ ਸ਼ੁਰੂ ਕਰ ਦਿੱਤੀ ਸੀ। ਉੱਤਰ ਪ੍ਰਦੇਸ਼ ਪੁਲਿਸ ਨੇ ਇਕ ਐਡ ਏਜੰਸੀ ਚਲਾਉਂਦੇ ਵਿਅਕਤੀ ਦੀ ਸ਼ਿਕਾਇਤ ਉੱਤੇ ਟੀ ਆਰ ਪੀ ਘੁਟਾਲੇ ਦੀ ਇਕ ਹੋਰ ਸ਼ਿਕਾਇਤ ਦਰਜ ਕਰਨ ਪਿੱਛੋਂ ਯੂ ਪੀ ਸਰਕਾਰ ਨੇ ਇਹ ਕੇਸ ਸੀਬੀਆਈ ਨੂੰ ਦੇ ਦਿਤਾ ਸੀ, ਜਿਹੜਾ ਅਸਲ ਵਿੱਚ ਮੁੰਬਈ ਪੁਲਸ ਦੇ ਕੰਮ ਵਿੱਚ ਦਖਲ ਦਾ ਯਤਨ ਕਿਹਾ ਜਾ ਰਿਹਾ ਸੀ।ਇਸ ਉੱਤੇ ਸਵਾਲ ਕਰਦਿਆਂ ਮਹਾਰਾਸ਼ਟਰ ਸਰਕਾਰ ਨੇ ਕਿਹਾ ਕਿ ਜਦੋਂ ਮੁੰਬਈ ਪੁਲਿਸ ਟੀਆਰ ਪੀ ਘੁਟਾਲੇ ਦੀ ਜਾਂਚ ਕਰ ਰਹੀ ਸੀ ਤਾਂ ਯੂ ਪੀ ਪੁਲਿਸ ਨੂੰ ਕੇਸ ਦਰਜ ਕਰਨ ਅਤੇ ਸੀਬੀਆਈ ਦੇ ਹਵਾਲੇ ਕਰਨ ਦੀ ਕੀ ਲੋੜ ਪੈ ਗਈ ਸੀ?

ਸਮਝਿਆ ਜਾਂਦਾ ਹੈ ਕਿ ਮਹਾਰਾਸ਼ਟਰ ਵਿੱਚ ਊਧਵ ਠਾਕਰੇ ਦੀ ਅਗਵਾਈ ਹੇਠ ਭਾਜਪਾ ਵਿਰੋਧਸਰਕਾਰ ਦੇ ਬਣਨ ਵੇਲੇਤੋਂ ਹੀ ਭਾਜਪਾ ਇਸ ਸਰਕਾਰ ਨੂੰ ਅਸਥਿਰ ਕਰਨ ਲਈ ਤਰਲੋਮੱਛੀ ਹੋ ਰਹੀ ਹੈ। ਭਾਜਪਾ ਦੀ ਨੀਤ ਭਾਂਪ ਕੇ ਠਾਕਰੇ ਸਰਕਾਰ ਨੇ ਸੀਬੀਆਈ ਦੇ ਪਰ ਕੁਤਰਨ ਦਾ ਫ਼ੈਸਲਾ ਲਿਆ ਹੈ।ਸ਼ਿਵ ਸੈਨਾ ਪਾਰਲੀਮੈਂਟ ਮੈਂਬਰ ਸੰਜੇ ਰਾਉਤ ਦੇ ਦੱਸਣ ਮੁਤਾਬਕ ਜਿੱਥੇਕਿਤੇ ਵੀ ਭਾਜਪਾ ਦੀ ਸਰਕਾਰ ਨਹੀਂ, ਓਥੇ ਸੀ ਬੀ ਆਈ ਦੀ ਗ਼ਲਤ ਵਰਤੋਂ ਹੁੰਦੀ ਹੈ ਤੇ ਜੇ ਇਹ ਏਜੰਸੀ ਆਪਣਾ ਹੱਦ ਵਿੱਚ ਰਹਿੰਦੀ ਤਾਂ ਮਹਾਰਾਸ਼ਟਰ ਸਰਕਾਰ ਨੂੰ ਅਜਿਹਾ ਫ਼ੈਸਲਾ ਕਦੀ ਨਹੀਂ ਸੀ ਲੈਣਾ ਪੈਣਾ।

ਇਸ ਤੋਂ ਪਹਿਲਾਂ ਕਈ ਹੋਰ ਸੂਬੇ ਇਸ ਕਿਸਮ ਦਾ ਫ਼ੈਸਲਾ ਲੈ ਚੁੱਕੇ ਹਨ।ਸਾਲ 2018 ਵਿੱਚ ਆਂਧਰਾ ਪ੍ਰਦੇਸ਼ ਦੀ ਚੰਦਰਬਾਬੂ ਨਾਇਡੂ ਸਰਕਾਰ ਅਤੇ ਪੱਛਮੀ ਬੰਗਾਲ ਦੀ ਮਮਤਾ ਬੈਨਰਜੀ ਸਰਕਾਰ ਸੀਬੀਆਈ ਨੂੰ ਆਪੋ-ਆਪਣੇ ਰਾਜਾਂ ਵਿਚ ਜਾਂਚ ਦੀ ਉੱਕੀ-ਪੁੱਕੀ ਪ੍ਰਵਾਨਗੀ ਵਾਪਸ ਲੈ ਚੁੱਕੀਆਂ ਹਨ। ਸੀ ਬੀ ਆਈ ਦੀਆਂ ਪੱਖ-ਪਾਤੀ ਸਰਗਰਮੀਆਂ ਬਾਰੇ ਕੇਂਦਰ ਦੀ ਪਿਛਲੀ ਯੂ ਪੀ ਏ ਸਰਕਾਰ ਵੇਲੇ ਵੀ ਕਾਫ਼ੀ ਰੌਲਾ ਪਿਆ ਸੀ। ਇਹੀ ਨਹੀਂ, ਇਕ ਕੇਸ ਵਿੱਚ ਸੁਪਰੀਮ ਕੋਰਟ ਨੇ ਸੀਬੀ ਆਈ ਦੀ ਤੁਲਨਾ ਸਿਆਸੀ ਆਗੂਆਂ ਦੇ ਪਿੰਜਰੇ ਵਿਚ ਕੈਦ ਤੋਤੇ ਨਾਲ ਕੀਤੀ ਸੀ। ਕੇਂਦਰ ਸਰਕਾਰ ਵੱਲੋਂ ਰਾਜਾਂ ਵਿੱਚ ਦਖ਼ਲ ਦੇਣ ਦੀ ਨੀਤੀ ਦਾ ਆਉਂਦੇ ਸਮੇਂ ਵਿੱਚ ਹੋਰ ਰਾਜਾਂਵਲੋਂ ਵੀ ਵਿਰੋਧ ਹੋਣ ਦੀਆਂ ਕਨਸੋਆਂ ਮਿਲੀਆਂ ਹਨ।

# ਭਾਜਪਾ ਨੇਤਾ ਦਾ ਦਾਅਵਾ: ਨੋਟਬੰਦੀ ਦੌਰਾਨ ਇਕੱਲੇ ਸੂਰਤ ਵਿੱਚ 2 ਹਜ਼ਾਰ ਕਰੋੜ ਦਾ ਘੁਟਾਲਾ ਹੋਇਐ

ਨਵੀਂ ਦਿੱਲੀ, 22 ਅਕਤੂਬਰ, (ਪੋਸਟ ਬਿਊਰੋ)- ਭਾਰਤ ਦੀ ਨਰਿੰਦਰ ਮੋਦੀ ਸਰਕਾਰ ਵੱਲੋਂਕਾਲੇ ਧਨ ਨੂੰ ਰੋਕਣ ਲਈ ਸਾਲ 2016 ਵਿੱਚ ਕੀਤੀ ਨੋਟਬੰਦੀ ਬਾਰੇ ਭਾਜਪਾ ਦੇ ਨੇਤਾ ਤੇ ਸਾਬਕਾ ਇਨਕਮ ਟੈਕਸ ਅਧਿਕਾਰੀ ਪੀਵੀਐੱਸ ਸ਼ਰਮਾ ਨੇ ਦਾਅਵਾ ਕੀਤਾ ਹੈ ਕਿ ਪ੍ਰਧਾਨ ਮੰਤਰੀ ਮੋਦੀ ਜਦੋਂ ਕਾਲੇ ਧਨ ਨੂੰ ਰੋਕਣ ਲਈ ਸਾਲ 2016 ਵਿਚ ਨੋਟਬੰਦੀ ਲੈ ਕੇ ਆਏ ਤਾਂ ਗੁਜਰਾਤ ਦੇ ਸੂਰਤ ਵਿਚ ਘਪਲੇਬਾਜ਼ਾਂ ਨੇ ਕਾਲਾ ਧਨ ਚਿੱਟਾ ਕਰ ਲਿਆ ਸੀ। ਉਨ੍ਹਾ ਦਾਅਵਾ ਕੀਤਾ ਕਿ ਇਕੱਲੇ ਸੂਰਤ ਵਿਚ ਨੋਟਬੰਦੀ ਦੇ ਦੌਰਾਨ ਦੋ ਹਜ਼ਾਰ ਕਰੋੜ ਰੁਪਏ ਦਾ ਘੁਟਾਲਾ ਕੀਤਾ ਗਿਆ ਸੀ। ਇਸ ਕੇਸ ਵਿੱਚ ਸ਼ਰਮਾ ਨੇ ਇਨਕਮ ਟੈਕਸ ਅਫਸਰਾਂ, ਬਿਲਡਰਜ਼, ਸੀ ਏ ਅਤੇ ਜਿਊਲਰਜ਼ ਉੱਤੇਦੋਸ਼ ਲਾਏ ਹਨ।

ਸਾਬਕਾ ਇਨਕਮ ਟੈਕਸ ਅਧਿਕਾਰੀ ਪੀਵੀਐੱਸ ਸ਼ਰਮਾ ਨੇ ਅੱਜ ਟਵੀਟ ਕਰਕੇ ਕੁਝ ਸਥਾਨਕ ਜਿਊਲਰਜ਼ ਵੱਲੋਂਨੋਟਬੰਦੀ ਦੇ ਵਕਤ ਮਨੀ ਲਾਂਡਰਿੰਗ ਕਰਨ ਤੇ ਉਸ ਸਮੇਂ ਬੈਂਕ ਵਿਚ ਜਮ੍ਹਾ ਹੋਏ ਕਰੋੜਾਂ ਰੁਪਏ ਕਮਾਉਣ ਦਾ ਦੋਸ਼ ਲਾਇਆ ਹੈ। ਇਸਦੇ ਨਾਲ ਸ਼ਰਮਾ ਨੇ ਪ੍ਰਧਾਨ ਮੰਤਰੀ ਮੋਦੀ ਕੋਲੋਂ ਸੀਬੀਆਈ ਅਤੇ ਇਨਫੋਰਸਮੈਂਟ ਡਾਇਰੈਕਟੋਰੇਟ ਰਾਹੀਂ ਪੂਰੇ ਮਾਮਲੇ ਦੀ ਜਾਂਚ ਕਰਾਉਣ ਦੀ ਮੰਗ ਕੀਤੀ ਹੈ। ਉਨ੍ਹਾ ਕਿਹਾ ਕਿ ਕੁਝ ਸੁਆਰਥੀ ਅਨਸਰਾਂ ਨੇ ਨੋਟਬੰਦੀ ਵੇਲੇ ਭ੍ਰਿਸ਼ਟਾਚਾਰ ਉੱਤੇ ਪਰਦਾ ਪਾਇਆ ਹੈ ਤੇ ਪ੍ਰਧਾਨ ਮੰਤਰੀ ਮੋਦੀ ਦੀ ਜ਼ਿੰਮੇਵਾਰੀ ਹੈ ਕਿ ਉਹ ਅਜਿਹੇ ਤੱਤਾਂ ਨੂੰ ਬੇਨਕਾਬ ਕਰਨ।

ਭਾਜਪਾ ਨੇਤਾ ਦੇ ਇਸ ਦਾਅਵੇ ਕਾਰਨ ਸੂਰਤ ਦੇ ਜਿਊਲਰਜ਼ ਅਤੇ ਬਿਲਡਰਾਂ ਵਿਚ ਦਹਿਸ਼ਤ ਦਾ ਮਾਹੌਲ ਹੈ। ਇਸ ਦਾਅਵੇ ਪਿੱਛੋਂ ਕਲਾਮੰਦਰ ਜਿਊਲਰਜ਼ਦੇ ਮਾਲਕ ਮਿਲਨ ਭਾਈ ਸ਼ਾਹ ਮੀਡੀਆ ਦੇ ਸਾਹਮਣੇ ਆਏ ਤੇ ਆਪਣੇ ਬਾਰੇ ਇੱਕ ਸਪਸ਼ਟੀਕਰਨ ਦਿੱਤਾ। ਉਨ੍ਹਾ ਕਿਹਾ ਕਿ ਉਨ੍ਹਾਂ ਦੇ ਖਿਲਾਫ ਲਾਏ ਗਏ ਦੋਸ਼ ਬੇਬੁਨਿਆਦ ਹਨ ਅਤੇ ਉਹ ਹਰ ਤਰ੍ਹਾਂ ਦੀ ਜਾਂਚ ਵਿੱਚ ਸਹਿਯੋਗ ਕਰਨ ਨੂੰ ਤਿਆਰ ਹਨ। ਪੀਵੀਐਸ ਸ਼ਰਮਾ ਦੇ ਟਵੀਟ ਉੱਤੇ ਕਾਂਗਰਸ ਨੇਤਾ ਅਰਜੁਨ ਮੋਧਵਾੜੀਆ ਨੇ ਇਸ ਬਿਆਨ ਦਾ ਕੁਝ ਹੋਰ ਖੁਲਾਸਾ ਕਰਦਿਆਂ ਇੱਕ ਟਵੀਟ ਵੀ ਕੀਤਾ ਅਤੇ ਸੂਰਤ ਦੇ ਜਿਊਲਰਜ਼ਕਲਾਮੰਦਿਰ ਵੱਲੋਂ ਨੋਟਬੰਦੀ ਦੀ ਰਾਤ ਨੂੰ 110 ਕਰੋੜ ਰੁਪਏ ਦਾ ਸੋਨਾ ਵੇਚਣ ਦੀ ਗੱਲ ਕਹੀ ਸੀ।

ਲੰਮਾ ਸਮਾਂ ਇਨਕਮ ਟੈਕਸ ਅਫਸਰ ਰਹਿ ਚੁੱਕੇ ਪੀਵੀਐਸ ਸ਼ਰਮਾ ਪਿਛਲੇ ਲੰਬੇ ਸਮੇਂ ਤੋਂ ਭਾਜਪਾ ਦੇ ਨੇਤਾ ਹਨ ਅਤੇ ਉਨ੍ਹਾਂ ਨੇ ਭਾਜਪਾ ਦੀ ਟਿਕਟ ਉੱਤੇ ਕੌਂਸਲਰ ਦੀ ਚੋਣ ਲੜੀ ਅਤੇ ਜਿੱਤੀ ਹੋਈ ਹੈ।

# ਚੀਨ ਦੇ ਕੱਟੜ ਵਿਰੋਧੀ ਕਹੇ ਜਾਂਦੇ ਟਰੰਪ ਦਾ ਚੀਨ ਵਿੱਚ ਹੀ ਵੱਡਾ ਕਾਰੋਬਾਰ

### * ਬੈਂਕ ਖਾਤਾ ਵੀ ਓਥੇ, ਟੈਕਸ ਵੀ ਚੀਨ ਨੂੰ ਭਰਿਐ

ਵਾਸ਼ਿੰਗਟਨ ਡੀ ਸੀ, 22 ਅਕਤੂਬਰ, (ਪੋਸਟ ਬਿਊਰੋ)- ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਕੋਰੋਨਾ ਵਾਇਰਸ ਦੇ ਕਾਰਨਲਗਾਤਾਰ ਚੀਨ ਦੀ ਆਲੋਚਨਾ ਕਰਦੇ ਰਹੇ ਹਨ, ਪਰ ਤਾਜ਼ਾ ਖ਼ਬਰ ਹੈ ਕਿ ਟਰੰਪ ਦਾ ਚੀਨ ਵਿੱਚ ਵੱਡਾ ਕਾਰੋਬਾਰ ਹੈ,ਓਥੇ ਬੈਂਕ ਖਾਤਾ ਵੀ ਹੈ ਅਤੇ ਉਸ ਨੇ ਚੀਨ ਸਰਕਾਰ ਨੂੰ ਕਾਰੋਬਾਰ ਦਾ ਟੈਕਸ ਵੀ ਭਰਿਆ ਹੋਇਆ ਹੈ।

ਨਿਊਯਾਰਕ ਟਾਈਮਜ਼ ਦੀ ਰਿਪੋਰਟ ਮੁਤਾਬਕ ਡੋਨਾਲਡ ਟਰੰਪ ਨੇ ਮੰਨਿਆ ਹੈ ਕਿ ਇੱਕ ਚੀਨੀ ਬੈਂਕ ਵਿੱਚ ਉਨ੍ਹਾਂ ਦਾ ਖਾਤਾ ਹੈ, ਜਿਸ ਨੂੰ ‘ਟਰੰਪ ਇੰਟਰਨੈਸ਼ਨਲ ਹੋਟਲਜ਼ ਮੈਨੇਜਮੈਂਟ’ ਚਲਾਉਂਦੀ ਹੈ। ਸਾਲ 2013 ਤੋਂ 2015 ਵਿੱਚ ਇਸ ਬੈਂਕ ਖਾਤੇ ਰਾਹੀਂ ਚੀਨ ਵਿੱਚ ਟਰੰਪ ਦੀ ਕੰਪਨੀ ਵੱਲੋਂ ਸਥਾਨਕ ਟੈਕਸਾਂ ਦਾ ਭੁਗਤਾਨ ਕੀਤਾ ਜਾਂਦਾ ਰਿਹਾ ਹੈ।ਇਸ ਬਾਰੇ ਡੋਨਾਲਡ ਟਰੰਪ ਦੇ ਬੁਲਾਰੇ ਨੇ ਕਿਹਾ ਕਿ ਏਸ਼ੀਆ ਵਿੱਚ ਹੋਟਲ ਉਦਯੋਗ ਨਾਲ ਜੁੜੇ ਸੌਦਿਆਂ ਦੇ ਲੈਣ-ਦੇਣ ਤੇ ਸਥਾਨਕ ਟੈਕਸ ਅਦਾ ਕਰਨ ਲਈ ਇਹ ਖਾਤਾ ਖੋਲ੍ਹਿਆ ਗਿਆ ਸੀ। ਇਸ ਖਾਤੇ ਨਾਲ ਉਹ ਸਾਰੇ ਲੈਣ-ਦੇਣ ਕੀਤੇ ਗਏ ਹਨ। ਇਸ ਤੋਂ ਇਲਾਵਾ ਇਸ ਦੀ ਹੋਰ ਕੋਈ ਵਰਤੋਂਨਹੀਂ ਕੀਤੀ ਗਈ।


ਵਰਨਣ ਯੋਗ ਹੈ ਕਿ ਡੋਨਾਲਡ ਟਰੰਪ ਦੇ ਟੈਕਸ ਰਿਕਾਰਡ ਤੋਂ ਉਨ੍ਹਾਂ ਦੇ ਇਸ ਬੈਂਕ ਖਾਤੇ ਦਾ ਪਤਾ ਲੱਗਾ ਹੈ, ਜਿਸ ਵਿੱਚ ਉਨ੍ਹਾਂ ਦੇ ਨਿੱਜੀਅਤੇ ਕੰਪਨੀ, ਦੋਵਾਂ ਦੇ ਮਾਇਕ ਵੇਰਵੇ ਸ਼ਾਮਲ ਸਨ। ਟਰੰਪ ਦੇ ਖਾਤਿਆਂ ਦੀ ਉਨ੍ਹਾਂ ਵੱਲੋਂ ਟੈਕਸ ਘੱਟ ਜਮ੍ਹਾ ਕਰਨ ਤੋਂ ਬਾਅਦ ਜਾਂਚ ਕੀਤੀ ਜਾ ਰਹੀ ਸੀ ਤਾਂ ਇਸ ਦੌਰਾਨ ਇਸ ਨਵੇਂ ਖਾਤੇ ਦਾ ਪਤਾ ਲੱਗਾ ਹੈ। ਸਾਲ 2016-17 ਵਿੱਚ ਜਦੋਂਡੋਨਾਲਡ ਟਰੰਪ ਅਮਰੀਕਾ ਦੇ ਰਾਸ਼ਟਰਪਤੀ ਬਣੇ ਸਨ ਤਾਂ ਉਨ੍ਹਾਂ ਕੇਂਦਰੀ ਟੈਕਸ ਵਜੋਂ ਸਿਰਫ਼ 750 ਅਮਰੀਕੀ ਡਾਲਰ ਦਾ ਭੁਗਤਾਨ ਕੀਤਾ ਸੀ। ਏਨਾ ਘੱਟ ਟੈਕਸ ਜਮ੍ਹਾ ਕਰਨ ਬਾਰੇ ਡੋਨਾਲਡ ਟਰੰਪ ਖ਼ੁਦ ਸਫ਼ਾਈ ਦੇ ਚੁੱਕੇ ਹਨ। ਟੈਕਸ ਬਚਾਉਣ ਪਿੱਛੇ ਉਨ੍ਹਾਂ ਦੀ ਦਲੀਲ ਸੀ ਕਿ ਉਨ੍ਹਾਂ ਨੇ ਸਾਰੇ ਨਿਯਮਾਂ ਦਾ ਫ਼ਾਇਦਾ ਲਿਆ ਸੀ, ਜਿਸ ਕਾਰਨ ਉਨ੍ਹਾਂ ਨੂੰ ਟੈਕਸ ਘੱਟ ਜਮ੍ਹਾ ਕਰਾਉਣਾ ਪਿਆ। ਅਚਾਨਕ ਕੱਲ੍ਹ ਟਰੰਪ ਦੇ ਚੀਨੀ ਬੈਂਕ ਖਾਤੇ ਵਿੱਚੋਂ ਸਥਾਨਕ ਟੈਕਸਾਂ ਦੀ 1 ਲੱਖ 88 ਹਜ਼ਾਰ 561 ਅਮਰੀਕੀ ਡਾਲਰ ਦੀ ਅਦਾਇਗੀ ਦਾ ਪਤਾ ਓਦੋਂ ਲੱਗਾ ਹੈ, ਜਦੋਂ ਅਮਰੀਕਾ ਵਿੱਚ ਤਿੰਨ ਨਵੰਬਰ ਨੂੰ ਰਾਸ਼ਟਰਪਤੀ ਦੀ ਚੋਣ ਹੋਣ ਵਾਲੀ ਹੈ। ਇਸ ਚੋਣ ਵਾਸਤੇ ਪ੍ਰਚਾਰ ਕਰਦਿਆਂ ਰਾਸ਼ਟਰਪਤੀ ਡੋਨਾਲਡ ਟਰੰਪ ਆਪਣੇ ਵਿਰੋਧੀ ਉਮੀਦਵਾਰ ਜੋਅ ਬਾਇਡੇਨ ਅਤੇ ਚੀਨ ਬਾਰੇ ਬਾਇਡੇਨ ਦੀਆਂ ਨੀਤੀਆਂ ਦੀ ਤਿੱਖੀ ਆਲੋਚਨਾ ਕਰਦੇ ਰਹੇ ਹਨ।

# ਸੜਕ ਕਿਨਾਰੇ ਗੱਲਾਂ ਕਰਦੇ 4 ਦੋਸਤਾਂ ਨੂੰ ਟਰੱਕ ਨੇ ਕੁਚਲਿਆ

ਤਾਰਾ ਨਗਰ (ਚੁਰੂ), 22 ਅਕਤੂਬਰ (ਪੋਸਟ ਬਿਊਰੋ)- ਰਾਜਸਥਾਨ ਦੇ ਚੁਰੂ ਜ਼ਿਲ੍ਹੇ ਦੇ ਤਾਰਾ ਨਗਰ ਨੇੜਲੇ ਪਿੰਡ ਢਾਣਾ ਭਾਕਰਾਨ ਨੇੜੇ ਰਾਤ ਨੂੰ ਕਰੀਬ 12 ਵਜੇ ਦਰਦਨਾਕ ਹਾਦਸਾ ਹੋ ਗਿਆ। ਸੜਕ ਕਿਨਾਰੇ ਬਾਈਕ ਖੜ੍ਹੀ ਕਰ ਕੇ ਗੱਲਾਂ ਕਰ ਰਹੇ ਚਾਰ ਨੌਜਵਾਨਾਂ ਨੂੰ ਇੱਕ ਟਰੱਕ ਨੇ ਕੁਚਲ ਦਿੱਤਾ। ਉਸ ਮੌਕੇ ਚਾਰਾਂ ਨੌਜਵਾਨਾਂ ਦੀ ਮੌਤ ਹੋ ਗਈ। ਹਾਦਸੇ ਵਿੱਚ ਇੱਕ ਨੌਜਵਾਨ ਦਾ ਚਿਹਰਾ ਕੱਟ ਕੇ ਅਲੱਗ ਹੋ ਗਿਆ। ਉਸ ਦੀ ਪਛਾਣ ਲਈ ਪੁਲਸ ਨੂੰ ਕਈ ਘੰਟੇ ਲੱਗ ਗਏ।

ਡੀ ਐਸ ਪੀ ਰਾਮ ਪ੍ਰਤਾਪ ਬਿਸ਼ਨੋਈ ਦੇ ਅਨੁਸਾਰ ਤਿਲੋਕਾ ਰਾਮ ਵਾਸੀ ਢਾਣਾ ਪੱਟਾ ਸਾਤਿਊਂ ਨੇ ਦੱਸਿਆ ਕਿ ਸੰਜੇ (23) ਅਤੇ ਏਸੇ ਪਿੰਡ ਦਾ ਮੰਗੀ ਲਾਲ (23) ਰਾਤ ਨੂੰ ਬਾਈਕ ਲੈ ਕੇ ਢਾਣਾ ਭਾਕਰਾਨ ਤੋਂ ਤਾਰਾ ਨਗਰ ਆ ਰਹੇ ਸਨ। ਢਾਣਾ ਭਾਕਰਾਨ ਦੇ ਬੱਸ ਸਟੈਂਡ ’ਤੇ ਸੰਜੇ ਦਾ ਚਚੇਰਾ ਭਰਾ ਸੁਰੇਸ਼ (24) ਅਤੇ ਵਿਕਰਮ (23) ਖੜ੍ਹੇ ਸਨ। ਇਸ ’ਤੇ ਦੋਵੇਂ ਬਾਈਕ ਨੂੰ ਸੜਕ ਕਿਨ-ਾਰੇ ਲਾ ਕੇ ਉਨ੍ਹਾਂ ਨਾਲ ਗੱਲ ਕਰਨ ਲੱਗੇ। ਇਸੇ ਦੌਰਾਨ ਤਾਰਾ ਨਗਰ ਵੱਲੋਂ ਆ ਰਿਹਾ ਟਰੱਕ ਚਾਰਾਂ ਨੂੰ ਕੁਚਲਦਾ ਹੋਇਆ ਨਿਕਲ ਗਿਆ। ਹਾਦਸੇ ਵਿੱਚ ਮੰਗੀ ਲਾਲ ਦਾ ਪੂਰਾ ਚਿਹਰਾ ਕੱਟ ਕੇ ਅਲੱਗ ਹੋ ਗਿਆ। ਉਹ ਪਰਵਾਰ ਦੇ ਕਿਸੇ ਮੈਂਬਰ ਦੀ ਬਾਈਕ ਲੈ ਜਟ ਗਿਆ ਸੀ ਇਸ ਲਈ ਪਹਿਲਾਂ ਪਰਵਾਰ ਨੂੰ ਬਾਈਕ ਮਾਲਕ ਦੀ ਮੌਤ ਦਾ ਸ਼ੱਕ ਸੀ। ਬਾਅਦ ਵਿੱਚ ਮ੍ਰਿਤਕ ਦੀ ਪਛਾਣ ਮਾਂਗੀ ਲਾਲ ਵਜੋਂ ਹੋਈ ਹੈ। ਪੁਲਸ ਨੇ ਟਰੱਕ ਚਾਲਕ ਨੂੰ ਹਿਰਾਸਤ ਵਿੱਚ ਲਿਆ ਹੈ।

UK TRUCK TRAINING CENTRE
PCC #179958
Registered as a Private Careers College
ਹੁਣ ਕੈਮਬ੍ਰਿਜ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ!!!
225 Sheldon Dr #18, Cambridge



Automatic & Manual Trucks
1 on 1 Training
Air Brake Classes
Sat & Sun 8.00am to 4.00pm
Wed & Thu 4.00pm to 11.00pm
ਜਲਦੀ ਰੋਡ ਟੈਸਟ ਬੁਕਿੰਗ
Forklift Training
Forklift $79 Recertification



Counterbalance
Reach Truck
ਬਾਰ-ਬਾਰ ਫੇਲ੍ਹ ਹੋਣ ਤੋਂ ਬਚਣ ਲਈ ਤਜ਼ਰਬੇਕਾਰ ਇੰਸਟ੍ਰਕਟਰ ਤੋਂ ਟ੍ਰੇਨਿੰਗ ਪ੍ਰਾਪਤ ਕਰੋ।
We help in Written Test & in Finding Jobs
20 ਸਾਲਾਂ ਦਾ ਤਜ਼ਰਬਾ | 7 ਦਿਨ ਖੁੱਲਾ | ਗੇਅਰਾਂ ਵਾਲੇ ਟਰੱਕਾ ਦੀ ਸਪੈਸ਼ਲ ਟ੍ਰੇਨਿੰਗ
7542 Bath Rd, Mississauga, ON L4T 1L2, Off:905.673.7979 | OPEN 7 DAYS uktruck1@gmail.com | Jitpal Singh Deol 647-204-1936

Steinmetz & Associates
PERSONAL INJURY LAWYERS



Harry Steinmetz
Certified as Specialist by the Law Society of Ontario in Civil Litigation
(with over 27yrs. of experience)




BOBBY SIDHU
partner
(Serving the Community for Over 16 yrs.)
ਕੀ ਐਕਸੀਡੈਂਟ ਵਿੱਚ ਤੁਹਾਡੇ ਸੱਟ ਲੱਗ ਗਈ ਹੈ?
ਮੁੱਫਤ ਸਲਾਹ ▪ ਫੀਸ ਸੈਟਲਮੈਂਟ ਹੋਣ ਤੋ ਬਾਅਦ
ਜੇਕਰ ਤੁਹਾਡਾ ਕਸੂਰ ਹੈ ਜਾਂ ਨਹੀਂ, ਚਾਹੇ ਤੁਸੀਂ ਕੰਮ ਕਰਦੇ ਹੋ ਜਾਂ ਨਹੀਂ, ਚਾਹੇ ਤੁਸੀਂ Housewife ਹੋ, Student ਹੋ, Pedestrian ਹੋ, Cycliust ਹੋ, ਐਕਸੀਡੈਂਟ ਵਿਚ ਸੱਟ ਲੱਗਣ ਦੀ ਸੂਰਤ ਵਿਚ ਤੁਸੀਂ ਕਈ ਬੈਨੀਫਿਟਸ ਦੇ ਹੱਕਦਾਰ ਹੋ ਸਕਦੇ ਹੋ। ਜੇਕਰ ਤੁਹਾਡੀ ਗਲਤੀ ਨਹੀਂ ਹੈ ਤਾਂ ਤੁਸੀਂ Pain & Suffering ਸਮੇਤ ਕਈ ਮਿਲੀਅਨ ਡਾਲਰ ਦੇ ਕਲੇਮ ਦੇ ਹੱਕਦਾਰ ਹੋ ਸਕਦੇ ਹੋ।
ਹੁਣ ਤੱਕ ਅਸੀਂ ਆਪਣੇ Clients ਨੂੰ ਕਈ ਮਿਲੀਅਨ ਤੱਕ ਦੇ ਕਲੇਮ ਦੁਆ ਚੁੱਕੇ ਹਾਂ।
ਜੇਕਰ ਤੁਸੀਂ ਆਪਣੀਆਂ ਮੌਜੂਦਾ ਕਾਨੂੰਨੀ ਸੇਵਾਵਾਂ ਤੋਂ ਸੰਤੁਸ਼ਟ ਨਹੀਂ ਹੋ ਤਾਂ ਅਸੀਂ ਤੁਹਾਡੀ ਸੇਵਾ ਲਈ ਹਾਜਰ ਹਾਂ।
If you are hurt in Auto Accident, Slip & Fall or you have long Term Disability Claims
Protect yourself, Protect your family, Know your rights.
For exceptional service, benefits you are entitled to and a settlement you deserve, call the name you trust
You only pay upon settlement
GURSHARAN BOBBY SIDHU
647.539.3020
1450 Meyerside Drive, Suite 308, Mississauga | 2 OFFICES TO SERVE YOU | 55 St. Clair Ave., West, Toronto
email: bsidhu@steinmetzlawyers.ca website: www.steinmetzlawyers.ca

# ਸਾਬਕਾ ਕਰਨਲ ਦੀ ਅਕੈਡਮੀ ਨੇ 15 ਨੌਜਵਾਨਾਂ ਤੋਂ 85 ਲੱਖ ਠੱਗੇ

ਬਠਿੰਡਾ, 21 ਅਕਤੂਬਰ (ਪੋਸਟ ਬਿਊਰੋ)- ਫੌਜ ਤੋਂ ਰਿਟਾਇਰਡ ਕਰਨਲ ਨੇ ਨੌਜਵਾਨਾਂ ਨੂੰ ਆਰਮੀ ਟਰੇਨਿੰਗ ਦੇਣ ਲਈ ਅਕੈਡਮੀ ਖੋਲ੍ਹੀ ਤੇ ਤਲਵੰਡੀ ਸਾਬੋ ਅਤੇ ਮਾਨਸਾ ਦੇ 15 ਨੌਜਵਾਨਾਂ ਕੋਲੋਂ ਫੌਜ ਵਿੱਚ ਭਰਤੀ ਕਰਵਾਉਣ ਦੇ ਲਈ 85 ਲੱਖ ਰੁਪਏ ਠੱਗ ਲਏ ਅਤੇ ਦੋ ਸਾਥੀਆਂ ਨਾਲ ਮਿਲ ਕੇ ਫੌਜ ਵਿੱਚ ਭਰਤੀ ਹੋਣ ਵਾਲੇ ਨੌਜਵਾਨਾਂ ਨੂੰ ਫਰਜ਼ੀ ਨਿਯੁਕਤੀ ਪੱਤਰ ਵੀ ਦੇ ਦਿੱਤੇ। ਜਦ ਨੌਜਵਾਨਾਂ ਨੂੰ ਠੱਗੀ ਦਾ ਪਤਾ ਲੱਗਾ ਤਾਂ ਦੋਸ਼ੀ ਆਪਣੇ ਸਾਥੀਆਂ ਨਾਲ ਫਰਾਰ ਹੋ ਗਿਆ।

ਡੀ ਐਸ ਪੀ ਤਲਵੰਡੀ ਸਾਬੋ ਨੇ ਜਾਂਚ ਦੇ ਬਾਅਦ ਰਿਟ-ਾਇਰਡ ਕਰਨਲ ਨਰਿੰਦਰ ਸਿੰਘ ਵਾਸੀ ਸੰਗਰੂਰ, ਇਕਬਾਲ ਸਿੰਘ ਉਰਫ ਏਕਮ ਵਾਸੀ ਦੇਸੂ ਜੋਧਾ ਹਰਿਆਣਾ ਅਤੇ ਬਲਵਿੰਦਰ ਸਿੰਘ ਵਾਸੀ ਮਾਹੀਨੰਗਲ ’ਤੇ ਕੇਸ ਦਰਜ ਕਰ ਲਿਆ ਹੈ। ਠੱਗੀ ਦੇ ਸ਼ਿਕਾਰ ਨੌਜਵਾਨ ਮੱਧ ਵਰਗੀ ਪਰਵਾਰ ਤੋਂ ਹਨ ਜਿਨ੍ਹਾਂ ਵਿੱਚੋਂ ਕਿਸੇ ਨੇ ਆੜ੍ਹਤੀ ਤੋਂ ਪੈਸੇ ਵਿਆਜ ’ਤੇ ਲਏ ਤਾਂ ਕਿਸੇ ਨੇ ਜ਼ਮੀਨ ਵੇਚ ਦਿੱਤੀ ਤਾਂ ਕਿਸੇ ਨੇ ਜਮੀਨ ਗਹਿਣੇ ਰੱਖਕੇ ਨੌਕਰੀ ਦੇ ਲਈ ਲੱਖਾਂ ਦਿੱਤੇ ਸਨ।

ਹਵਾਈ ਸਫਰ ਨੂੰ ਸੁਹਾਵਨਾ ਤੇ ਸੁਰੱਖਿਅਤ ਬਣਾਓ ਤੇ ਸਾਡੀ TRAVEL INSURANCE ਦੀ ਮੁਹਾਰਤ ਦਾ ਫਾਇਦਾ ਉਠਾਓ



Your Travel Safety
Our Priority
JF Insurance Agency Group Inc.
Specialized in Hospital and Medical Insurance for Visitors, Canadian Travellers and International Students since 1992
Join and Represent Us
- VISITOR TO CANADA INSURANCE
- TRAVEL OUT INSURANCE
- INTERNATIONAL STUDENT INSURANCE
- OTHER INSURANCE PRODUCTS

905-707-1512
905-707-1513
Molly@jfgroup.ca
Toronto Head Office:
15 wertheim court # 501
Richmond Hill, ON L4B 3H7

# ਸੰਪਾਦਕੀ

## ਵਰਤਮਾਨ ਕੈਨੇਡੀਅਨ 'ਸਿਸਫਸ' (Sisphus) ਦਾ ਦੁਖਾਂਤ

ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਅੰਤਰਰਾਸ਼ਟਰੀ ਪੱਧਰ ਉੱਤੇ ਆਪਣਾ ਇੱਕ ਨਿੱਜੀ ਅਕਸ ਖੜਾ ਕਰਨ ਦੀ ਹਮੇਸ਼ਾ ਕੋਸ਼ਿਸ਼ ਕੀਤੀ ਹੈ ਕਿ ਇਮਾਨਦਾਰ ਸਿਆਸਤ ਉਸਦਾ ਗਹਿਣਾ ਹੈ (ਬਸ਼ਰਤੇ ਤੁਸੀਂ WE ਚੈਰਟੀ ਦੇ ਕਿੱਸੇ ਨੂੰ ਵੇਖਣਾ ਨਾ ਚਾਹੋ), ਔਰਤਾਂ ਨੂੰ ਬਰਾਬਰ ਦੇ ਅਧਿਕਾਰ ਦੇਣੇ ਸਿਰਫ਼ ਉਹਨਾਂ ਤੋਂ ਸਿੱਖੇ ਜਾ ਸਕਦੇ ਹਨ (ਬਸ਼ਰਤੇ ਸੱਚ ਬੋਲਣ ਦੀ ਜ਼ੁਰੱਅਤ ਕਰਨ ਵਾਲੀ ਇੱਕ ਮੂਲਵਾਸੀ ਔਰਤ ਜੋਡੀ ਵਿਲਸਨ ਨੂੰ ਮੱਖਣ ਵਿੱਚੋਂ ਵਾਲ ਵਾਗੂੰ ਕੱਢਣ ਨੂੰ ਅਣਵੇਖਿਆ ਕਰਨਾ ਚਾਹੋ), ਸੱਭਨਾਂ ਲੋਕਾਂ ਨੂੰ ਬਰਾਰਬਰ ਮੰਨਣਾ ਚਾਹੀਦਾ ਹੈ (ਬਸ਼ਰਤੇ ਤੁਸੀਂ ਬਲੈਕ ਅਤੇ ਸਾਊਥ ਏਸ਼ੀਅਨਾਂ ਦਾ ਮਜਾਕ ਕਰਨ ਲਈ ਮੂੰਹ ਕਾਲੇ ਰੰਗ ਵਿੱਚ ਰੰਗਣ ਨੂੰ ਸਹੀ ਸਮਝਣਾ ਚਾਹੋ) ਆਦਿ। ਟਰੂਡੋ ਹੋਰਾਂ ਦਾ ਦਾਅਵਾ ਹੈ ਕਿ ਦੇਸ਼ ਦੇ ਸੰਵਿਧਾਨਕ ਮੰਦਰ ਭਾਵ ਪਾਰਲੀਮੈਂਟ ਦੀ ਪਵੱਤਿਰਤਾ ਦਾ ਸਦਾ ਸਨਮਾਨ ਕੀਤਾ ਜਾਣਾ ਚਾਹੀਦਾ ਹੈ (ਬਸ਼ਰਤੇ ਤੁਸੀਂ ਪਾਰਲੀਮੈਂਟ ਨੂੰ ਸਥਗਿਤ (prorogue) ਕਰਨ ਅਤੇ WE ਚੈਰਟੀ ਦਾ ਸੱਚ ਜਾਨਣ ਦੀ ਮੰਗ ਨੂੰ ਦੇਸ਼ ਵਿਰੋਧੀ ਕਰਾਰ ਦੇਣ ਨੂੰ ਅਣਦੇਖਿਆ ਕਰਨਾ ਚਾਹੋ)। ਜੇ ਤੁਸੀਂ ਚਾਹੋ ਤਾਂ ਇਹ ਵੀ ਕਰ ਸਕਦੇ ਹੋ ਕਿ ਦੋਗਲੇ ਵਤੀਰੇ ਨੂੰ 'ਸਿਸਫਸ (Sisphus) ਵਤੀਰਾ ਸਮਝ ਕੇ ਨੇਤਾਵਾਂ ਦੀ ਕਹਿਣੀ ਅਤੇ ਕਰਨੀ ਵਿੱਚਲੇ ਫਰਕ ਨੂੰ ਸਮਝਣ ਦੀ ਕੋਸ਼ਿਸ਼ ਕਰੋ।

'ਸਿਸਫਸ (Sisphus) ਗਰੀਕ ਭਾਵ ਯੂਨਾਨੀ ਮਿਥਹਾਸ ਵਿੱਚ ਮਿਲਦਾ ਉਹ ਰਾਜਾ ਹੈ ਜੋ ਸਵੈ ਦੀ ਹਊਮੇ ਪੂਰਤੀ ਲਈ ਲੋੜੋਂ ਵੱਧ ਵੱਡੀਆਂ ਡੀਂਗਾਂ ਮਾਰਦਾ ਹੁੰਦਾ ਸੀ। ਫੋਕੀਆਂ ਡੀਂਗਾਂ ਮਾਰਨ ਸਦਕਾ ਅਗਲੇ ਰਾਜਿਆਂ ਵੱਲੋਂ ਉਸਨੂੰ ਇਹ ਸਜ਼ਾ ਦਿੱਤੀ ਗਈ ਕਿ ਉਹ ਇੱਕ ਪਹਾੜੀ ਤੋਂ ਇੱਕ ਵੱਡ ਅਕਾਰੀ ਪੱਥਰ ਥੱਲੇ ਸੁੱਟੇ ਅਤੇ ਪੱਥਰ ਦੇ ਥੱਲੇ ਪੁੱਜਣ ਉੱਤੇ ਇਸਨੂੰ ਉੱਤੇ ਲਿਜਾ ਕੇ ਫੇਰ ਥੱਲੇ ਧੱਕਾ ਦੇਵੇ। ਭਾਵ ਇੱਕੋ ਹੀ ਕੰਮ ਨੂੰ ਵਾਰ-ਵਾਰ ਦੁਹਰਾਵੇ ਬੇਸ਼ੱਕ ਉਸ ਕੰਮ ਦਾ ਕੋਈ ਅਰਥ ਨਾ ਹੋਵੇ। ਆਧੁਨਿਕ ਸਮਿਆਂ ਵਿੱਚ (1942 ਵਿੱਚ) ਇੱਕ ਨਾਵਲ The Myth of Sisphus ਲਿਖਿਆ ਗਿਆ ਜਿਸਦਾ ਕੇਂਦਰੀ ਨੁਕਤਾ ਸੀ ਕਿ ਮਨੁੱਖ ਇੱਕ ਪਾਸੇ ਜ਼ਿੰਦਗੀ ਨੂੰ ਇੱਕ ਇੱਕ ਖੂਬਸੂਰਤ ਅਰਥਾਂ ਵਿੱਚ ਰੰਗਣ ਦੀ ਕੋਸ਼ਿਸ਼ ਕਰਦਾ ਹੈ ਤਾਂ ਦੂਜੇ ਪਾਸੇ ਉਸਨੂੰ ਸਮੁੱਚੀ ਕਾਇਤਾਨ ਦੀ ਚੁੱਪ ਹਾਸਲ ਹੁੰਦੀ ਹੈ। The Myth of Sisphus ਦਾ ਲੇਖਕ ਦੱਸਣ ਦੀ ਕੋਸ਼ਿਸ਼ ਕਰਦਾ ਹੈ ਕਿ ਅਸੀਂ ਮਨੁੱਖ ਐਂਵੇ ਹੀ ਵਾਰ ਵਾਰ ਝੂਠ ਅਤੇ ਹਊਮੇ ਦੇ ਪੱਥਰਾਂ ਨੂੰ 'ਥੱਲੇ ਉੱਪਰ' ਸੁੱਟਦੇ ਚੁੱਕਦੇ ਰਹਿੰਦੇ ਹਾਂ।

'ਸਿਸਫਸ ਦੁਖਾਂਤ' ਦੇ ਪਰੀਪੇਖ ਵਿੱਚ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਦੇ ਅਕਸ ਨੂੰ ਵੇਖਣਾ ਦਿਲਚਸਪ ਹੈ। 2015 ਵਿੱਚ ਸੱਤਾ ਵਿੱਚ ਆਉਣ ਤੋਂ ਬਾਅਦ ਉਹਨਾਂ ਨੇ ਰਿਸ਼ਵਤ ਖਾਸ ਕਰਕੇ ਵਿਦੇਸ਼ੀ ਸ੍ਰੋਤੀ ਵੱਲੋਂ ਕੈਨੇਡਾ ਵਿੱਚ ਪੈਸਾ ਧੱਕਣ ਨੂੰ ਰੋਕਣ ਲਈ ਕੁੱਝ ਨਹੀਂ ਕੀਤਾ ਹੈ ਸਿਵਾਏ ਐਸ ਐਨ ਸੀ ਲਾਵਾਲਿਨ ਵਰਗੇ ਮੁੱਦਿਆਂ ਵਿੱਚ ਇਮਾਨਦਾਰਾਂ ਨੂੰ ਸਜ਼ਾ ਦੇਣ ਅਤੇ ਕੁਰੱਪਟਾਂ ਨੂੰ ਬਚਾਉਣ ਤੋਂ। ਪਰ ਗੱਲਾਂ ਖੂਬ ਕੀਤੀਆਂ ਜਾਂਦੀਆਂ ਹਨ। ਬੀਤੇ ਦਿਨੀਂ ਟਰਾਂਸਪੇਰੈਂਟੀ ਇੰਟਰਨੈਸ਼ਨਲ (Transparency International) ਨੇ ਇੱਕ ਰਿਪੋਰਟ ਵਿੱਚ ਕਿਹਾ ਹੈ ਕਿ G-20 ਮੁਲਕਾਂ ਵਿੱਚ ਵਿਦੇਸ਼ੀ ਸ੍ਰੋਤਾਂ ਵੱਲੋਂ ਪੈਸਾ ਧੱਕਣ ਨੂੰ ਰੋਕਣ ਵਿੱਚ ਪ੍ਰਤੀਬੱਧਤਾ (Anti money laundering commitments) ਵਿਖਾਉਣ ਵਿੱਚ ਕੈਨੇਡਾ ਦਾ ਨੰਬਰ ਸੱਭ ਤੋਂ ਥੱਲੇ ਹੈ। ਇਵੇਂ ਹੀ ਇੰਗਲੈਂਡ ਆਧਾਰਿਤ 'ਟੈਕਸ ਜਸਟਿਸ ਨੈੱਟਵਰਕ 2020' ਰਿਪੋਰਟ ਵਿੱਚ ਸਿੱਟਾ ਕੱਢਿਆ ਗਿਆ ਕਿ ਵਿਦੇਸ਼ੀ ਸ੍ਰੋਤਾਂ ਵੱਲੋਂ ਟੈਕਸ ਬਚਾਉਣ ਲਈ ਪੈਸੇ ਸੁੱਟਣ ਲਈ ਕੈਨੇਡਾ ਪਹਿਲਾਂ ਹੀ ਬਹਿਸ਼ਤ ਸੀ ਪਰ ਹੁਣ ਵੱਡੀਆਂ ਕਾਰਪੋਰੇਸ਼ਨਾਂ ਰਾਹੀਂ ਦੋ ਨੰਬਰ ਦੇ ਪੈਸੇ ਭੇਜਣ ਲਈ ਵੀ ਇਹ ਮੋਹਰੀ ਬਣ ਰਿਹਾ ਹੈ। 2019 ਵਿੱਚ ਅਮਰੀਕਾ ਦੇ ਸਟੇਟ ਡੀਪਾਰਟਮੈਂਟ ਨੇ ਕੈਨੇਡਾ ਨੂੰ ਅਫਗਾਨਸਤਾਨ, ਚੀਨ, ਮਕਾਊ ਅਤੇ ਕੋਲੰਬੀਆ ਵਰਗੇ ਮੁਲਕਾਂ ਦੇ ਨਾਲ ਆਪਣੀ ਉਸ ਲਿਸਟ ਵਿੱਚ ਸ਼ਾਮਲ ਕੀਤਾ ਸੀ ਜਿਹੜੇ ਵਿਸ਼ਵ ਵਿੱਚ ਪੈਸੇ ਦੇ 'ਹੇਰ ਫੇਰ' ਨੂੰ ਰੋਕਣ ਵਿੱਚ ਨਾਕਾਮਯਾਬ ਰਹਿ ਰਹੇ ਹਨ। ਇਸ ਸਾਲ ਟਰੂਡੋ ਸਰਕਾਰ ਨੇ ਇਹ ਸਮੱਸਿਆ ਨੂੰ ਰੋਕਣ ਲਈ ਬੇਸ਼ੱਕ ਬੱਜਟ ਵਿੱਚ 200 ਮਿਲੀਅਨ ਡਾਲਰ ਨਿਰਧਾਰਤ ਕੀਤੇ ਸਨ ਪਰ ਕਾਰਜ ਨੂੰ ਅਮਲੀ ਜਾਮਾ ਪਹਿਨਾਉਣ ਦੀ ਦਿਸ਼ਾ ਵਿੱਚ ਡੱਕਾ ਤੱਕ ਨਹੀਂ ਤੋੜਿਆ।

ਜਿਸ ਕਿਸਮ ਦੀ ਸੱਮਸਿਆ ਬਾਰੇ ਅੰਤਰਰਾਸ਼ਟਰੀ ਜੱਥੇਬੰਦੀਆਂ ਕੈਨੇਡਾ ਨੂੰ ਤਾੜਨਾ ਕਰ ਰਹੀਆਂ ਹਨ, ਉਸ ਸੱਮਸਿਆ ਦੀ ਇੱਕ ਮਿਸਾਲ ਨੂੰ ਸਿਆਨਣ ਲਈ ਦੂਰ ਵੇਖਣ ਦੀ ਲੋੜ ਨਹੀਂ। ਕੈਨੇਡਾ ਦੇ ਵੱਡੇ 2 ਸ਼ਹਿਰਾਂ (ਵੈਨਕੂਵਰ, ਟੋਰਾਂਟੋ ਆਦਿ) ਦੇ ਕੌਂਡੋ ਟਾਵਰਾਂ ਵਿੱਚ ਚੀਨ ਤੋਂ ਲੈ ਕੇ ਕਜ਼ਾਕਤਸਤਾਨ ਤੋਂ ਇਰਾਨ ਤੋਂ ਆ ਰਹੇ ਪੈਸੇ ਦਾ ਵੱਡੀ ਪੱਧਰ ਉੱਤੇ ਲੱਗਣਾ ਸੱਭ ਦੇ ਸਾਹਮਣੇ ਹੈ। ਇਸ ਰੁਝਾਨ ਨੇ ਆਮ ਕੈਨੇਡੀਅਨ ਲਈ ਮੌਰਗੇਜ਼ ਲੈਣਾ ਪਹੁੰਚ ਤੋਂ ਬਾਹਰ ਕੀਤਾ ਹੋਇਆ ਹੈ। ਫੇਰ ਲੀਬੀਆ ਦੇ ਕਰਨਲ ਗੱਦਾਫੀ ਤੋਂ ਲੈ ਕੇ ਐਨ ਐਨ ਸੀ ਲਾਵਾਲਿਨ ਵਰਗੀਆਂ ਸੈਂਕੜੇ ਹੋਰ ਮਿਸਾਲਾਂ ਹੋ ਸਕਦੀਆਂ ਹਨ। ਦੁਖਾਂਤ ਇਹ ਨਹੀਂ ਕਿ ਇਹ ਵਰਤਾਰਾ ਕਿਉਂ ਬੰਦ ਨਹੀਂ ਹੋ ਰਿਹਾ। ਦੁਖਾਂਤ ਇਹ ਹੈ ਕਿ 'ਸਿਸਫਸ ਦੁਖਾਂਤ' ਦੇ ਚੱਲਦੇ 'ਰੋਮਨ ਸੜ ਰਿਹਾ ਹੈ ਅਤੇ ਨੀਰੋ ਬੰਸਰੀ' ਵਜਾ ਰਿਹਾ ਹੈ (Nero fiddles while Rome burns).

## ਭਾਰਤ ਸਰਕਾਰ ਨੇ ਵੀਜ਼ਾ ਤੇ ਟਰੈਵਲ ਸਬੰਧੀ ਪਾਬੰਦੀਆਂ ਤੋਂ ਦਿੱਤੀ ਛੋਟ

...ਪੰਨਾ 1 ਦਾ ਬਾਕੀ

2. ਇਸ ਤੋਂ ਇਲਾਵਾ ਫੌਰਨ ਡਿਪਲੋਮੈਟਸ/ਅਧਿਕਾਰੀਆਂ, ਜੋ ਕਿ ਵੀਜ਼ਾ ਸਬੰਧੀ ਛੋਟ ਲਈ ਹੋਏ ਦੁਵੱਲੇ ਸਮਝੌਤਿਆਂ ਤਹਿਤ ਵੀਜ਼ਾ ਤੋਂ ਛੋਟ ਲਈ ਯੋਗ ਹਨ ਜਾਂ ਵੱਖ ਵੱਖ ਦੇਸਾਂ ਨਾਲ ਭਾਰਤ ਦੇ ਵੀਜ਼ਾ ਸਬੰਧੀ ਹੋਏ ਖਾਸ ਸਮਝੌਤਿਆਂ ਤਹਿਤ ਯੋਗ ਹਨ, ਦੇ ਡਿਪੈਂਡੈਂਟ ਪਰਿਵਾਰਕ ਮੈਂਬਰਾਂ ਉੱਤੇ ਵੀਜ਼ਾ ਹਾਸਲ ਕਰਨ ਦੀ ਸ਼ਰਤ ਲਾਗੂ ਨਹੀਂ ਹੋਵੇਗੀ।

3. ਨੇਪਾਲ ਤੇ ਭੂਟਾਨ ਦੇ ਨਾਗਰਿਕਾਂ ਨੂੰ ਤੀਜੀ ਦੁਨੀਆ ਦੇ ਦੇਸ਼ਾਂ ਸਮੇਤ, ਕਿਸੇ ਵੀ ਹੋਰ ਦੇਸ਼ ਤੋਂ ਭਾਰਤ ਦਾ ਦੌਰਾ ਕਰਨ ਦੀ ਇਜਾਜ਼ਤ ਹੈ।

4. ਕੁਆਰਨਟੀਨ ਤੇ ਹੈਲਥ/ਕੋਵਿਡ-19 ਨਾਲ ਸਬੰਧਤ ਹੋਰਨਾਂ ਮੁੱਦਿਆਂ ਦੇ ਸਬੰਧ ਵਿੱਚ ਸਿਹਤ ਤੇ ਪਰਿਵਾਰ ਭਲਾਈ ਮੰਤਰਾਲੇ ਵੱਲੋਂ ਜਾਰੀ ਹੋਰ ਗਾਈਡਲਾਈਨਜ਼ ਦਾ ਪਾਲਣ ਕਰਨਾ ਹਰ ਐਪਲੀਕੈਂਟ ਲਈ ਲਾਜ਼ਮੀ ਹੋਵੇਗਾ ਤੇ ਹਰ ਕਿਸੇ ਨੂੰ ਟਰੈਵਲ ਤੇ ਕੁਆਰਨਟੀਨ ਸਬੰਧੀ ਗਾਈਡਲਾਈਨਜ਼ ਦਾ ਵੀ ਪਾਲਣ ਕਰਨਾ ਹੋਵੇਗਾ, ਇਹ ਗਾਈਡਲਾਈਨਜ਼ ਨਵੀਂ ਦਿੱਲੀ ਏਅਰਪੋਰਟ ਦੀ ਵੈੱਬਸਾਈਟ https://www.newdelhiairport.in/ ਉੱਤੇ ਵੀ ਉਪਲਬਧ ਹਨ।

5. ਭਾਰਤ ਦੇ ਵੀਜ਼ਾ ਲਈ ਕਿਵੇਂ ਅਪਲਾਈ ਕੀਤਾ ਜਾਵੇ : ਇੱਥੇ ਦਿੱਤੇ ਜਾ ਰਹੇ ਲਿੰਕ ਹਟਟਪਸ://ਨਿਦਅਿਨ-ਵਸਿਅੋਨਲਨਿਏ।ਗੋਵ।ਨਿ/ ਉੱਤੇ ਚੰਗੀ ਤਰ੍ਹਾਂ ਭਰਿਆ ਹੋਇਆ ਰੈਗੂਲਰ/ਪੇਪਰ ਵੀਜ਼ਾ ਐਪਲੀਕੇਸ਼ਨ ਫਾਰਮ ਲੋੜੀਂਦੇ ਦਸਤਾਵੇਜ਼ਾਂ ਤੇ ਫੀਸ ਨਾਲ ਵਿਅਕਤੀਗਤ ਤੌਰ ਉੱਤੇ ਬੀਐਲਐਸ ਬਰੈਂਪਟਨ ਆਫਿਸ (20 Gillingham Drive, Unit 701, Brampton, ON L6X 5A5) ਜਾ ਕੇ ਜਮ੍ਹਾਂ ਕਰਵਾਉਣਾ ਹੋਵੇਗਾ।

ਸਿਰਫ ਮੌਤ ਤੇ ਨਾਜ਼ੁਕ ਹਾਲਤ ਵਾਲੇ ਪਰਿਵਾਰਕ ਮੈਂਬਰ ਦੇ ਹਸਪਤਾਲ ਦਾਖਲ ਹੋਣ ਦੇ ਸਬੰਧ ਵਿੱਚ ਐਮਰਜੰਸੀ ਵੀਜ਼ਾ ਬੇਨਤੀਆਂ ਨੂੰ ਇੱਕ ਜਾਂ ਦੋ ਦਿਨ ਪਹਿਲਾਂ ਕਾਊਂਸਲੇਟ (365 Bloor St E #700, Toronto, ON M4W 3L4) ਵਿੱਚ ਲੋੜੀਂਦੇ ਦਸਤਾਵੇਜ਼ਾਂ, ਫੀਸ (ਜੋ ਕਿ ਡੈਬਿਟ ਕਾਰਡ ਜਾਂ ਕਾਊਂਸਲੇਟ ਜਨਰਲ ਆਫ ਇੰਡੀਆ, ਟੋਰਾਂਟੋ ਦੇ ਨਾਂ ਉੱਤੇ ਬੈਂਕ ਡਰਾਫਟ ਰਾਹੀਂ ਜਮ੍ਹਾਂ ਕਰਵਾਈ ਜਾ ਸਕਦੀ ਹੈ), ਕਨਫਰਮ ਏਅਰ ਟਿਕਟ, ਆਦਿ ਨਾਲ ਜਮ੍ਹਾਂ ਕਰਵਾਇਆ ਜਾ ਸਕਦਾ ਹੈ।

ਕਾਊਂਸਲੇਟ ਵਿੱਚ ਵਿਜ਼ਿਟ ਲਈ ਅਗਾਊਂ apuafieMtmY^t visa.toronto@mea.gov.in. ਤੋਂ ਹਾਸਲ ਕੀਤੀ ਜਾ ਸਕਦੀ ਹੈ। ਕ੍ਰਿਪਾ ਕਰਕੇ ਇਹ ਨੋਟ ਕੀਤਾ ਜਾਵੇ ਕਿ ਕੋਵਿਡ-19 ਮਹਾਂਮਾਰੀ ਕਾਰਨ ਕਾਊਂਸਲੇਟ ਦੀ ਬਿਲਡਿੰਗ ਵਿੱਚ ਦਾਖਲੇ 'ਤੇ ਪਾਬੰਦੀ ਹੈ, ਜਿਹੜੇ ਐਪਲੀਕੈਂਟਸ ਬਿਨਾਂ ਅਗਾਊਂ ਅਪੁਆਇੰਟਮੈਂਟ ਦੇ ਕਾਊਂਸਲੇਟ ਵਿਜ਼ਿਟ ਕਰਨਗੇ ਉਨ੍ਹਾਂ ਨੂੰ ਐਂਟਰਟੇਨ ਨਹੀਂ ਕੀਤਾ ਜਾਵੇਗਾ।

6. ਐਪਲੀਕੈਂਟਸ ਨੂੰ ਸਵਾਲ ਪੁੱਛਣ ਤੋਂ ਪਹਿਲਾਂ ਇੱਕ ਵਾਰੀ ਕਾਊਂਸਲੇਟ ਦੀ ਵੈੱਬਸਾਈਟ www.cgitoronto.gov.in. ਚੰਗੀ ਤਰ੍ਹਾਂ ਵੇਖਣ ਦੀ ਗੁਜ਼ਾਰਿਸ਼ ਕੀਤੀ ਜਾਂਦੀ ਹੈ।

## 14 ਲੱਖ ਦੀ ਨਕਦੀ ਸਮੇਤ ਲੁਟੇਰੇ ਏ ਟੀ ਐਮ ਉਖਾੜ ਕੇ ਲੈ ਗਏ

ਜ਼ੀਰਕਪੁਰ, 22 ਅਕਤੂਬਰ (ਪੋਸਟ ਬਿਊਰੋ)- ਏਥੇ ਵੀ ਆਈ ਪੀ ਰੋਡ 'ਤੇ ਕੋਟਕ ਮਹਿੰਦਰਾ ਬੈਂਕ ਦਾ ਏ ਟੀ ਐਮ ਕੱਲ੍ਹ ਲੁਟੇਰੇ ਉਖਾੜ ਕੇ ਲੈ ਗਏ। ਇਸ ਏ ਟੀ ਐਮ ਵਿੱਚ 14 ਲੱਖ ਰੁਪਏ ਕੈਸ਼ ਸਨ। ਪੁਲਸ ਨੇ ਕੁਝ ਘੰਟਿਆਂ ਵਿੱਚ ਏ ਟੀ ਐਮ ਸਮੇਤ ਇੱਕ ਲੁਟੇਰੇ ਨੂੰ ਕਾਬੂ ਕਰ ਲਿਆ, ਪਰ ਉਨ੍ਹਾਂ ਦੇ ਤਿੰਨ ਸਾਥੀ ਫਰਾਰ ਹੋ ਗਏ। ਪੁਲਸ ਨੇ ਫੜੇ ਗਏ ਦੋਸ਼ੀ ਤੋਂ ਇੱਕ ਏਅਰ ਗੰਨ, ਪਿਸਤੌਲ ਸਮੇਤ ਹੋਰ ਤੇਜ਼ਧਾਰ ਹਥਿਆਰ, ਹਥੌੜੀ ਆਦਿ ਬਰਾਮਦ ਕੀਤੀ ਹੈ।

ਇਸ ਬਾਰੇ ਐਸ ਪੀ ਦੇਹਾਤੀ ਰਵਜੋਤ ਸਿੰਘ ਨੇ ਦੱਸਿਆ ਕਿ ਸਵਿਤਰੀ ਹਾਈਟਸ-2 ਦੇ ਨੇੜੇ ਕੋਟਕ ਮਹਿੰਦਰਾ ਬੈਂਕ ਦੇ ਏ ਟੀ ਐਮ ਨੂੰ ਚਾਰ ਲੁਟੇਰੇ ਸਵੇਰੇ ਕਰੀਬ ਸਾਢੇ ਚਾਰ ਵਜੇ ਉਖਾੜ ਕੇ ਬੋਲੈਰੋ ਗੱਡੀ ਵਿੱਚ ਲੈ ਗਏ। ਘਟਨਾ ਦੀ ਸੂਚਨਾ ਬੈਂਕ ਦੇ ਕੋਲ ਇੱਕ ਢਾਬੇ ਵਾਲੇ ਨੇ ਪਟਿਆਲਾ ਰੋਡ 'ਤੇ ਆਪਣੇ ਸਾਥੀ ਕਰਮਚਾਰੀ ਨੂੰ ਦਿੱਤੀ। ਐਸ ਐਚ ਓ ਤੁਰੰਤ ਪੁਲਸ ਪਾਰਟੀ ਸਮੇਤ ਪਹੁੰਚੇ ਅਤੇ ਛਾਣਬੀਣ ਸ਼ੁਰੂ ਕੀਤੀ। ਪਤਾ ਲੱਗਾ ਹੈ ਕਿ ਪਟਿਆਲਾ ਰੋਡ ਉਤੇ ਲੁਟੇਰੇ ਏ ਟੀ ਐਮ ਨੂੰ ਘਸੀਟਦੇ ਹੋਏ ਇੱਕ ਸੁਨਸਾਨ ਜਗ੍ਹਾ ਲੈ ਗਏ, ਜਿੱਥੇ ਏ ਟੀ ਐਮ ਤੋੜਨ ਦੀ ਕੋਸ਼ਿਸ਼ ਕੀਤੀ। ਪੁਲਸ ਨੇ ਸੜਕ ਉੱਤੇ ਏ ਟੀ ਐਮ ਨੂੰ ਘਸੀਟਣ ਦੇ ਨਿਸ਼ਾਨ ਦੇਖੇ ਅਤੇ ਪਿੱਛਾ ਕਰਦੇ ਹੋਏ ਪੁਲਸ ਪਿੰਡ ਰਾਮਗੜ੍ਹ ਭੁਡਾ ਦੇ ਖੇਤਰ ਵਿੱਚ ਉਸ ਸੁਨਸਾਨ ਜਗ੍ਹਾ 'ਤੇ ਪਹੁੰਚੀ ਜਿੱਥੇ ਲੁਟੇਰੇ ਏ ਟੀ ਐਮ ਤੋੜਨ ਦੀ ਕੋਸ਼ਿਸ਼ ਕਰ ਰਹੇ ਸੀ। ਪੁਲਸ ਨੇ ਇੱਕ ਦੋਸ਼ੀ ਨੂੰ ਕਾਬੂ ਕਰ ਲਿਆ, ਜਦਕਿ ਬਾਕੀ ਦੋਸ਼ੀ ਫਰਾਰ ਹੋ ਗਏ। ਪੁਲਸ ਨੇ ਮੌਕੇ ਤੋਂ ਏ ਟੀ ਐਮ ਮਸ਼ੀਨ ਅਤੇ ਲੁੱਟ ਵਿੱਚ ਵਰਤੀ ਗਈ ਬੋਲੈਰੋ ਗੱਡੀ ਵੀ ਬਰਾਮਦ ਕਰ ਲਈ ਹੈ। ਕਾਬੂ ਦੋਸ਼ੀ ਦੀ ਪਹਿਚਾਣ ਅਨਮੋਲ ਅਰੋੜਾ ਵਾਸੀ 126 ਏ ਜਰਨੈਲ ਐਨਕਲੇਵ ਫੇਜ-1 ਬੈਕ ਸਾਈਡ ਲਕੀ ਢਾਬਾ, ਭਬਾਤ ਰੋਡ ਜ਼ੀਰਾਪੁਰ ਵਜੋਂ ਹੋਈ ਹੈ। ਉਸ ਨੇ ਦਸਿਆ ਕਿ ਵਾਰਦਾਤ ਵਿੱਚ ਉਸ ਦੇ ਨਾਲ ਅਭਿਸ਼ੇਕ ਕਟਿਆਲ ਨਿਵਾਸੀ ਹਿਲ ਵਿਊ ਐਨਕਲੇਵ ਢਕੌਲੀ, ਦੀਪਕ ਸ਼ਰਮਾ ਪਿੰਡ ਦੱਫਰਪੁਰ, ਗੁਰਪ੍ਰੀਤ ਸਿੰਘ ਉਰਫ ਟਿੰਕੂ ਨਿਵਾਸੀ ਪਿੰਡ ਦੇਵੀਨਗਰ ਸੈਕਟਰ-3 ਪੰਚਕੂਲਾ ਸ਼ਾਮਲ ਸੀ।

ਕੈਨੇਡੀਅਨ ਪੰਜਾਬੀ ਪੋਸਟ
Punjabipost.ca
905-793-2202
27 Armthorpe Rd #3,
Brampton, L6T 5M4

| | |
|---|---|
| Founder Editor | Jagdish Singh Grewal |
| Managing Director | Parminder Kaur Grewal |
| Contributing Editors | Gyan Singh; Angrej Singh |
| Office Admin | Priya Dhillon |
| Graphic Designer | Priya Dhillon |
| Photographer | Kanwaljit Singh Kanwal |
| Distributer | Aman Warraich |

Punjabi Post is a daily newspaper, published *Monday to Friday*. Advertiser is solely responsible for the ads content, releasing Punjabi post from any and all liability arising from Advertiser's use of the ads/advertising materials as permitted in an Agreement or IO. The opinions expressed in the articles & columns are those of the writers, editors or any other staff member at Punjabi post assume no responsibility of any kind. Thank you.

## ਅਲਬਰਟਾ ਵਿੱਚ ਰੈਪਿਡ ਟੈਸਟਿੰਗ ਨਾਲ ਕੁੱਝ ਟਰੈਵਲਰਜ਼ ਨੂੰ ਸਿਰਫ ਇੱਕ ਹਫਤੇ ਹੀ ਰਹਿਣਾ ਹੋਵੇਗਾ ਕੁਆਰਨਟੀਨ

...ਪੰਨਾ 1 ਦਾ ਬਾਕੀ

ਇਹ ਉਨ੍ਹਾਂ ਦੋ ਲੋਕੇਸ਼ਨਾਂ ਵਿੱਚੋਂ ਇੱਕ ਹੈ ਜਿੱਥੇ ਇਹ ਰੈਪਿਡ ਟੈਸਟ ਕਰਵਾਏ ਜਾਣਗੇ। ਦੂਜੀ ਲੋਕੇਸ਼ਨ ਕੂਟਸ, ਅਲਬਰਟਾ ਵਿੱਚ ਲੈਂਡ ਬਾਰਡਰ ਕਰੌਸਿੰਗ ਹੈ। ਇਸ ਪਲੈਨ ਨੂੰ ਐਡਮੰਟਨ ਇੰਟਰਨੈਸ਼ਨਲ ਏਅਰਪੋਰਟ ਉੱਤੇ ਵੀ ਲਾਗੂ ਕਰਨ ਦੀ ਯੋਜਨਾ ਹੈ।

ਇਸ ਦੌਰਾਨ ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਨੇ ਆਖਿਆ ਕਿ ਉਹ ਵੀ ਇਸ ਪ੍ਰੋਜੈਕਟ ਉੱਤੇ ਬਾਰੀਕੀ ਨਾਲ ਨਜ਼ਰ ਰੱਖ ਰਹੇ ਹਨ ਤੇ ਇਸ ਨੂੰ ਅਪਨਾਉਣ ਲਈ ਸਾਰੇ ਪੱਖ ਖੁੱਲ੍ਹੇ ਰੱਖ ਕੇ ਚੱਲ ਰਹੇ ਹਨ। ਪਰ ਉਨ੍ਹਾਂ ਨਾਲ ਹੀ ਇਹ ਵੀ ਆਖਿਆ ਕਿ ਟੋਰਾਂਟੋ ਪੀਅਰਸਨ ਏਅਰਪੋਰਟ ਉੱਤੇ ਕੈਲਗਰੀ ਨਾਲੋਂ ਦੁਨੀਆਂ ਭਰ ਦੀਆਂ ਵੱਖ ਵੱਖ ਥਾਂਵਾਂ ਤੋਂ ਕਿਤੇ ਜ਼ਿਆਦਾ ਕੌਮਾਂਤਰੀ ਪੈਸੈਂਜਰ ਆਉਂਦੇ ਹਨ ਤੇ ਇੱਥੇ ਇਸ ਤਰ੍ਹਾਂ ਦਾ ਪ੍ਰੋਜੈਕਟ ਲਾਗੂ ਕੀਤਾ ਜਾਣਾ ਸੁਖਾਲਾ ਨਹੀਂ ਹੈ।

## ਦੁੱਲੇ ਵਾਲਾ ਪਿੰਡ ਵਿੱਚ ਗੁਟਕਾ ਸਾਹਿਬ ਦੀ ਬੇਅਦਬੀ

ਭਾਈ ਰੂਪਾ, 22 ਅਕਤੂਬਰ (ਪੋਸਟ ਬਿਊਰੋ)- ਬਠਿੰਡਾ ਜ਼ਿਲ੍ਹੇ ਦੇ ਸਲਾਬਤਪੁਰਾ ਕੋਲ ਪਿੰਡ ਦੁੱਲੇ ਵਾਲਾ ਵਿੱਚ ਦੇਰ ਸ਼ਾਮ ਗੁਟਕਾ ਸਾਹਿਬ ਦੀ ਬੇਅਦਬੀ ਦੀ ਘਟਨਾ ਵਾਪਰ ਹੈ। ਇਸ ਬਾਰੇ ਪਿੰਡ ਦੇ ਸਰਪੰਚ ਬੀਰਾ ਸਿੰਘ ਨੇ ਦੱਸਿਆ ਕਿ ਜਦੋਂ ਉਹ ਆਪਣੀ ਡਿਊਟੀ ਪੂਰੀ ਕਰ ਕੇ ਆਪਣੇ ਘਰ ਪਹੁੰਚੇ ਤਾਂ ਉਨ੍ਹਾਂ ਨੂੰ ਪਿੰਡ ਵਾਸੀਆਂ ਤੋਂ ਪਤਾ ਲੱਗਾ ਕਿ ਪਿੰਡ ਦੇ ਸਰਕਾਰੀ ਹਾਈ ਸਕੂਲ ਦੇ ਕੋਲ ਤਿੰਨ ਸਥਾਨਾਂ 'ਤੇ ਗੁਟਕਾ ਸਾਹਿਬ ਦੇ ਅੰਗ ਖਿੱਲਰੇ ਹੋਏ ਹਨ। ਇਸ 'ਤੇ ਉਨ੍ਹਾਂ ਨੇ ਪੁਲਸ ਪ੍ਰਸ਼ਾਸਨ ਨੂੰ ਸੂਚਿਤ ਕੀਤਾ। ਸੂਚਨਾ ਮਿਲਣ 'ਤੇ ਐਸ ਪੀ ਬਠਿੰਡਾ ਅਤੇ ਡੀ ਐਸ ਪੀ ਫੂਲ ਘਟਨਾ ਸਥਾਨ 'ਤੇ ਪਹੁੰਚੇ। ਪਿੰਡ ਵਾਸੀਆਂ ਦਾ ਕਹਿਣਾ ਹੈ ਕਿ ਇਹ ਕਿਸੇ ਅਸਮਾਜਿਕ ਅਨਸਰ ਦਾ ਕੰਮ ਹੋਵੇਗਾ, ਜਿਸ ਦਾ ਮਕਸਦ ਸਿੱਖ ਭਾਈਚਾਰੇ ਨੂੰ ਅਸਥਿਰ ਕਰਨਾ ਅਤੇ ਸਦਭਾਵਨਾ ਖ਼ਰਾਬ ਕਰਨਾ ਹੈ।

## ਤੀਸਰੀ 'ਐੱਨਲਾਈਟ ਕਿੱਡਜ਼ ਰੱਨ ਫਾਰ ਐਜੂਕੇਸ਼ਨ' ਵਰਚੂਅਲ ਰੂਪ 'ਚ ਕੈਲਾਡਨ ਟਰੇਲ ਵਿਖੇ ਕਰਵਾਈ ਗਈ

### * 2000 ਡਾਲਰ ਦਾ ਚੈੱਕ 'ਨਾਈਟਸ ਟੇਬਲ' ਫੂਡ ਬੈਂਕ ਨੂੰ ਭੇਂਟ ਕੀਤਾ ਗਿਆ



ਕੈਲਾਡਨ, (ਡਾ. ਝੰਡ) - 'ਐੱਨਲਾਈਟ ਕਿੱਡਜ਼ ਰੱਨ ਫ਼ਾਰ ਐਜੂਕੇਸ਼ਨ' ਦੇ ਤੀਸਰੇ ਈਵੈਂਟ ਦਾ ਸਫ਼ਲ ਆਯੋਜਨ ਲੰਘੇ ਐਤਵਾਰ 18 ਅਕਤੂਬਰ ਨੂੰ ਵਰਚੂਅਲ ਰੂਪ ਵਿਚ ਕੈਲੇਡਨ ਟਰੇਲ ਵਿਖੇ ਕਰਾਇਆ ਗਿਆ। ਕਰੋਨਾ ਮਹਾਂਮਾਰੀ ਦੇ ਚੱਲ ਰਹੇ ਅਜੋਕੇ ਪ੍ਰਕੋਪ ਦੇ ਕਾਰਨ ਸਰਕਾਰੀ ਹਦਾਇਤਾਂ ਦੀ ਪੂਰੀ ਤਰ੍ਹਾਂ ਪਾਲਣਾ ਕਰਦਿਆਂ ਹੋਇਆਂ ਇਸ ਮੌਕੇ 25 ਦੌੜਾਕਾਂ ਤੇ ਵਾੱਕਰਾਂ ਵੱਲੋਂ ਇਸ ਵਿਚ ਹਿੱਸਾ ਲਿਆ ਗਿਆ। ਉਨ੍ਹਾਂ ਸਾਰਿਆਂ ਨੇ ਆਪਣੇ ਚਿਹਰਿਆਂ 'ਤੇ ਮਾਸਕ ਪਹਿਨੇ ਹੋਏ ਸਨ ਜੋ ਦੌੜਨ ਸਮੇਂ ਹੀ ਪਾਸੇ ਕੀਤੇ ਗਏ। ਉਂਜ, ਇਸ ਈਵੈਂਟ ਲਈ ਰਜਿਸਟਰ ਹੋਏ ਲੱਗਭੱਗ 150 ਦੌੜਾਕਾਂ ਨੇ ਆਪੋ ਆਪਣੇ ਰਿਹਾਇਸ਼ੀ ਘਰਾਂ ਦੇ ਨੇੜਲੇ ਪਾਰਕਾਂ, ਵਾਕ-ਵੇਜ਼ ਅਤੇ ਟਰੇਲਾਂ 'ਤੇ ਦੌੜ ਕੇ ਇਸ ਈਵੈਂਟ ਵਿਚ ਆਪਣੀ ਸ਼ਮੂਲੀਅਤ ਦਰਜ ਕਰਵਾਈ।

ਦੌੜ ਦੇ ਇਸ ਈਵੈਂਟ ਵਿਚ ਭਾਗ ਲੈਣ ਲਈ ਇਸ ਵਿਚ ਦੌੜਨ ਦੇ ਚਾਹਵਾਨ ਸਵੇਰੇ 8.45 ਵਜੇ ਕੈਲਾਡਨ ਦੇ ਸਿਵਿਕ ਹਾਲ ਦੀ ਵਿਸ਼ਾਲ ਪਾਰਕਿੰਗ ਵਿਖੇ ਇਕੱਠੇ ਹੋਏ। ਉੱਥੇ ਸਵੇਰੇ 9.00 ਵਜੇ ਈਵੈਂਟ ਦੇ ਪ੍ਰਬੰਧਕਾਂ ਵੱਲੋਂ 2000 ਡਾਲਰ ਦਾ ਚੈੱਕ 'ਨਾਈਟਸ ਟੇਬਲ' ਫੂਡ ਬੈਂਕ ਦੇ ਅਧਿਕਾਰੀਆਂ ਨੂੰ ਭੇਂਟ ਕੀਤਾ ਗਿਆ ਅਤੇ ਠੀਕ 9.05 ਵਜੇ ਸਾਰੇ ਦੌੜਾਕ ਕੈਲੇਡਨ ਟਰੇਲ ਉੱਪਰ ਆ ਗਏ। ਪੰਜ ਕਿਲੋਮੀਟਰ ਦੌੜਨ ਵਾਲਿਆਂ ਨੂੰ ਪੂਰਬ ਵੱਲ ਅਤੇ 10 ਕਿਲੋਮੀਟਰ ਦੌੜਨ ਵਾਲਿਆਂ ਨੂੰ ਪੱਛਮ ਦੀ ਦਿਸ਼ਾ ਵੱਲ ਜਾਣ ਲਈ ਕਿਹਾ ਗਿਆ ਤਾਂ ਜੋ ਟਰੇਲ ਉੱਪਰ ਇੱਕੋ ਸਮੇਂ ਵਧੇਰੇ ਰੱਸ਼ ਨਾ ਹੋਵੇ। ਇਸ ਦੇ ਨਾਲ ਹੀ ਉਨ੍ਹਾਂ ਨੂੰ ਆਪਸ ਵਿਚ ਘੱਟੋ-ਘੱਟ 8-10 ਫ਼ੁੱਟ ਦਾ ਫ਼ਾਸਲਾ ਰੱਖਣ ਦੀਆਂ ਹਦਾਇਤਾਂ ਵੀ ਦਿੱਤੀਆਂ ਗਈਆਂ ਜਿਨ੍ਹਾਂ ਦੀ ਉਨ੍ਹਾਂ ਵੱਲੋਂ ਬਾਖ਼ੂਬੀ ਪਾਲਣਾ ਕੀਤੀ ਗਈ।

ਵਾਪਸੀ 'ਤੇ ਦੌੜਾਕਾਂ ਤੇ ਵਾੱਕਰਾਂ ਨੂੰ ਪੀ.ਟੀ.ਐੱਨ.24, 'ਪਰਵਾਸੀ' ਅਤੇ 'ਚੜ੍ਹਦੀ ਕਲਾ' ਆਦਿ ਅੱਧੀ ਦਰਜਨ ਤੋਂ ਵਧੀਕ ਟੀ.ਵੀ.ਚੈਨਲਾਂ ਨੂੰ ਕੱਵਰ ਕਰਨ ਵਾਲੇ ਚਮਕੌਰ ਮਾਛੀਕੇ ਅਤੇ 'ਜ਼ੀ.ਟੀ.ਵੀ.' ਦੇ ਦਪਿੰਦਰ ਨੇ ਆਪਣੇ ਕੈਮਰਿਆਂ ਵਿਚ ਕੈਦ ਕੀਤਾ ਅਤੇ ਪ੍ਰਬੰਧਕਾਂ ਅਤੇ ਦੌੜਾਕਾਂ ਕੋਲੋਂ ਇਸ ਈਵੈਂਟ ਦੇ ਆਯੋਜਨ ਤੇ ਨਿੱਜੀ ਤਜਰਬੇ ਬਾਰੇ ਜਾਣਕਾਰੀ ਹਾਸਲ ਕੀਤੀ। ਸਾਰਿਆਂ ਨੇ ਫ਼ਰੂਟ ਦੀ ਰਿਫ਼ਰੈੱਸ਼ਮੈਂਟ ਅਤੇ ਟੀ.ਪੀ.ਏ.ਆਰ. ਕਲੱਬ ਦੇ ਸਰਗ਼ਰਮ ਮੈਂਬਰ ਸੰਜੂ ਗੁਪਤਾ ਵੱਲੋਂ ਆਪਣੇ ਹੱਥੀ ਬਣਾ ਕੇ ਲਿਆਂਦੇ ਗਏ ਗਰਮ-ਗਰਮ ਕੜਾਹ-ਪ੍ਰਸ਼ਾਦ ਦਾ ਆਨੰਦ ਲਿਆ। ਇਸ ਕਲੱਬ ਦੇ ਚੇਅਰਪਰਸਨ ਸੰਧੂਰਾ ਸਿੰਘ ਬਰਾੜ ਜੋ ਆਪਣੇ 17 ਸਾਥੀਆਂ ਨਾਲ ਇਸ ਇਸ ਈਵੈਂਟ ਵਿਚ ਸ਼ਾਮਲ ਹੋਏ, ਵੱਲੋਂ ਤਿੰਨ ਵੱਡੀਆਂ ਥਰਮੋਸ ਕੈਟਲਾਂ ਵਿਚ ਲਿਆਂਦੀ ਗਈ ਗਰਮ ਚਾਹ ਨੇ ਇਸ ਆਨੰਦ ਵਿਚ ਹੋਰ ਵੀ ਵਾਧਾ ਕੀਤਾ, ਕਿਉਂਕਿ ਸਵੇਰੇ ਹਲਕੀ ਜਿਹੀ ਹੋਈ ਬਾਰਸ਼ ਨੇ ਮੌਸਮ ਕੁਝ ਠੰਢਾ ਵੀ ਕਰ ਦਿੱਤਾ ਸੀ। ਕੁਲ ਮਿਲਾ ਕੇ ਦੌੜ ਦਾ ਕੀਤਾ ਗਿਆ ਇਹ ਸੰਖੇਪ ਆਯੋਜਨ ਬਹੁਤ ਸਫ਼ਲ ਰਿਹਾ।

ਇਸ ਮੌਕੇ ਗੱਲਬਾਤ ਕਰਦਿਆਂ ਈਵੈਂਟ ਦੇ ਮੁੱਖ-ਆਯੋਜਕ ਨਰਿੰਦਰ ਪਾਲ ਬੈਂਸ ਨੇ ਦੱਸਿਆ ਕਿ ਇਹ ਉਨ੍ਹਾਂ ਦੀ ਸੰਸਥਾ ਵੱਲੋਂ ਆਯੋਜਿਤ ਕੀਤਾ ਗਿਆ ਤੀਸਰਾ ਹੰਭਲਾ ਹੈ। ਪਹਿਲਾ ਈਵੈਂਟ ਵੀ 2018 ਵਿਚ ਏਸੇ ਜਗ੍ਹਾ 'ਤੇ ਆਯੋਜਿਤ ਕੀਤਾ ਗਿਆ ਸੀ ਜਿਸ ਵਿਚ 100 ਦੇ ਕਰੀਬ ਦੌੜਾਕਾਂ ਨੇ ਭਾਗ ਲਿਆ ਸੀ। ਪਿਛਲੇ ਸਾਲ 2019 ਵਿਚ ਇਹ ਈਵੈਂਟ ਬਰੈਂਪਟਨ ਦੇ ਚਿੰਗੁਆਕੂਜ਼ੀ ਪਾਰਕ ਵਿਚ ਕੀਤਾ ਗਿਆ ਜਿਸ ਵਿਚ ਹਿੱਸਾ ਲੈਣ ਵਾਲਿਆਂ ਦੀ ਗਿਣਤੀ 200 ਤੋਂ ਵੀ ਵਧੇਰੇ ਸੀ। ਇਸ ਵਾਰ ਕਰੋਨਾ ਮਹਾਂਮਾਰੀ ਫ਼ੈਲਣ ਕਾਰਨ ਇਹ ਈਵੈਂਟ ਵਰਚੂਅਲ ਰੂਪ ਵਿਚ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਰਕਾਰੀ ਨਿਯਮਾਂ ਨੂੰ ਮੁੱਖ ਰੱਖਦਿਆਂ ਹੋਇਆਂ ਇਸ ਜਗ੍ਹਾ ਹੋਏ ਈਵੈਂਟ ਵਿਚ 25 ਦੌੜਾਕ ਹੀ ਸ਼ਾਮਲ ਹੋ ਸਕੇ ਹਨ ਪਰ ਇਸ ਸਮੇਂ ਤੱਕ ਰਜਿਸਟਰ ਹੋਏ 150 ਦੌੜਾਕਾਂ ਨੇ ਇਹ ਦੌੜ ਆਪਣੇ ਨੇੜੇ ਦੇ ਪਾਰਕਾਂ ਜਾਂ ਟਰੇਲਾਂ 'ਤੇ ਸੰਪੰਨ ਕੀਤੀ ਹੈ। ਇਹ ਈਵੈਂਟ ਅਕਤੂਬਰ ਮਹੀਨੇ ਅਖ਼ੀਰ ਤੱਕ ਖੁੱਲ੍ਹਾ ਹੈ ਜਿਸ ਦੇ ਲਈ ਰਜਿਸਟ੍ਰੇਸ਼ਨ ਸੰਸਥਾ ਦੀ ਵੈੱਬਸਾਈਟ enlightkids.ca 'ਤੇ ਜਾ ਕੇ ਕਰਵਾਈ ਜਾ ਸਕਦੀ ਹੈ। ਉਨ੍ਹਾਂ ਹੋਰ ਦੱਸਿਆ ਕਿ ਇਨ੍ਹਾਂ ਈਵੈਂਟਸ ਅਤੇ ਇਸ ਲਹਿਰ ਨਾਲ ਜੁੜਨ ਵਾਲੇ ਅਦਾਰਿਆਂ/ਵਿਅੱਕਤੀਆਂ ਤੋਂ ਪ੍ਰਾਪਤ ਹੋਣ ਵਾਲੀ ਰਕਮ ਭਾਰਤ ਵਿਚ ਪੜ੍ਹ ਰਹੇ ਲੋੜਵੰਦ 68 ਵਿਦਿਆਥੀਆਂ ਨੂੰ ਟਿਊਸ਼ਨ ਫ਼ੀਸ ਪੁਸਤਕਾਂ, ਯੂਨੀਫ਼ਾਰਮਾਂ, ਆਦਿ ਲਈ ਸਹਾਇਤਾ -ਰਾਸ਼ੀ ਵਜੋਂ ਭੇਜੀ ਜਾਂਦੀ ਹੈ ਅਤੇ ਅਗਲੇ ਸਾਲ ਤੋਂ ਇੱਥੋਂ ਕੈਨੇਡਾ ਦੇ 20 ਲੋੜਵੰਦ ਵਿਦਿਆਰਥੀਆਂ ਨੂੰ ਵੀ 500-500 ਡਾਲਰ ਵਜ਼ੀਫ਼ੇ ਦੇ ਰੂਪ ਵਿਚ ਮੁਹੱਈਆ ਕੀਤੀ ਜਾਇਆ ਕਰੇਗੀ।

ਹੋਟਲ ਵਿਚ ਕਲੀਨਿੰਗ ਦਾ ਕੰਮ ਕਰਨ ਲਈ ਇਕ ਔਰਤ ਦੀ ਜ਼ਰੂਰਤ
*ਵਧੀਆ ਘੰਟੇ
*15.50 ਡਾਲਰ ਪ੍ਰਤੀ ਘੰਟਾ ਰੇਟ
Locahon Kipling & Queensway (Etobicoke)
ਵਧੇਰੇ ਜਾਣਕਾਰੀ ਲਈ ਸੰਪਰਕ ਕਰੋ
416-816-1695

A-One Drivers TRAINING SCHOOL
G2, G ਦੀ ਹਿੰਦੀ, ਪੰਜਾਬੀ ਉਰਦੂ, ਅੰਗਰੇਜੀ ਭਾਸ਼ਾਵਾਂ ਦੇ ਵਿੱਚ ਪ੍ਰੋਫੈਸ਼ਨਲ ਤਰੀਕੇ ਨਾਲ ਟਰੇਨਿੰਗ ਦਿੱਤੀ ਜਾਂਦੀ ਹੈ
ਨਰਵਸ ਡਰਾਈਵਰ ਹੋ ਜਾਂ ਬਾਰ ਬਾਰ ਫੇਲ ਹੋਣ ਤੋਂ ਬਚਣ ਲਈ ਕਾਲ ਕਰ ਸਕਦੇ ਹੋ
ਫਰੀ ਪਿਕਅਪ
Best Rates For Lessons
] ਮੁਫਤ ਪਿਕਅਪ ਅਤੇ ਡਰਾਪ ਆਫ਼
] ਫੁੱਲ ਕੋਰਸ ਨਾਲ ਇੰਸ਼ੋਰੈਂਸ ਡਿਸਕਾਊਂਟ ਸਰਟੀਫਿਕੇਟ
] ਬਰੈਂਪਟਨ, ਮਿਸੀਸਾਗਾ ਦੇ ਇਲਾਕੇ ਵਿੱਚ ਸੇਵਾਵਾਂ
] ਵਾਜਿਬ ਕੀਮਤ
ਲੇਡੀ ਇੰਸਟ੍ਰਕਟਰ
647-998-7500 ਬਲਵਿੰਦਰ

Visions of Punjab
VISION ZOOMERTV
Airs Across Canada
Every Saturday
1:00 pm to 1:30 pm EST
10:00 am to 10:30 am PST
Mahal Entertainment Inc.
Cell:416-587-5520
Email: iqbalmahal46@gmail.com
Natasha Mahal Co-Host
Iqbal Mahal Producer & Host
Serving the South Asian Community Since 1976

GUNTAAS RADIO AM 530
Monday to Friday 10am to 11am
Jaswinder Kaur Taggar
jaswindertaggar3@yahoo.ca
647-765-2340 • For Marketing 647-656-6648

PUNJABI RANG RADIO
CAIO 530AM
11pm-12am
Every Saturday
Chamkaur Singh
Producer/Host
Cell: 416 662 1313
Email: punjabirang13@hotmail.com

BEST CANADIAN TRUCK & FORKLIFT TRAINING CENTRE
Registered as a Private Career College Under the Private Career College Act. 2005
AZ Tractor trailer program
Manual transmission & backup training everyday
We welcome welfare workers & compensation clients
Open Seven Days
Forklift Re-Certification Only $79.00/-
Karnail Singh
416.670.3173 | 905.799.7333
27 Edvac Dr, Brampton, ON L6S 5X8

ਖਿੜਕੀਆਂ ਅਤੇ ਦਰਵਾਜੇ ਲਗਵਾਓ Free Estimates
ਵਨਾਈਲ ਅਤੇ ਐਲੂਮੀਨੀਅਮ ਵਿੰਡੋਜ਼, ਸਟੋਰਮ ਡੋਰ, ਕਲੋਸੈਟ ਡੋਰ ਮਿਰਰਜ਼, ਪੋਰਚ ਐਨਕਲੋਜ਼ਡ, ਮੇਨ ਐਂਟਰੈਂਸ ਡੋਰ, ਹਰ ਤਰਾਂ ਦਾ ਗਲਾਸ ਰਿਪਲੇਸਮੈਂਟ
ਅਸੀਂ ਪੇਂਟ ਵੀ ਕਰਦੇ ਹਾਂ
24 ਘੰਟੇ ਤੁਹਾਡੀ ਸੇਵਾ ਵਿੱਚ
SINGH (TOCHI)
416-454-3031
647-784-8240
Email: tochisangha1@hotmail.com
CANADIAN GLASS AND WINDOW

# ਫਾਰਮਰਜ਼ ਅਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020 ਵਿੱਚ ਕਿਸਾਨ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਮੱਦਾਂ

ਭਾਰਤ ਸਰਕਾਰ ਨੇ ਸਤੰਬਰ 2020 ਵਿੱਚ ਤਿੰਨ ਕਾਨੂੰਨ ਬਣਾਏ ਹਨ ਜਿਹਨਾਂ ਨੂੰ ਕਿਸਾਨ ਵਿਰੋਧੀ ਗਰਦਾਨ ਕੇ ਪ੍ਰਚਾਰਿਆ ਜਾ ਰਿਹਾ ਹੈ। ਇਹਨਾਂ ਤਿੰਨਾਂ ਵਿੱਚੋਂ ਇੱਕ ਦਾ ਨਾਮ ਹੈ "ਫਾਰਮਰਜ਼ ਅਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020" ਅਤੇ ਇਸ ਵਿੱਚ ਕਿਸਾਨ ਦੇ ਹਿੱਤਾਂ ਦੀ ਰਾਖੀ ਕਰਨ ਵਾਲੀਆਂ ਕਈ ਮੱਦਾਂ ਹਨ। ਦੂਜੇ ਦੋ ਨਵੇਂ ਕਾਨੂੰਨਾਂ ਵੀ ਮਹੱਤਵ ਵਾਲੇ ਹਨ ਪਰ "ਫਾਰਮਰਜ਼ ਅਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020" ਦਾ ਕਿਸਾਨਾਂ ਲਈ ਖਾਸ ਮਹੱਤਵ ਹੈ।

"ਐਂਸਨਸ਼ਲ ਕੁਮੱਡਟੀ ਅਮੈਂਡਮੈਂਟ ਐਕਟ 2020" ਇੱਕ ਤਰਮੀਮੀ ਐਕਟ ਹੈ ਜਿਸ ਰਾਹੀਂ ਸਰਕਾਰ ਨੇ "ਐਂਸਨਸ਼ਲ ਕੁਮੱਡਟੀ ਐਕਟ 1955" ਦੀਆਂ ਕੁਝ ਮੱਦਾਂ ਵਿੱਚ ਕੁਝ ਤਰਮੀਮਾਂ ਕੀਤੀਆਂ ਹਨ। ਇੱਕ ਪ੍ਰਮੁੱਖ ਤਰਮੀਮ ਵਪਾਰੀ ਨੂੰ ਵੱਖ ਵੱਖ ਖੇਤੀ ਉਤਪਾਦ ਸਟਾਕ ਕਰਨ ਦਾ ਹੱਕ ਦਿੰਦੀ ਹੈ ਅਤੇ ਦੂਜੀ ਪ੍ਰਮੁੱਖ ਤਰਮੀਮ ਜਮਾਂਖੋਰੀ, ਕਮੀ ਅਤੇ ਕੀਮਤਾਂ ਵਧਣ ਦੀ ਹਾਲਤ ਵਿੱਚ ਸਰਕਾਰੀ ਦਖ਼ਲ ਦਾ ਹੱਕ ਬਹਾਲ ਰੱਖਦੀ ਹੈ।

"ਫਾਰਮਰਜ਼ ਪਰੋਡਿਊਸ ਟਰੇਡ ਐਂਡ ਕਾਮਰਸ ਐਕਟ 2020" ਖੇਤੀ ਉਤਪਾਦਾਂ ਦੀ ਪ੍ਰਚੱਲਤ ਮੰਡੀਆਂ ਰਾਹੀਂ ਖਰੀਦੋ-ਫਰੋਖਤ ਤੋਂ ਇਲਾਵਾ ਈ-ਟਰੇਡ ਅਤੇ ਕੰਨਟਰੈਕਟ ਫਾਰਮਿੰਗ ਵਰਗੇ ਬਦਲ ਪੇਸ਼ ਕਰਦਾ ਹੈ। ਇਹ ਕਾਨੂੰਨ ਸਾਰੇ ਦੇਸ਼ ਨੂੰ ਇਕ ਮੰਡੀ ਬਨਾਉਣ ਵੱਲ ਕਦਮ ਚੁੱਕਦਾ ਹੈ ਅਤੇ ਇਸ ਦੇ ਨਾਲ ਹੀ ਵਿਵਾਦ ਦੇ ਹੱਲ ਦਾ ਚੌਖਟਾ ਵੀ ਨਿਰਧਾਰਤ ਕਰਦਾ ਹੈ ਜੋ "ਫਾਰਮਰਜ਼ ਅਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020" ਦਾ ਵੀ ਹਿੱਸਾ ਹੈ।

ਇਹ ਤਿੰਨੇ ਕਾਨੂੰਨ ਇੰਟਰਾ-ਸਟੇਟ ਅਤੇ ਇੰਟਰ-ਸਟੇਟ ਵਪਾਰ ਲਈ ਖੁੱਲੀ ਮੰਡੀ ਵਾਲਾ ਚੌਖਟਾ ਮਹੁੱਈਆ ਕਰਵਾਉਂਦੇ ਹਨ। ਕੁਝ ਲੋਕ ਇਹਨਾਂ ਕਾਨੂੰਨਾਂ ਨੂੰ ਅੰਤਰਰਾਸ਼ਟਰੀ ਵਪਾਰ ਨਾਲ ਜੋੜਨ ਦੀ ਕੁਤਾਹੀ ਵੀ ਕਰਦੇ ਹਨ ਜੋ ਸਹੀ ਨਹੀਂ ਹੈ। ਉਹਨਾਂ ਦਾ ਖ਼ਦਸ਼ਾ ਹੈ ਕਿ ਵਪਾਰੀ ਬਾਹਰੋਂ ਸਸਤੇ ਉਤਪਾਦ ਇੰਪੋਰਟ ਕਰੇਗਾ ਜਿਸ ਨਾਲ ਕਿਸਾਨ ਦਾ ਨੁਕਸਾਨ ਹੋਵੇਗਾ। ਪਰ ਖੇਤੀ ਉਤਪਾਦ ਇੰਮਪੋਰਟ ਜਾਂ ਐਕਸਪੋਰਟ ਕਰਨ ਲਈ ਵੱਖਰੇ ਕਾਨੂੰਨ ਅਤੇ ਸ਼ਰਤਾਂ ਹਨ।

ਇਹਨਾਂ ਤਿੰਨ ਕਾਨੂੰਨਾਂ ਹੇਠ ਖਰੀਦ, ਟਰਾਂਸਪੋਰਟ, ਸਟਾਕ, ਗਰੇਡ, ਪੈਕ ਅਤੇ ਪ੍ਰਾਸਿਸ ਕੀਤੇ ਖੇਤੀ ਉਤਪਾਦ ਐਕਸਪੋਰਟ ਵੀ ਕੀਤੀ ਜਾ ਸਕਦੇ ਹਨ ਪਰ ਐਕਸਪੋਰਟਰ ਨੂੰ ਐਕਸਪੋਰਟ ਨਿਯਮਾਂ ਦੀ ਪਾਲਣਾ ਕਰਨੀ ਹੋਵੇਗੀ। ਉਦਾਹਰਣ ਵਜੋਂ ਅਗਰ ਕਿਸੇ ਉਤਪਾਦ ਦੀ ਦੇਸ਼ ਵਿੱਚ ਕਮੀ ਕਾਰਨ ਸਰਕਾਰ ਉਸ ਦੀ ਐਕਸਪੋਰਟ 'ਤੇ ਪਾਬੰਦੀ ਲਗਾ ਦਿੰਦੀ ਹੈ ਤਾਂ ਵਪਾਰੀ ਐਕਸਪੋਰਟ ਨਹੀਂ ਕਰ ਸਕੇਗਾ। ਏਸੇ ਤਰਾਂ ਓਹੀ ਖੇਤੀ ਉਤਪਾਦ ਇੰਮਪੋਰਟ ਕੀਤਾ ਜਾ ਸਕਦਾ ਜਿਸ ਦੀ ਸਰਕਾਰ ਆਗਿਆ ਦਿੰਦੀ ਹੈ। ਇਹ ਅੱਜ ਤੋਂ ਪਹਿਲਾਂ ਵੀ ਇਵੇਂ ਹੀ ਸੀ ਅਤੇ ਇਹਨਾਂ ਕਾਨੂੰਨਾਂ ਨਾਲ ਕੋਈ ਤਬਦੀਲੀ ਨਹੀਂ ਹੋਈ। ਸਿਰਫ਼ ਇੱਕ ਸੰਭਾਵੀ ਤਬਦੀਲੀ ਲਈ ਰਸਤਾ ਸਾਫ਼ ਹੋਇਆ ਹੈ ਅਤੇ ਉਹ ਹੈ ਦੇਸ਼ ਵਿੱਚ ਲੋੜ ਤੋਂ ਵੱਧ ਪੈਦਾ ਕੀਤੇ ਗਏ ਖੇਤੀ ਉਤਪਾਦਾਂ ਦੀ ਐਕਸਪੋਰਟ ਦੀ ਸੰਭਾਵਨਾ ਜਿਸ ਦਾ ਕਿਸਾਨ ਨੂੰ ਲਾਭ ਹੀ ਹੋ ਸਕਦਾ ਹੈ ਕੋਈ ਨੁਕਸਾਨ ਨਹੀਂ ਹੋ ਸਕਦਾ। ਸਰਕਾਰ ਵਾਧੂ ਓਤਪਾਦ ਨੂੰ ਐਕਸਪੋਰਟ ਕਰਨ ਦੀ ਆਗਿਆ ਦੇਵੇਗੀ ਤਾਂ ਹੀ ਵਪਾਰੀ ਆਪਣੇ ਖਰਚੇ 'ਤੇ ਖਰੀਦ, ਟਰਾਂਸਪੋਰਟ, ਸਟਾਕ, ਗਰੇਡ, ਪੈਕ ਅਤੇ ਪ੍ਰਾਸਿਸ ਕਰਕੇ ਐਕਸਪੋਰਟ ਕਰ ਸਕੇਗਾ। ਇਸ ਨਾਲ ਕਿਸਾਨ ਦਾ ਵਾਧੂ ਓਤਪਾਦ ਰੁਲਣ ਤੋਂ ਬਚੇਗਾ, ਦੇਸ਼ ਦੀ ਐਕਸਪੋਰਟ ਵਧੇਗੀ ਅਤੇ ਵਪਾਰੀ ਵੀ ਕਮਾਈ ਕਰ ਸਕੇਗਾ। ਵਿਦੇਸ਼ਾਂ ਵਿੱਚ ਥੋਕ ਮਾਰਕੀਟਿੰਗ ਅਤੇ ਕੁਲੈਕਸ਼ਨ ਦਾ ਰਿਸਕ ਵੀ ਵਪਾਰੀ ਦਾ ਆਪਣਾ ਹੋਵੇਗਾ। ਅਜੇਹਾ ਨਾ ਕਿਸਾਨ ਸਿੱਧੇ ਤੌਰ 'ਤੇ ਕਰ ਸਕਦਾ ਹੈ ਅਤੇ ਨਾ ਸਰਕਾਰ ਕਰ ਸਕਦੀ ਹੈ। ਹਾਂ ਕੁਝ ਬਹੁਤ ਵੱਡੇ ਕਿਸਾਨ ਹੋ ਸਕਦੇ ਹਨ ਜੋ ਅਜੇਹਾ ਧੰਦਾ ਕਰ ਸਕਦੇ ਹਨ ਪਰ ਫਿਰ ਉਹਨਾਂ ਨੂੰ ਕਿਸਾਨ ਤੋਂ ਇਲਾਵਾ ਵਪਾਰੀ ਅਤੇ ਕਾਰਪੋਰੇਟ ਕੈਟਾਗਰੀ ਵਿੱਚ ਰੱਖਣਾ ਪਵੇਗਾ।

ਇਹਨਾਂ ਕਾਨੂੰਨਾਂ ਦਾ ਵਿਰੋਧ ਕਰਨ ਵਾਲਿਆਂ ਦਾ ਦੋਸ਼ ਹੈ ਕਿ ਨਵੇਂ ਕਾਨੂੰਨਾਂ ਕਾਰਨ ਵੱਡੀਆਂ ਕਾਰਪੋਰੇਸ਼ਨ (ਖਾਸ ਕਰ ਅੰਬਾਨੀ ਅਤੇ ਅਡਾਨੀ) ਕਿਸਾਨ ਦੀ ਜ਼ਮੀਨ 'ਤੇ ਕਬਜ਼ਾ ਕਰ ਲੈਣਗੀਆਂ, ਕਰਜ਼ਾ ਲੈ ਲੈਣਗੀਆਂ, 30-30 ਸਾਲ ਜਾਂ ਵੱਧ ਸਮੇਂ ਲਈ ਲੀਜ਼ ਕਰ ਲੈਣਗੀਆਂ ਅਤੇ ਕਿਸਾਨ ਨੂੰ ਖਾ ਜਾਣਗੀਆਂ। ਕਿਸਾਨ ਨੂੰ ਫਸਲ ਦਾ ਪੂਰਾ ਮੁੱਲ ਨਹੀਂ ਮਿਲੇਗਾ, ਛੋਟਾ ਕਿਸਾਨ ਖ਼ਤਮ ਹੋ ਜਾਵੇਗਾ, ਕਾਰਪੋਰੇਸ਼ਨਾਂ ਕੋਲ ਵੱਡੇ ਵਕੀਲ ਹਨ, ਅਫਸਰਸ਼ਾਹੀ ਉਹਨਾਂ ਦੇ ਨਾਲ ਹੈ, ਕਾਰਪੋਰੇਸ਼ਨਾਂ ਫਸਲ ਦੀ ਗੁਣਵੱਤਾ ਜਾਂ ਗਰੇਡਿੰਗ ਕਰਨਗੀਆਂ ਆਦਿ। ਮਿਨੀਮਮ ਸਪੋਰਟ ਪ੍ਰਾਈਸ ਅਤੇ ਮੰਡੀਕਰਨ ਸਿਸਟਮ ਖ਼ਤਮ ਹੋ ਜਾਵੇਗਾ।

ਆਖਰੀ ਦੋ ਨੁਕਤੇ ਪਹਿਲਾਂ ਲੈਂਦੇ ਹਾਂ। ਐਮਐਸਪੀ ਜਾਂ ਮਿਨੀਮਮ ਸਪੋਰਟ ਪ੍ਰਾਈਸ ਕਿਸੇ ਕਾਨੂੰਨ ਦਾ ਹਿੱਸਾ ਨਹੀਂ ਹੈ। ਇਹ ਪਿਛਲੇ 6-7 ਦਹਾਕਿਆਂ ਤੋਂ ਮੌਕੇ ਦੀਆਂ ਸਰਕਾਰਾਂ ਦੀ ਨੀਤੀ ਦਾ ਨਾਮ ਹੈ। ਮੋਦੀ ਸਰਕਾਰ ਨੇ ਇਸ ਨੂੰ ਜਾਰੀ ਰੱਖਣ ਦੀ ਗੱਲ ਆਖੀ ਹੈ ਅਤੇ ਆ ਰਹੀ ਕਣਕ ਦੀ ਫਸਲ ਲਈ ਸਪੋਰਟ ਪ੍ਰਾਈਸ ਨਿਰਧਾਰਤ ਵੀ ਕਰ ਦਿੱਤੀ ਹੈ। ਭਾਰਤ ਸਰਕਾਰ ਸਿਰਫ਼ ਕਣਕ ਅਤੇ ਝੋਨਾ ਹੀ ਐਮਐਸਪੀ ਹੇਠ ਖਰੀਦਦੀ ਹੈ ਜਦਕਿ ਬਾਕੀ 98% ਫਸਲਾਂ (ਓਤਪਾਦ) ਦੀਆਂ ਕੀਮਤਾਂ ਵਿੱਚ ਵੱਡਾ ਫੇਰਬਦਲ ਹੁੰਦਾ ਹੈ ਜਿਸ ਕਾਰਨ ਕਈ ਵਾਰ ਕਿਸਾਨ ਦਾ ਵੱਡਾ ਨੁਕਸਾਨ ਹੁੰਦਾ ਹੈ। ਕੰਨਰੈਟਕਟ ਫਾਰਮਿੰਗ ਰਾਹੀਂ ਫਸਲ ਬੀਜਣ ਤੋਂ ਪਹਿਲਾਂ ਕਿਸਾਨ ਨੂੰ ਨਿਰਧਾਰਤ ਕੀਮਤ ਦੇਣ ਦੀ ਗਰੰਟੀ ਦਿੱਤੀ ਜਾ ਸਕੇਗੀ।

ਮੰਡੀਕਰਨ ਸਿਸਟਮ ਖ਼ਤਮ ਹੋ ਜਾਣ ਦਾ ਖਦਸ਼ਾ ਵੀ ਨਿਰਮੂਲ ਹੈ। ਅਗਰ ਕੰਨਟਰੈਕਟ ਫਾਰਮਿੰਗ ਕਿਸਾਨ ਨਾਲ ਧੋਖਾ ਹੈ ਜਿਸ ਤਰਾਂ ਪ੍ਰਚਾਰਿਆ ਜਾ ਰਿਹਾ ਹੈ ਤਾਂ 100% ਕਿਸਾਨ ਇਸ ਵੱਲ ਕਿਵੇਂ ਭੱਜ ਪੈਣਗੇ? ਵਪਾਰੀ ਸਾਰੇ ਖੇਤੀ ਉਤਪਾਦ ਕਿਵੇਂ ਖਰੀਦ ਲੈਣਗੇ? ਖਰੀਦ, ਟਰਾਂਸਪੋਰਟ, ਸਟੋਰ ਤੋਂ ਵੇਚਣ ਤੱਕ ਦੇ ਸਿਸਟਮ ਉੱਤੇ ਸਿਰਫ਼ ਵੱਡਾ ਖਰਚਾ ਹੀ ਨਹੀਂ ਕਰਨਾ ਪੈਣਾ ਸਗੋਂ ਵੱਡਾ ਰਿਸਕ ਵੀ ਲੈਣਾ ਪੈਣਾ ਹੈ। ਪੰਜਾਬ ਦਾ 2013 ਵਿੱਚ ਬਣਾਇਆ ਕੰਨਟਰੈਕਟ ਫਾਰਮਿੰਗ ਐਕਟ ਪਿਛਲੇ ਸੱਤ ਸਾਲਾਂ ਵਿੱਚ ਝਰੀਟ ਵੀ ਨਹੀਂ ਮਾਰ ਸਕਿਆ। ਮਜੂਦਾ ਮੰਡੀਕਰਨ ਸਿਸਟਮ ਅਨਾਜ ਅਤੇ ਕਪਾਹ ਤੱਕ ਹੀ ਸੀਮਤ ਹੈ, ਉਹ ਵੀ ਪੰਜਾਬ ਸਮੇਤ ਉੱਤਰੀ ਭਾਰਤ ਦੇ ਕੁਝ ਸੂਬਿਆਂ ਵਿੱਚ। ਕੌਮੀ ਹਿੱਤਾਂ (ਫੂਡ ਸਕਿਊਰਟੀ) ਕਾਰਨ ਸਰਕਾਰ ਨੂੰ ਅਨਾਜ ਦੀ



– ਬਲਰਾਜ ਦਿਓਲ–
ਐਡੀਟਰ ਖ਼ਬਰਨਾਮਾ
email; balrajdeol@rogers.com

ਢੁਕਵੀਂ ਖਰੀਦ ਸਦਾ ਕਰਨੀ ਪੈਣੀ ਹੈ। ਮੰਡੀਕਰਨ ਸਿਸਟਮ ਵਿੱਚ ਅੱਜ ਬੈਠੇ ਆਹੜਤੀਏ ਅਤੇ ਵਪਾਰੀ ਵੀ ਕੰਨਟਰੈਕਟ ਫਾਰਮਿੰਗ ਵਿੱਚ ਕਿਸਾਨ ਦੇ ਜੋਟੀਦਾਰ (ਸਪਾਂਸਰ) ਬਣ ਸਕਦੇ ਹਨ ਅਤੇ ਬਨਣਗੇ ਵੀ ਕਿਉਂਕਿ ਉਹ ਇਸ ਵਪਾਰ ਵਿੱਚ ਹਨ। ਖੇਤੀ ਉਤਪਾਦਾਂ ਦੀ ਛਣਾਈ, ਗਰੇਗਿੰਡ, ਭਰਾਈ, ਢੁਆਈ ਆਦਿ ਦਾ ਕੰਮ ਤਾਂ ਫਿਰ ਵੀ ਬਰਾਬਰ ਜਾਰੀ ਰਹੇਗਾ। ਇਸ ਸੈਕਟਰ ਵਿੱਚ ਮਜ਼ਦੂਰਾਂ ਅਤੇ ਟਰਾਂਸਪੋਰਟਰਾਂ ਦੇ ਬੇਰੁਜ਼ਗਾਰ ਹੋ ਜਾਣ ਦਾ ਢੰਡੋਰਾ ਵੀ ਝੂਠਾ ਹੈ। ਅਡਾਨੀ, ਅੰਬਾਨੀ, ਕਾਰਪੋਰੇਸ਼ਨਾਂ, ਸਪਾਂਸਰਾਂ ਅਤੇ ਵਪਾਰੀਆਂ ਨੇ ਨਾ ਆਪ ਛਣਾਈ/ਭਰਾਈ ਕਰਨੀ ਹੈ ਅਤੇ ਨਾ ਬੋਰੀਆਂ/ਕੱਟੇ ਚੁੱਕਣੇ ਹਨ।

ਹੁਣ ਗੱਲ "ਫਾਰਮਰਜ਼ ਅਮਪਾਵਰਮੈਂਟ ਐਂਡ ਪਰੋਟੈਕਸ਼ਨ ਐਕਟ 2020" ਦੀਆਂ ਉਹਨਾਂ ਮੱਦਾਂ ਦੀ ਕਰਦੇ ਹਾਂ ਜੋ ਕਿਸਾਨ ਦੇ ਹਿੱਤਾਂ ਦੀ ਰਾਖੀ ਕਰਦੀਆਂ ਹਨ। ਇਸ ਕਾਨੂੰਨ ਦੇ ਚੈਪਟਰ 2 ਦੀ ਮੱਦ 8-ਏ ਆਖਦੀ ਹੈ ਕਿ ਫਾਰਮਿੰਗ ਐਗਰੀਮੈਂਟ ਕਿਸਾਨ ਦੀ ਜ਼ਮੀਨ ਦੀ ਟਰਾਂਸਫਰ, ਸੇਲ, ਲੀਜ਼ ਅਤੇ ਮਾਰਗੇਜ਼ ਲਈ ਨਹੀਂ ਹੋ ਸਕਦਾ। ਮੱਦ 8-ਬੀ ਹੇਠ ਕਿਸਾਨ ਦੀ ਜ਼ਮੀਨ ਮੌਡੀਫਾਈ ਕਰਨ ਅਤੇ ਕੋਈ ਪੱਕਾ ਢਾਂਚਾ ਬਨਾਉਣ ਦੀ ਵੀ ਮਨਾਹੀ ਹੈ। ਅਗਰ ਕੋਈ ਢਾਂਚਾ ਲੋੜੀਂਦਾ ਹੈ ਤਾਂ ਫਾਰਮਿੰਗ ਐਗਰੀਮੈਂਟ ਖਤਮ ਹੁੰਦੇ ਸਾਰ ਵਪਾਰੀ ਇਸ ਨੂੰ ਆਪਣੇ ਖਰਚੇ 'ਤੇ ਹਟਾਏਗਾ ਅਗਰ ਨਾ ਹਟਾਏ ਤਾਂ ਢਾਂਚਾ ਕਿਸਾਨ ਦਾ ਹੋ ਜਾਵੇਗਾ। ਯਾਦ ਰੱਖਣ ਵਾਲੀ ਗੱਲ ਇਹ ਹੈ ਕਿ ਇਸ ਵਿੱਚ ਕਿਸਾਨ ਦੀ ਲੈਂਡ ਔਰ ਪ੍ਰੈਮਿਸਜ਼ ਭਾਵ ਜ਼ਮੀਨ ਅਤੇ ਥਾਂ ਸ਼ਬਦ ਵਰਤੇ ਗਏ ਹਨ। ਇਸ ਨਾਲ ਅਗਰ ਵਪਾਰੀ ਕਿਸੇ ਫਸਲ ਦੀ ਛਣਾਈ, ਤੁਲਾਈ ਜਾਂ ਭਰਾਈ ਲਈ ਕਿਸਾਨ ਦੀ ਹਵੇਲੀ ਵਗੈਰਾ ਵਰਤਦਾ ਹੈ ਤਾਂ ਉਹ ਵੀ ਇਸ ਹੇਠ ਸੁਰੱਖਿਅਤ ਹੈ। ਇਹ ਮੱਦ ਅੰਗਰੇਜ਼ੀ ਵਿੱਚ ਇੰਝ ਬਿਆਨ ਕਰਦੀ ਹੈ;

***Farmers-Empowerment-and-protection Act 2020. Chapter 2 and clause 8.***

***"No farming agreement shall be entered into for the purpose of-***

***(a) any transfer, including sale, lease and mortgage of the land or premises of the farmer; or***

***(b) raising any permanent structure or making any modification on the land or premises of the farmer, unless the sponsor agrees to remove such structure or to restore the land to its original condition, at his cost, on the conclusion of the agreement or expiry of the agreement period, as the case may be:***

***Provided that where such structure is not removed as agreed by the sponsor, the ownership of such structure shall vest with the farmer after conclusion of the agreement or expiry of the agreement period, as the case may be."***

ਇਸ ਐਕਟ ਦੇ ਚੈਪਟਰ 2 ਦੀ ਮੱਦ 3.3 ਕੰਨਟਰੈਕਟ ਨੂੰ ਸੀਮਤ ਕਰਦੀ ਹੈ। ਇਸ ਵਿੱਚ ਲਿਖਿਆ ਹੈ ਕਿ ਘੱਟੋ ਘੱਟ ਕੰਨਟਰੈਕਟ ਇੱਕ ਫਸਲ ਸਾਈਕਲ ਜਾਂ ਇੱਕ ਲਾਈਵ-ਸਟਾਕ ਸਾਈਕਲ ਦਾ ਹੋਵੇਗਾ ਅਤੇ ਵੱਧ ਤੋਂ ਵੱਧ ਪੰਜ ਸਾਲ ਦਾ ਹੋਵੇਗਾ। ਉਦਾਹਰਣ ਵਜੋਂ ਅਗਰ ਕੰਨਟਰੈਕਟ ਆਲੂਆਂ ਦਾ ਹੈ ਤਾਂ ਇੱਕ ਫਸਲ ਦਾ ਸਾਈਕਲ ਤਿੰਨ ਕੁ ਮਹੀਨੇ ਹੋਵੇਗਾ ਅਤੇ ਗੰਨੇ ਦਾ ਹੈ ਤਾਂ ਇੱਕ ਸਾਲ ਦਾ ਹੋਵੇਗਾ। ਮੀਟ ਵਾਲੇ ਮੁਰਗੇ ਦਾ ਹੋਵੇਗਾ ਤਾਂ ਇੱਕ ਸਾਈਕਲ 3-4 ਮਹੀਨੇ ਦਾ ਹੋਵੇਗਾ। ਆਂਡਿਆਂ ਵਾਲੀਆਂ ਕੁਕੜੀਆਂ ਦਾ ਹੈ ਤਾਂ ਇੱਕ ਸਾਈਕਲ 2-3 ਸਾਲ ਦਾ ਹੋ ਸਕਦਾ ਹੈ। ਵੱਧ ਤੋਂ ਵੱਧ ਕੰਨਟਰੈਕਟ ਪੰਜ ਸਾਲ ਦਾ ਹੋਵੇਗਾ। ਪੰਜ ਸਾਲ ਤੋਂ ਵੱਧ ਦਾ ਕੰਨਟਰੈਕਟ ਤਾਂ ਹੀ ਹੋ ਸਕਦਾ ਹੈ ਅਗਰ ਫਸਲ ਦਾ ਸਾਈਕਲ ਲੰਬਾ ਹੋਵੇ, ਦੋਵੇਂ ਧਿਰਾਂ ਸਹਿਮਤ ਹੋਣ ਅਤੇ ਕੰਨਟਰੈਕਟ ਵਿੱਚ ਇਸ ਦਾ ਸਪਸ਼ਟ ਵਰਨਣ ਹੋਵੇ। ਅਗਰ ਕਿਸਾਨ ਕੰਨਟਰੈਕਟ ਹੇਠ ਅੰਬਾਂ ਜਾਂ ਕਿਨੂੰਆਂ ਆਦਿ ਦਾ ਨਵਾਂ ਬਾਗ ਲਗਾਉਂਦਾ ਹੈ ਤਾਂ ਫਸਲ ਪੈਦਾ ਹੋਣ ਨੂੰ ਪੰਜ ਸਾਲ ਤੋਂ ਵੱਧ ਸਮਾਂ ਲੱਗ ਸਕਦਾ ਹੈ। ਪਰ ਇਸ ਦਾ ਮਤਲਬ ਇਹ ਨਹੀਂ ਹੈ ਕਿ ਇਹਨਾਂ ਉਤਪਾਦਾਂ ਦੇ ਇਕ ਜਾਂ ਵੱਧ ਸੀਜ਼ਨਾਂ ਦਾ ਕੰਨਟਰੈਕਟ ਨਹੀਂ ਹੋ ਸਕਦਾ। ਇਹ ਮੱਦ ਇੰਜ ਬਿਆਨ ਕਰਦੀ ਹੈ;

***Period of agreement: 3. (3)***

***The minimum period of the farming agreement shall be for one crop season or one production cycle of livestock, as the case may be, and the maximum period shall be five years:***

***Provided that where the production cycle of any farming produce is longer and may go beyond five years, in such case, the maximum period of the farming agreement may be mutually decided by the farmer and the sponsor and explicitly mentioned in the farming agreement.***

ਫਸਲ ਦੀ ਕੀਮਤ ਦੇ ਮਾਮਲੇ ਵਿੱਚ ਚੈਪਟਰ 2 ਦੀ ਮੱਦ 5-ਏ ਕਹਿੰਦੀ ਹੈ ਕਿ ਉਤਪਾਦ ਦੀ ਕੀਮਤ ਗਰੰਟੀ ਕਰਨੀ ਪਵੇਗੀ। 5-ਬੀ ਆਖਦੀ ਹੈ ਕਿ ਕੰਨਟਰੈਕਟ ਵਿੱਚ ਕੀਮਤ ਗਰੰਟੀ ਤੋਂ ਇਲਾਵਾ ਬੋਨਸ ਜਾਂ ਪ੍ਰੀਮੀਅਮ ਦਾ ਜ਼ਿਕਰ ਵੀ ਹੋਣਾ ਚਾਹੀਦਾ ਹੈ। ਕਿਸਾਨ ਲਈ ਚੰਗੀ ਕੀਮਤ ਦੀ ਗਰੰਟੀ ਲਈ ਮੰਡੀਕਰਨ (ਏਪੀਐਮਸੀ) ਅਤੇ ਈਲੈਕਟਰਾਨਿਕ ਟਰੇਡਿੰਗ ਕੀਮਤ ਨੂੰ ਰੈਫਰੈਂਸ ਵਜੋਂ ਵਰਤਿਆ ਜਾ ਸਕਦਾ ਹੈ ਤੇ ਇਸ ਨੂੰ ਐਗਰੀਮੈਂਟ ਦਾ ਹਿੱਸਾ ਬਣਾਇਆ ਜਾਣਾ ਚਾਹੀਦਾ ਹੈ। ਇਹ ਮੱਦ ਅੰਗਰੇਜ਼ੀ ਵਿੱਚ ਇੰਝ ਬਿਆਨ ਕਰਦੀ ਹੈ;

***Price: 5. (a)***

***a guaranteed price to paid for such produce;***

***(b) a clear price reference for for any additional amount over and above the guaranteed price, including bonus or premium, to ensure best value to the farmer and such price reference may be linked to the prevailing prices in specified APMC yard or electronic trading and transaction platform or any other suitable benchmark price: Provided that method of determining such price or guaranteed price or additional amount shall be annexed to the farming agreement.***

ਉਤਪਾਦ ਜਾਂ ਫਸਲ ਦੀ ਇਨਸਪੈਕਸ਼ਨ ਬਾਰੇ ਚੈਪਟਰ 2 ਦੀ ਮੱਦ 6.2 ਆਖਦੀ ਹੈ ਕਿ ਵਪਾਰੀ ਫਸਲ ਦੀ ਡਲਿਵਰੀ ਪ੍ਰਵਾਨ ਕਰਨ ਤੋਂ ਪਹਿਲਾਂ ਕੰਨਟਰੈਟ ਦੀਆਂ ਸ਼ਰਤਾਂ ਮੁਤਾਬਿਕ ਇਸ ਦੀ ਗੁਣਵੱਤਾ ਅਤੇ ਨਿਰਧਾਰਤ ਹੋਰ ਗੁਣਾਂ ਦੀ ਇਨਸਪੈਕਸ਼ਨ ਕਰ ਲਵੇ। ਅਗਰ ਨਹੀਂ ਕਰਦਾ ਤਾਂ ਸਮਝਿਆ ਜਾਵੇਗਾ ਕਿ ਉਸ ਨੇ ਅਜੇਹਾ ਕਰ ਲਿਆ ਹੈ। ਡਲਿਵਰੀ ਜਾਂ ਇਸ ਤੋਂ ਪਿੱਛੋਂ ਵਪਾਰੀ ਆਪਣੀ ਪ੍ਰਵਾਨਗੀ ਵਾਪਸ ਨਹੀਂ ਲੈ ਸਕਦਾ। ਅੰਗਰੇਜ਼ੀ ਵਿੱਚ ਇਹ ਮੱਦ ਇੰਝ ਹੈ;

***Inspection: 6. (2)***

***The sponsor may, before accepting the delivery of any farming produce, inspect the quality or any other feature of such produce as specified in the farming agreement. Otherwise, he shall be deemed to have inspected the produce and shall have no right to retract from acceptance of such produce at the time of its delivery or thereafter.***

ਕਿਸਾਨ ਨੂੰ ਅਦਾਇਗੀ ਕਰਨ ਬਾਰੇ ਚੈਪਟਰ 2 ਦੀ ਮੱਦ 6.3-ਏ ਆਖਦੀ ਹੈ ਕਿ ਅਗਰ ਫਾਰਮਿੰਗ ਐਗਰੀਮੈਂਟ ਬੀਜ ਪੈਦਾ ਕਰਨ ਲਈ ਹੈ ਤਾਂ ਨਿਰਧਾਰਤ ਕੀਮਤ ਦਾ ਘੱਟੋ ਘੱਟ ਦੋ ਤਿਹਾਈ (2/3) ਹਿੱਸਾ ਡਲਿਵਰੀ ਮੌਕੇ ਹੀ ਕਿਸਾਨ ਨੂੰ ਦੇਣਾ ਪਵੇਗਾ। ਅਤੇ ਬਚਦੀ ਅਦਾਇਗੀ ਇਸ ਬੀਜ ਦੀ ਸਰਟੀਫੀਕੇਸ਼ਨ ਪਿੱਛੋਂ ਕਰਨੀ ਪਵੇਗੀ ਪਰ ਇਹ ਡਲਿਵਰੀ ਤੋਂ 30 ਦਿਨਾਂ ਤੋਂ ਲੇਟ ਨਹੀਂ ਹੋ ਸਕਦੀ।

ਮੱਦ 6.3-ਬੀ ਆਖਦੀ ਹੈ ਕਿ ਹੋਰ ਹਾਲਤਾਂ ਵਿੱਚ ਭਾਵ ਬੀਜ ਤੋਂ ਇਲਾਵਾ ਸਾਰੀ ਨਿਰਧਾਰਤ ਕੀਮਤ ਡਲਿਵਰੀ ਪ੍ਰਵਾਨ ਕਰਨ ਮੌਕੇ ਹੀ ਅਦਾ ਕਰਨੀ ਹੋਵੇਗੀ ਅਤੇ ਰਸੀਦ ਵੀ ਦੇਣੀ ਪਵੇਗੀ ਜਿਸ ਵਿੱਚ ਸੇਲ ਦੀ ਡੀਟੇਲ ਦੇਣੀ ਪਵੇਗੀ। ਅੰਗਰੇਜ਼ੀ ਵਿੱਚ ਇਹ ਮੱਦ ਇੰਝ ਬਿਆਨ ਕਰਦੀ ਹੈ;

***Payment: 6. (3)***

***(a) where the farming agreement relates to seed production, make payment of not less than two-third of agreed amount at the time of delivery and the remaining amount after due certification, but not later than thirty days of delivery.***

***(b) in other cases, make payment of agreed amount at the time of accepting the delivery of farming produce and issue a receipt slip with details of the sale proceeds.***

ਧਿਆਨ ਰਹੇ ਕਿ ਇਹ ਕਾਨੂੰਨ ਸਿਰਫ ਕਿਸਾਨ ਦੇ ਹਿੱਤਾਂ ਦੀ ਹੀ ਰਾਖੀ ਨਹੀਂ ਕਰਦਾ ਸਗੋਂ ਮੁਜਾਰਿਆਂ ਦੇ ਹਿੱਤਾਂ ਦੀ ਰਾਖੀ ਵੀ ਕਰਦਾ ਹੈ ਜਿਸ ਨੂੰ ਕਾਨੂੰਨ ਵਿੱਚ 'ਸ਼ੇਅਰ-ਕਰਾਪਰ' ਭਾਵ ਹਿੱਸੇ 'ਤੇ ਖੇਤੀ ਕਰਨ ਵਾਲਾ ਆਖਿਆ ਗਿਆ ਹੈ। ਸਗੋਂ ਇਸ ਮੱਦ ਨੂੰ ਫਾਰਮਿੰਗ ਐਗਰੀਮੈਂਟ ਤੋਂ ਵੀ ਪਹਿਲਾਂ ਦਰਜ ਕੀਤਾ ਗਿਆ ਹੈ। ਚੈਪਟਰ 2 ਦੀ ਮੱਦ 3.2 ਆਖਦੀ ਹੈ ਕਿ ਇਸ ਸੈਕਸ਼ਨ ਹੇਠ ਕਿਸਾਨ (ਭਾਵ ਜ਼ਮੀਨ ਦਾ ਮਾਲਕ ਜਾਂ ਜਾਗੀਰਦਾਰ) ਫਾਰਮਿੰਗ ਐਗਰੀਮੈਂਟ ਕਰ ਹੀ ਨਹੀਂ ਸਕਦਾ ਅਗਰ ਇਸ ਨਾਲ ਮੁਜਾਰੇ (ਸ਼ੇਅਰ-ਕਰਾਪਰ) ਦੇ ਹਿਤਾਂ ਦਾ ਹਨਨ ਹੁੰਦਾ ਹੈ। ਇਸ ਦੇ ਵਿਸਥਾਰ ਵਿੱਚ ਦਰਜ ਕੀਤਾ ਗਿਆ ਹੈ ਕਿ ਸ਼ੇਅਰ-ਕਰਾਪਰ ਦਾ ਮਲਤਬ 'ਹਲ-ਵਾਹਕ' ਜਾਂ ਫਾਰਮ ਲੈਂਡ ਉਤੇ ਕਾਸ਼ਤ ਕਰਨ ਵਾਲਾ ਉਹ ਵਿਅਕਤੀ ਹੈ ਜੋ ਫਸਲ ਦਾ ਨਿਰਧਾਰਤ ਹਿੱਸਾ ਜਾਂ ਨਿਰਧਾਰਤ ਰਕਮ ਜ਼ਮੀਨ ਦੇ ਮਾਲਕ (ਜਾਗੀਰਦਾਰ) ਨੂੰ ਫਸਲ ਜਾਂ ਫਾਰਮ ਓਤਪਾਦ ਪੈਦਾ ਕਰਨ ਬਦਲੇ ਦੇਣ ਲਈ ਲਿਖਤੀ ਜਾਂ ਜ਼ੁਬਾਨੀ ਸਹਿਮਤ ਹੋਇਆ ਹੋਵੇ। ਇਹ ਮੱਦ ਅੰਗਰੇਜ਼ੀ ਵਿੱਚ ਇੰਝ ਬਿਆਨ ਕਰਦੀ ਹੈ;

Share-cropper Protection: 3. (2)

No farming agreement shall be entered into by a farmer under this section in derogation of any rights of a share cropper.

Explanation - For the purposes of this sub-section, the term "Share cropper" means a tiller or occupier of the farm land who formally or informally agrees to give fixed share of crop or to pay fixed amount to the land owner for growing or rearing of farming produce.

ਕਿਸਾਨ ਅਤੇ ਵਪਾਰੀ ਵਿਚਕਾਰ ਵਿਵਾਦ ਦੇ ਹੱਲ ਦੀਆਂ ਮੱਦਾਂ ਵਿੱਚ ਵੀ ਕਿਸਾਨ ਦਾ ਪੱਖ ਭਾਰੂ ਹੈ। ਵਿਰੋਧ ਕਰਨ ਵਾਲੇ ਅਕਸਰ ਸਵਾਲ ਕਰਦੇ ਹਨ ਕਿ ਵਿਵਾਦ ਲਈ ਅਦਾਲਤ ਵਿੱਚ ਕਿਉਂ ਨਹੀਂ ਜਾਇਆ ਜਾ ਸਕਦਾ? ਪਰ ਨਾਲ ਹੀ ਆਖ ਦਿੰਦੇ ਹਨ ਕਿ ਵਪਾਰੀ ਜਾਂ ਕਾਰਪੋਰੇਸ਼ਨਾਂ ਬਹੁਤ ਤਾਕਤਵਰ ਹਨ ਅਤੇ ਉਹਨਾਂ ਕੋਲ ਵੱਡੇ ਵਕੀਲ ਹਨ ਜੋ ਕਿਸਾਨ ਨੂੰ ਖੁੰਝੇ ਲਗਾ ਦੇਣਗੇ। ਇਹ ਦੋਵੇਂ ਆਪਾ ਵਿਰੋਧੀ ਤਰਕ ਹਨ। ਵਿਵਾਦ ਨੂੰ ਅਦਾਲਤ ਤੋਂ ਬਾਹਰ ਰੱਖਣ ਦਾ ਕਿਸਾਨ ਨੂੰ ਲਾਭ ਹੈ ਅਤੇ ਸਿੱਧਾ ਐਸਡੀਐਮ ਕੋਲ ਜਾਣਾ ਜ਼ਰੂਰੀ ਨਹੀਂ ਹੈ। ਇਹ ਵੀ ਸਹੀ ਨਹੀਂ ਹੈ ਕਿ ਐਸਡੀਐਮ ਵਪਾਰੀ ਦੇ ਹਿੱਤਾਂ ਦੀ ਹੀ ਰਾਖੀ ਕਰੇਗਾ ਕਿਉਂਕਿ ਚੈਪਟਰ 3 ਦੀ ਮੱਦ 13.1 ਆਖਦੀ ਹੈ ਕਿ ਹਰ ਫਾਰਮਿੰਗ ਐਗਰੀਮੈਂਟ ਵਿੱਚ ਸਾਲਸੀ ਦੀ ਵਿਧੀ ਸਪਸ਼ਟਤਾ ਨਾਲ ਦਰਜ ਕੀਤੀ ਜਾਣੀ ਚਾਹੀਦੀ ਜਿਸ ਵਿੱਚ ਸਾਲਸੀ ਬੋਰਡ ਵਿੱਚ ਦੋਵਾਂ ਧਿਰਾਂ ਦੀ ਨੁਮਾਇੰਦਗੀ ਹੋਵੇ। ਇਸ ਮੱਦ ਹੇਠ ਦੋਵੇਂ ਧਿਰਾਂ ਸਾਲਸੀ ਦੀਆਂ ਸ਼ਰਤਾਂ ਅਗਾਊਂ ਅਤੇ ਖੁਦ ਤੈਅ ਕਰ ਸਕਦੀਆਂ ਹਨ।

ਮੱਦ 14.1 ਆਖਦੀ ਹੈ ਕਿ ਅਗਰ ਫਾਰਮਿੰਗ ਐਗਰੀਮੈਂਟ ਵਿੱਚ ਸਾਲਸੀ ਦੀ ਵਿਧੀ ਉਪਰੋਕਤ ਮੱਦ (13.1) ਮੁਤਾਬਿਕ ਦਰਜ ਨਹੀਂ ਹੈ ਅਤੇ ਦੋਵੇਂ ਧਿਰਾਂ 30 ਦਿਨਾਂ ਵਿੱਚ ਆਪਣਾ ਵਿਵਾਦ ਹੱਲ ਨਹੀਂ ਕਰਦੀਆਂ ਤਾਂ ਕੋਈ ਵੀ ਧਿਰ ਐਸਡੀਐਮ ਕੋਲ "ਫਾਰਮਿੰਗ ਐਗਰੀਮੈਂਟ ਹੇਠ ਹੱਲ ਲਈ" ਜਾ ਸਕਦੀ ਹੈ। ਭਾਵ ਐਸਡੀਐਮ ਵੀ "ਫਾਰਮਿੰਗ ਐਗਰੀਮੈਂਟ" ਨੂੰ ਧਿਆਨ ਵਿੱਚ ਰੱਖ ਕੇ ਹੀ ਫੈਸਲਾ ਦੇਵੇਗਾ।

ਕਿਸੇ ਸੰਭਾਵੀ ਵਿਵਾਦ ਦੇ ਫੈਸਲੇ ਨੂੰ ਦਿਸ਼ਾ ਦੇਣ ਲਈ ਵੀ ਬਹੁਤ ਸਪਸ਼ਟ ਮੱਦਾਂ ਹਨ। ਮੱਦ 14.2 ਦਾ ਨੁਕਤਾ ਨੰਬਰ ਇੱਕ ਆਖਦਾ ਹੈ ਕਿ ਅਗਰ ਸਪਾਂਸਰ ਭਾਵ ਵਪਾਰੀ ਕਿਸਾਨ ਦੀ ਬਣਦੀ ਅਦਾਇਗੀ ਨਹੀਂ ਕਰਦਾ ਤਾਂ ਉਸ ਨੂੰ ਪੈਨਲਟੀ ਵਜੋਂ ਡੇਢ ਗੁਣਾ ਤੱਕ ਅਦਾ ਕਰਨਾ ਪੈ ਸਕਦਾ ਹੈ।

ਮੱਦ 14.2 ਦਾ ਨੁਕਤਾ ਨੰਬਰ ਦੋ ਆਖਦਾ ਹੈ ਕਿ ਅਗਰ ਫੈਸਲਾ ਕਿਸਾਨ ਦੇ ਖਿਲਾਫ਼ ਜਾਂਦਾ ਹੈ ਤਾਂ ਕਿਸਾਨ ਨੂੰ ਵਪਾਰੀ ਦੀ ਬਣਦੀ ਰਕਮ ਹੀ ਦੇਣੀ ਪਵੇਗੀ ਜੋ "ਫਾਰਮਿੰਗ ਐਗਰੀਮੈਂਟ" ਮੁਤਾਬਿਕ ਅਡਵਾਂਸ ਅਦਾਇਗੀ ਅਤੇ ਸਪਲਾਈ ਕੀਤੀਆਂ ਚੀਜ਼ਾਂ ਦੇ ਖਰਚੇ ਉੱਤੇ ਅਧਾਰਿਤ ਹੋਵੇਗੀ ਤੇ ਇਸ ਤੋਂ ਵੱਧ ਨਹੀਂ ਹੋ ਸਕਦੀ।

ਮੱਦ 14.2 ਦਾ ਨੁਕਤਾ ਤਿੰਨ ਕਿਸਾਨ ਦੀ ਹੋਰ ਵੀ ਰਾਖੀ ਕਰਦਾ ਹੈ। ਇਸ ਮੁਤਾਬਿਕ ਕਿਸਾਨ ਖਿਲਾਫ਼ ਰਕਮ ਦੀ ਰੀਕਵਰੀ ਲਈ ਹੁਕਮ ਦੋ ਹਾਲਤਾਂ ਵਿੱਚ ਦਿੱਤਾ ਹੀ ਨਹੀਂ ਜਾ ਸਕਦਾ। ਦਰਜ ਕੀਤੀ ਪਹਿਲੀ ਹਾਲਤ ਹੈ ਅਗਰ ਵਿਵਾਦ ਬਨਣ ਵਾਲਾ "ਫਾਰਮਿੰਗ ਕੰਨਟਰੈਕਟ" ਇਸ ਕਾਨੂੰਨ ਦੀਆਂ ਮੱਦਾਂ ਦੀ ਉਲੰਘਣਾ ਕਰਦਾ ਹੋਵੇ। ਭਾਵ ਕੰਨਟਰੈਕਟ ਵਿੱਚ ਕਿਸਾਨ ਤੋਂ ਅਜੇਹੀਆਂ ਸ਼ਰਤਾਂ ਲਿਖਵਾ ਲਈਆਂ ਹੋਣ ਜੋ 'ਅਮਪਾਵਰਮੈਂਟ ਐਕਟ' ਦੀਆਂ ਮੱਦਾਂ ਦੇ ਅਨੁਕੂਲ ਨਾ ਹੋਣ ਤਾਂ ਕਿਸਾਨ ਖਿਲਾਫ਼ ਰਕਮ ਰੀਕਵਰੀ ਦਾ ਹੁਕਮ ਨਹੀਂ ਦਿੱਤਾ ਜਾ ਸਕਦਾ। ਦੂਜੀ ਹਾਲਤ; ਅਗਰ ਕਿਸਾਨ ਕੰਨਟਰੈਕਟ ਮੁਤਾਬਿਕ ਆਪਣਾ ਵਾਅਦਾ ਪੂਰਾ ਨਾ ਕਰ ਸਕੇ ਭਾਵ ਡੀਫਾਲਟ ਕਰ ਜਾਵੇ ਪਰ ਇਸ ਦਾ ਕਾਰਨ 'ਫੋਰਸ ਮੇਜੋਰ' ਹੋਵੇ।

'ਫੋਰਸ ਮੇਜੋਰ' ਕਾਨੂੰਨੀ ਸ਼ਬਦ ਹੈ ਅਤੇ ਸਾਦੀ ਪੰਜਾਬੀ ਵਿੱਚ ਇਸ ਦਾ ਭਾਵ ਕਿਸੇ ਹੋਰ ਅਣਕਿਆਸੀ ਘਟਨਾ ਕਾਰਨ ਵਾਅਦਾ ਪੂਰਾ ਕਰਨਾ 'ਵੱਸੋਂ ਬਾਹਰ' ਹੋ ਜਾਣਾ ਹੈ। 'ਫੋਰਸ ਮੇਜੋਰ' ਦੀ ਡੈਫੀਨੀਸ਼ਨ ਇਸ ਐਕਟ ਦੇ ਚੈਪਟਰ 1 ਦੀ ਮੱਦ 2-ਜੇ ਵਿੱਚ ਵੀ ਦਿੱਤੀ ਹੋਈ ਹੈ। ਡਿਕਸ਼ਨਰੀ ਅਤੇ ਗੁਗਲ ਸਰਚ ਮੁਤਾਬਿਕ ਕਈ ਹਾਲਤਾਂ 'ਫੋਰਸ ਮੇਜੋਰ' ਹੋ ਸਕਦੀਆਂ ਹਨ ਜਿਹਨਾਂ ਵਿੱਚ ਲੰਬੀ ਐਨਰਜੀ ਬਲੈਕਆਊਟ, ਹੜ੍ਹ, ਸੋਕਾ, ਯੁੱਧ, ਦੰਗੇ, ਵੱਡੀਆਂ ਹੜ੍ਹਤਾਲਾਂ, ਲਾਕਆਊਟ, ਚਕਰਵਰਤੀ ਤੂਫਾਨ, ਧਮਾਕੇ ਅਤੇ ਅਗਰ ਸਰਕਾਰ ਅਚਾਨਕ ਕੋਈ ਅਣਕਿਆਸਿਆ ਕਾਨੂੰਨ ਬਣਾ ਦੇਵੇ ਜਾਂ ਬਦਲ ਦੇਵੇ ਆਦਿ। ਅਜੇਹੀਆਂ ਹਾਲਤਾਂ ਕਿਸਾਨ ਦੇ ਵੱਸ ਤੋਂ ਬਾਹਰ ਹੋਣ ਕਾਰਨ 'ਫੋਰਸ ਮੇਜੋਰ' ਹਨ। ਅੰਗਰੇਜ਼ੀ ਵਿੱਚ ਇਹ ਮੱਦਾਂ ਇੰਝ ਹਨ;

***14. (2)***

***(i) where the Sponsor fails to make payment of the amount due to the farmer, such penalty may extend to one and half times the amount due;***

***(ii) where the order is against the farmer for recovery of the amount due to the Sponsor on account of any advance payment or cost of inputs, as per terms of farming agreement, such amount shall not exceed the actual cost incurred by the Sponsor;***


***(iii) where the farming agreement in dispute is in contravention of the provisions of this Act, or default by the farmer is due to force majeure, then, no order for recovery of amount shall be passed against the farmer.***

ਇਸ ਕਾਨੂੰਨ ਦੇ ਚੈਪਟਰ ਤਿੰਨ ਦੀ ਮੱਦ 15 ਕਿਸਾਨ ਦੀ ਜ਼ਮੀਨ ਦੀ ਰਾਖੀ ਕਰਦੀ ਹੈ। ਅਗਰ ਉਪਰੋਕਤ ਮੱਦ 14 ਹੇਠ ਵਿਵਾਦ ਦੇ ਹੱਲ ਵਿੱਚ ਹੁਕਮ ਕਿਸਾਨ ਦੇ ਖਿਲਾਫ਼ ਚਲੇ ਜਾਂਦਾ ਹੈ ਤਾਂ ਇਸ ਸੈਕਸ਼ਨ ਹੇਠ ਕਿਸਾਨ ਤੋਂ ਰਕਮ ਰੀਕਵਰ ਕਰਨ ਲਈ ਕਿਸਾਨ ਦੀ ਖੇਤੀ ਵਾਲੀ ਜ਼ਮੀਨ ਖਿਲਾਫ਼ ਕੋਈ ਐਕਸ਼ਨ ਨਹੀਂ ਲਿਆ ਜਾ ਸਕਦਾ। ਇਹ ਮੱਦ ਇੰਜ ਬਿਆਨ ਕਰਦੀ ਹੈ;

***15. Notwithstanding anything contained in section 14, no action for recovery of any amount due in pursuance of an order passed under that section, shall be initiated against the agricultural land of the farmer.***

ਲਿਖਤ ਨੂੰ ਸਾਦੀ ਅਤੇ ਛੋਟੀ ਰੱਖਣ ਲਈ ਬਹੁਤਾ ਵਿਸਥਾਰ ਦੇਣ ਦੀ ਥਾਂ ਪ੍ਰਮੁੱਖ ਨੁਕਤੇ ਹੀ ਵਿਚਾਰੇ ਗਏ ਹਨ। ਕੁਝ ਲੋਕ ਖਦਸ਼ੇ ਪ੍ਰਗਟ ਕਰ ਰਹੇ ਹਨ ਕੰਪਨੀਆਂ ਜਾਂ ਵਪਾਰੀ ਕਿਸਾਨ ਦੇ ਉਤਪਾਦ ਦੀ ਗਰੇਡਿੰਗ ਕਰਨਗੇ ਜਾਂ ਗੁਣਵਤਾ ਮਾਪਣਾਗੇ। ਪਰ ਇਹ ਅਗਾਊਂ ਕੀਤੇ ਲਿਖਤੀ ਕੰਨਟਰੈਕਟ ਮੁਤਾਬਿਕ ਹੀ ਹੋਵੇਗਾ ਅਤੇ ਇਸ ਵਿੱਚ ਗੁਲਤ ਕੀ ਹੈ? ਜਦ ਕੋਈ ਸੁਆਣੀ ਰੇੜ੍ਹੀ ਵਾਲੇ ਤੋਂ ਸਬਜ਼ੀਆਂ ਜਾਂ ਫਲ ਦੀ ਖਰੀਦ ਕਰਦੀ ਹੈ ਤਾਂ ਚੁਣ ਚੁਣ ਕੇ ਵੇਖਦੀ ਅਤੇ ਇਹੀ ਭਾਵਨਾ ਗੁਣਵੱਤਾ ਤੇ ਗਰੇਡਿੰਗ ਦੀ ਹੈ ਜੋ ਹਰ ਗਾਹਕ ਮੰਗਦਾ ਹੈ। ਕਿਸਾਨ ਦੀ ਮੁਹਾਰਤ 'ਤੇ ਸ਼ੱਕ ਕਰਨਾ ਗ਼ਲਤ ਹੈ ਅਤੇ ਦੇਸ਼ ਦਾ ਕਿਸਾਨ ਵਧੀਆ ਉਤਪਾਦ ਪੈਦਾ ਕਰਨ ਦੇ ਪੂਰੀ ਤਰਾਂ ਯੋਗ ਹੈ।

ਖ਼ਦਸ਼ੇ ਪ੍ਰਗਟ ਕਰਨ ਵਾਲੇ ਐਸਾ ਪ੍ਰਚਾਰ ਕਰਦੇ ਹਨ ਜਿਸ ਤੋਂ ਪ੍ਰਭਾਵ ਪੈਂਦਾ ਹੈ ਕਿ ਹਰ ਵਪਾਰੀ ਸਿਰਫ਼ ਕਿਸਾਨ ਨੂੰ ਲੁੱਟਣ ਲਈ ਹੀ ਕੰਨਟਰੈਕਟ ਫਾਰਮਿੰਗ ਕਰਨ ਆਵੇਗਾ। ਇਹ ਧਾਰਨਾ ਸਹੀ ਨਹੀਂ ਹੈ ਸਗੋਂ ਵਪਾਰੀ ਜਿੰਨੀ ਜਲਦੀ ਉਤਪਾਦਾਂ ਦੀ ਖਰੀਦ-ਵੇਚ ਕਰੇਗਾ ਉਸ ਦਾ ਲਾਭ ਓਨੀ ਜਲਦੀ ਹੀ ਵਧੇਗਾ ਜਿਸ ਨੂੰ ਪੈਸੇ ਦਾ ਤੇਜ ਚੱਕਰ ਜਾਂ ਵਲੌਸਟੀ ਕਿਹਾ ਜਾਂਦਾ ਹੈ। ਸੂਬਾ ਸਰਕਾਰਾਂ, ਕਿਸਾਨ ਹਿਤਕਾਰੀ ਰਾਜਸੀ ਪਾਰਟੀਆਂ, ਕਿਸਾਨ ਜਥੇਬੰਦੀਆਂ ਅਤੇ ਕਿਸਾਨ ਹਿਤਕਾਰੀ ਵਕੀਲ/ਬੁੱਧੀਜੀਵੀ ਕਿਸਾਨ ਦੇ ਹਿੱਤਾਂ ਦੀ ਰਾਖੀ ਲਈ ਅਹਿਮ ਰੋਲ ਅਦਾ ਕਰ ਸਕਦੇ ਹਨ। ਇਸ ਐਕਟ ਵਿੱਚ "ਫਾਰਮਿੰਗ ਕੰਨਟਰੈਕਟ" ਦੀ ਕਾਫੀ ਅਹਿਮੀਅਤ ਹੈ ਅਤੇ ਕਿਸਾਨ ਹਿਤਕਾਰੀ ਧਿਰਾਂ ਵੱਖ ਵੱਖ ਉਤਪਾਦਾਂ ਲਈ 'ਮਾਡਲ ਕੰਨਟਰੈਕਟ' ਪਰਫਾਰਮਾ ਤਿਆਰ ਕਰਕੇ ਕਿਸਾਨਾਂ ਵਿੱਚ ਮੁਫ਼ਤ ਵੰਡ ਸਕਦੀਆਂ ਹਨ ਜਾਂ ਆਪਣੀਆ ਵੈੱਬਸਾਈਟਾਂ ਉੱਤੇ ਮੁਫ਼ਤ ਉਪਲਭਦ ਕਰਵਾ ਸਕਦੀਆਂ ਹਨ। ਕਿਸਾਨ ਨੂੰ ਮੁਫ਼ਤ ਕਾਨੂੰਨੀ ਸਲਾਹ ਦੇਣ ਲਈ 'ਫੋਰਮਾ' ਵੀ ਬਣਾਈਆਂ ਜਾ ਸਕਦੀਆਂ ਹਨ। ਉਂਝ ਇਸ ਐਕਟ ਦੇ ਚੈਪਟਰ 2 ਦੀ ਮੱਦ 4 ਵਿੱਚ ਦਰਜ ਹੈ ਕਿ ਕਿਸਾਨ ਨੂੰ 'ਲਿਖਤੀ ਫਾਰਮਿੰਗ ਕੰਨਟਰੈਕਟ' ਦੀ ਸੁਵਿਧਾ ਦੇਣ ਲਈ ਕੇਂਦਰ ਸਰਕਾਰ ਜ਼ਰੂਰੀ ਗਾਈਡ ਲਾਈਨਜ਼ ਵਾਲਾ ਮਾਡਲ ਫਾਰਮਿੰਗ ਐਗਰੀਮਿੰਟ ਲੋੜ ਮੁਤਾਬਿਕ ਜਾਰੀ ਕਰੇਗੀ।

# ਭਾਰਤ ਵਿਚ ਬਣੇ ਤਿੰਨ ਖੇਤੀਬਾੜੀ ਕਾਨੂੰਨਾਂ ਬਾਰੇ ਵਿਚਾਰ-ਚਰਚਾ

## * ਪ੍ਰੋ. ਰਾਮ ਸਿੰਘ ਦੇ ਭਾਸ਼ਣ ਤੋਂ ਬਾਅਦ ਹੋਏ ਸੁਆਲ-ਜੁਆਬ * ਸੀਮਤ ਕਵੀ-ਦਰਬਾਰ ਵੀ ਹੋਇਆ



ਬਰੈਂਪਟਨ, (ਡਾ. ਝੰਡ) - ਲੰਘੇ ਐਤਵਾਰ 18 ਅਕਤੂਬਰ ਨੂੰ ਕੈਨੇਡੀਅਨ ਪੰਜਾਬੀ ਸਾਹਿਤ ਸਭਾ ਟੋਰਾਂਟੋ ਵੱਲੋਂ ਹੋਈ ਜ਼ੂਮ-ਮੀਟਿੰਗ ਵਿਚ ਸਤੰਬਰ ਮਹੀਨੇ ਭਾਰਤ ਸਰਕਾਰ ਵੱਲੋਂ ਬਣਾਏ ਗਏ ਤਿੰਨ ਖੇਤੀਬਾੜੀ ਕਾਨੂੰਨਾਂ ਦੇ ਕਿਸਾਨਾਂ ਉੱਪਰ ਪੈਣ ਵਾਲੇ ਪ੍ਰਭਾਵ ਬਾਰੇ ਗੰਭੀਰ ਵਿਚਾਰ-ਚਰਚਾ ਕੀਤੀ ਗਈ। ਨਿਰਧਾਰਿਤ ਪ੍ਰੋਗਰਾਮ ਅਨੁਸਾਰ ਮੀਟਿੰਗ ਵਿਚ ਸਭਾ ਦੇ ਸਰਗ਼ਰਮ ਮੈਂਬਰ ਪ੍ਰੋ. ਰਾਮ ਸਿੰਘ ਵੱਲੋਂ ਇਸ ਵਿਸ਼ੇ 'ਤੇ ਤਿਆਰ ਕੀਤਾ ਗਿਆ ਸਪੈਸ਼ਲ ਲੈਕਚਰ ਹੋਇਆ। ਉਪਰੰਤ, ਇਸ ਮੀਟਿੰਗ ਵਿਚ ਭਾਗ ਲੈਣ ਵਾਲਿਆਂ ਵੱਲੋਂ ਕਈ ਗੰਭੀਰ ਟਿੱਪਣੀਆਂ ਕੀਤੀਆਂ ਗਈਆਂ ਅਤੇ ਕੁਝ ਸੁਆਲ ਵੀ ਉਠਾਏ ਗਏ ਜਿਨ੍ਹਾਂ ਦੇ ਜੁਆਬ ਪ੍ਰੋ. ਸਾਹਿਬ ਵੱਲੋਂ ਬਾਖ਼ੂਬੀ ਦਿੱਤੇ ਗਏ।

ਸਭਾ ਦੇ ਕੋਆਰਡੀਨੇਟਰ ਮਲੂਕ ਸਿੰਘ ਕਾਹਲੋਂ ਵੱਲੋਂ ਮੀਟਿੰਗ ਵਿਚ ਭਾਗ ਲੈਣ ਵਾਲਿਆਂ ਦੇ ਰਸਮੀ ਸੁਆਗ਼ਤ ਤੋਂ ਬਾਅਦ ਪ੍ਰੋ. ਰਾਮ ਸਿੰਘ ਨੇ ਆਪਣੀ ਗੱਲ ਪੰਜਾਬ ਦੀ ਕਿਸਾਨੀ ਦੇ ਪਿਛੋਕੜ ਨੂੰ ਮੁੱਖ ਰੱਖਦਿਆਂ ਇਸ ਨੂੰ ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤ ਵਿਚ ਅੰਗਰੇਜ਼ੀ ਰਾਜ ਸਮੇਂ ਉਨ੍ਹਾਂ ਵੱਲੋਂ ਅਜੋਕੇ ਪਾਕਿਸਤਾਨ ਦੇ ਕੁਝ ਇਲਾਕਿਆਂ 'ਬਾਰਾਂ' ਵਸਾਉਣ ਅਤੇ ਕਿਸਾਨਾਂ ਵੱਲੋਂ ਉਸ ਸਮੇਂ ਇਸ ਦਾ ਵਿਰੋਧ ਕੀਤੇ ਜਾਣ ਤੋਂ ਆਰੰਭ ਕੀਤੀ। ਆਪਣੇ ਸੰਬੋਧਨ ਵਿਚ ਉਨ੍ਹਾਂ 1930'ਵਿਆਂ ਵਿਚ ਖੇਤੀਬਾੜੀ ਜਿਣਸਾਂ ਦੀਆਂ ਕੀਮਤਾਂ ਵਿਚ ਆਏ ਨਿਘਾਰ ਦੇ ਕਾਰਨ ਕਿਸਾਨਾਂ ਦੀ ਹੋਈ ਮੰਦੀ ਆਰਥਿਕ ਹਾਲਤ ਦੇ ਸਿੱਟੇ ਵਜੋਂ "ਪੱਗੜੀ ਸੰਭਾਲ ਜੱਟਾ" ਲਹਿਰ ਦਾ ਵੀ ਹਵਾਲਾ ਦਿੱਤਾ ਅਤੇ ਫਿਰ ਉਹ ਸਿੱਧੇ ਅਜੋਕੇ ਤਿੰਨ ਖੇਤੀਬਾੜੀ ਬਿੱਲਾਂ ਵੱਲ ਆਏ ਜਿਨ੍ਹਾਂ ਦੇ ਵਿਰੋਧ ਵਿਚ ਪੰਜਾਬ ਅਤੇ ਹਰਿਆਣਾ ਦੇ ਕਿਸਾਨ ਅੱਜਕੱਲ੍ਹ ਆਪਣੀ ਹੋਂਦ ਨੂੰ ਬਚਾਉਣ ਲਈ ਸੰਘਰਸ਼ ਕਰ ਰਹੇ ਹਨ। ਉਹ ਸੜਕਾਂ 'ਤੇ ਨਿਕਲ ਆਏ ਹਨ। ਉਨ੍ਹਾਂ ਪੰਜਾਬ ਵਿਚ ਰੇਲਾਂ ਰੋਕੀਆਂ ਹੋਈਆਂ ਹਨ ਅਤੇ ਕਾਰਪੋਰੇਟ ਘਰਾਣਿਆਂ ਦੇ ਵੱਡੇ ਮਾਲ ਤੇ ਪੈਟਰੋਲ-ਪੰਪ ਆਦਿ ਘੇਰੇ ਗੋਏ ਹਨ। ਤਿੰਨਾਂ ਕਾਨੂੰਨਾਂ ਨੂੰ ਵਾਰੋ-ਵਾਰੀ ਲੈਂਦਿਆਂ ਉਨ੍ਹਾਂ ਕਿਹਾ ਕਿ ਬੇਸ਼ਕ ਇਨ੍ਹਾਂ ਦੀ ਸ਼ਬਦਾਵਲੀ ਆਮ ਪਾਠਕ ਨੂੰ ਵੇਖਣ ਨੂੰ ਏਨੀ ਨੁਕਸਾਨਦਾਇਕ ਨਹੀਂ ਜਾਪਦੀ ਪਰ ਇਹ ਤਿੰਨੇ ਕਿਸਾਨ-ਮਾਰੂ ਕਾਨੂੰਨ ਆਪਸ ਵਿਚ ਡੂੰਘੀ ਤਰ੍ਹਾਂ ਜੁੜੇ ਹੋਏ ਹਨ ਅਤੇ ਇਹ ਉਨ੍ਹਾਂ ਦੇ ਲਈ ਘਾਤਕ ਹਨ। ਉਨ੍ਹਾਂ ਕਿਹਾ ਕਿ ਭਾਰਤ ਵਿਚ ਖੇਤੀਬਾੜੀ ਰੋਜ਼ਗਾਰ ਹੈ ਅਤੇ ਅਮਰੀਕਾ, ਕੈਨੇਡਾ ਤੇ ਪੱਛਮੀ ਦੇਸ਼ਾਂ ਵਾਂਗ ਇਹ ਵਿਉਪਾਰ ਨਹੀਂ।

ਜ਼ਰੂਰੀ ਵਸਤਾਂ ਦੇ ਭੰਡਾਰੀਕਰਨ ਨਾਲ ਜੁੜੇ ਪਹਿਲੇ ਕਾਨੂੰਨ ਬਾਰੇ ਉਨ੍ਹਾਂ ਕਿਹਾ ਕਿ ਪੰਡਤ ਜਵਾਹਰ ਲਾਲ ਨਹਿਰੂ ਦੇ ਰਾਜ ਸਮੇਂ 1955 ਵਿਚ ਬਣਿਆਂ ਇਹ ਕਾਨੂੰਨ ਉਦੋਂ ਕਿਸਾਨਾਂ ਨੂੰ ਸੀਮਤ ਹੱਦ ਤੀਕ ਅਨਾਜ ਦੇ ਭੰਡਾਰੀਕਰਨ ਦੀ ਸੁਵਿਧਾ ਦਿੰਦਾ ਸੀ ਪਰ ਹੁਣ ਇਸ ਵਿਚ ਕੀਤੀ ਗਈ ਕਥਿਤ 'ਸੋਧ' ਵੱਡੇ ਵਿਉਪਾਰੀਆਂ ਅਤੇ ਕਾਰਪੋਰੇਟ ਘਰਾਣਿਆਂ ਨੂੰ ਹਰ ਤਰ੍ਹਾਂ ਦੀਆਂ ਜਿਨਸਾਂ ਦੇ ਭੰਡਾਰੀਕਰਨ ਦੀ ਕਰਨ ਦੀ ਖੁੱਲ੍ਹ ਦਿੰਦੀ ਹੈ ਜਿਸ ਨਾਲ ਉਹ ਕਿਸੇ ਵੀ ਜਿਨਸ ਦਾ ਸਟਾਕ ਕਰਨ ਤੋਂ ਬਾਅਦ ਉਸਦੀ ਅਸਥਾਈ ਕਿੱਲਤ ਪੈਦਾ ਕਰਕੇ ਬਾਅਦ ਵਿਚ ਉਸ ਨੂੰ ਮਨ-ਮਰਜ਼ੀ ਦੀ ਕੀਮਤ 'ਤੇ ਵੇਚਣਗੇ ਜਿਸ ਨਾਲ ਕਿਸਾਨ ਅਤੇ ਖ਼ਪਤਕਾਰ ਦੋਹਾਂ ਨੂੰ ਹੀ ਨੁਕਸਾਨ ਹੋਵੇਗਾ। ਖੁੱਲ੍ਹੀ-ਮੰਡੀ ਬਾਰੇ ਦੂਸਰੇ ਕਾਨੂੰਨ ਦੀ ਵਿਆਖਿਆ ਕਰਦਿਆਂ ਉਨ੍ਹਾਂ ਕਿਹਾ ਕਿ ਇਸ ਦੇ ਨਾਲ ਅਜੋਕੀਆਂ ਸਰਕਾਰੀ ਮੰਡੀਆਂ ਬੰਦ ਹੋ ਜਾਣਗੀਆਂ ਅਤੇ ਕਿਸਾਨਾਂ ਨੂੰ ਆਪਣੀ ਜਿਨਸ ਵੱਡੇ ਵਿਉਪਾਰੀਆਂ ਦੇ ਰਹਿਮੋ-ਕਰਮ 'ਤੇ ਛੱਡਣੀ ਪਵੇਗੀ ਜੋ ਹੋ ਸਕਦਾ ਹੈ ਕਿ ਸ਼ੁਰੂ ਵਿਚ ਦੋ-ਚਾਰ ਸਾਲ ਉਸ ਨੂੰ ਐੱਮ.ਐੱਸ.ਪੀ. ਤੋਂ ਕੁਝ ਵਧੇਰੇ ਕੀਮਤਾਂ ਵੀ ਦੇਣ ਪਰ ਬਾਅਦ ਵਿਚ ਉਪਜ ਦੀ ਘਟੀਆ ਕਵਾਲਿਟੀ ਦਾ ਬਹਾਨਾ ਲਗਾ ਕੇ ਕਿਸੇ ਵੀ ਸਮੇਂ ਇਨ੍ਹਾਂ ਨੂੰ ਹੇਠਾਂ ਡੇਗ ਸਕਦੇ ਹਨ, ਜਿਹਾ ਕਿ ਹੁਣ ਬਿਹਾਰ ਅਤੇ ਯੂ.ਪੀ. ਰਾਜਾਂ ਵਿਚ ਹੋ ਰਿਹਾ ਹੈ ਅਤੇ ਉਨ੍ਹਾਂ ਰਾਜਾਂ ਦੀ ਉਪਜ ਚੋਰੀਂ-ਛਿਪੀਂ ਪੰਜਾਬ ਦੀਆਂ ਮੰਡੀਆਂ ਵਿਚ ਵੱਧ ਕੀਮਤ 'ਤੇ ਵਿਕਣ ਲਈ ਆ ਰਹੀ ਹੈ। ਕਿਸਾਨਾਂ ਨੂੰ ਆਪਣੀ ਉਪਜ ਇਨ੍ਹਾਂ 'ਪ੍ਰਾਈਵੇਟ ਪਲੇਅਰਾਂ' ਦੇ ਵੱਡੇ-ਵੱਡੇ ਗੁਦਾਮਾਂ ਵਿਚ ਪਹੁੰਚਾਉਣੀ ਪਵੇਗੀ ਅਤੇ ਹੋ ਸਕਦਾ ਹੈ ਕਿ ਗੰਨੇ ਦੀ ਅਦਾਇਗੀ ਵਾਂਗ ਕਈ ਕਈ ਮਹੀਨੇ ਜਾਂ ਸਾਲਾਂ-ਬੱਧੀ ਉਨ੍ਹਾਂ ਨੂੰ ਉਸ ਦੀ ਅਦਾਇਗੀ ਦਾ ਇੰਤਜ਼ਾਰ ਕਰਨਾ ਪਵੇ।

ਏਸੇ ਤਰ੍ਹਾਂ ਠੇਕੇਦਾਰੀ-ਫ਼ਾਰਮਿੰਗ ਬਾਰੇ ਤੀਸਰੇ ਕਾਨੂੰਨ ਬਾਰੇ ਉਨ੍ਹਾਂ ਦਾ ਕਹਿਣਾ ਸੀ ਕਿ ਵੱਡੇ ਕਾਰਪੋਰੇਸ਼ਨ ਅਦਾਰੇ ਕਿਸਾਨਾਂ ਦੀ ਜ਼ਮੀਨ ਲੰਮੇਂ ਸਮੇ ਲਈ ਠੇਕੇ 'ਤੇ ਲੈਣਗੇ ਅਤੇ ਉਹ ਆਪਣੀ ਮਨ ਮਰਜ਼ੀ ਦੀਆਂ ਉਹ ਫ਼ਸਲਾਂ ਪੈਦਾ ਕਰਨਗੇ ਜਿਨ੍ਹਾਂ ਦੀ ਸੰਸਾਰ ਪੱਧਰ 'ਤੇ ਵਧੇਰੇ ਮੰਗ ਹੈ। ਉਨ੍ਹਾਂ ਹੋਰ ਦੱਸਿਆ ਕਿ ਕਿਸਾਨਾਂ ਦੀ ਉਪਜ ਦੇ ਵਾਜਬ ਮੁੱਲ ਨਾ ਮਿਲਣ ਜਾਂ ਉਨ੍ਹਾਂ ਦੀ ਕੀਮਤ ਦੀ ਸਮੇਂ ਸਿਰ ਅਦਾਇਗੀ ਨਾ ਹੋਣ ਦੇ ਕੇਸ ਇਨ੍ਹਾਂ ਨਵੇਂ ਕਾਨੂੰਨਾਂ ਅਨੁਸਾਰ ਕੇਵਲ ਐੱਸ.ਡੀ.ਐੱਮ ਜਾਂ ਡਿਪਟੀ ਕਮਿਸ਼ਨਰ ਪੱਧਰ 'ਤੇ ਹੀ ਵਿਚਾਰੇ ਜਾਣਗੇ ਅਤੇ ਕਿਸਾਨ ਇਨ੍ਹਾਂ ਨੂੰ ਸਿਵਲ ਅਦਾਲਤਾਂ ਵਿਚ ਨਹੀਂ ਲਿਜਾ ਸਕਣਗੇ। ਉਨ੍ਹਾਂ ਖ਼ਦਸ਼ਾ ਪ੍ਰਗਟ ਕੀਤਾ ਕਿ ਸਰਕਾਰੀ ਅਫ਼ਸਰ ਤਾਂ ਫਿਰ ਸਰਕਾਰੀ ਸਰਪ੍ਰਸਤੀ ਵਾਲੇ ਕਾਰਪੋਰੇਟ ਅਦਾਰਿਆਂ ਦੇ ਹਿੱਤਾਂ ਨੂੰ ਹੀ ਧਿਆਨ ਵਿਚ ਰੱਖਣਗੇ। ਇਨ੍ਹਾਂ ਹਾਲਤਾਂ ਵਿਚ ਕਿਸਾਨ ਅਖ਼ੀਰ ਆਪਣੀਆਂ ਜ਼ਮੀਨਾਂ ਸਸਤੇ ਰੇਟਾਂ ਵਿਚ ਇਨ੍ਹਾਂ ਕਾਰਪੋਰੇਟ ਅਦਾਰਿਆਂ ਨੂੰ ਵੇਚਣ ਲਈ ਮਜਬੂਰ ਹੋ ਜਾਣਗੇ।


ਲੱਗਭੱਗ ਇਕ ਘੰਟਾ ਚੱਲੇ ਪ੍ਰੋ. ਰਾਮ ਸਿੰਘ ਦੇ ਇਸ ਵਿਦਵਤਾ ਭਰਪੂਰ ਲੈਕਚਰ ਤੋਂ ਬਾਅਦ ਇਸ ਉੱਪਰ ਟਿੱਪਣੀਆਂ ਅਤੇ ਸੁਆਲਾਂ-ਜੁਆਬਾਂ ਦਾ ਸਿਲਸਿਲਾ ਆਰੰਭ ਹੋਇਆ ਜਿਸ ਵਿਚ ਡਾ. ਬਲਜਿੰਦਰ ਸੇਖੋਂ, ਡਾ. ਸੁਖਦੇਵ ਸਿੰਘ ਝੰਡ, ਪ੍ਰੋ. ਜਗੀਰ ਸਿੰਘ ਕਾਹਲੋਂ, ਮੀਡੀਆਕਾਰ ਹਰਜੀਤ ਸਿੰਘ ਗਿੱਲ, ਕਹਾਣੀਕਾਰ ਕੁਲਜੀਤ ਮਾਨ, ਮਲੂਕ ਸਿੰਘ ਕਾਹਲੋਂ, ਬਲਰਾਜ ਚੀਮਾ, ਕਰਨ ਅਜਾਇਬ ਸਿੰਘ ਸੰਘਾ, ਡਾ. ਜਗਮੋਹਨ ਸੰਘਾ, ਡਾ. ਕੰਵਲਜੀਤ ਕੋਰਪਾਲ, ਪਰਮਜੀਤ ਢਿੱਲੋਂ, ਮਕਸੂਦ ਚੌਧਰੀ, ਹਰਦਿਆਲ ਝੀਤਾ, ਹਰਜਸਪ੍ਰੀਤ ਗਿੱਲ ਤੇ ਹੋਰਨਾਂ ਨੇ ਭਾਗ ਲਿਆ। ਉਨ੍ਹਾਂ ਦੇ ਸੁਆਲ ਮੁੱਖ ਤੌਰ 'ਤੇ ਖੇਤੀਬਾੜੀ ਦਾ ਰਾਜ-ਪੱਧਰੀ ਵਿਸ਼ਾ ਹੋਣਾ, ਕੇਂਦਰ ਸਰਕਾਰ ਵੱਲੋਂ ਇਸ ਵਿਚ ਧੱਕੇਸ਼ਾਹੀ ਨਾਲ ਕੀਤੇ ਜਾ ਰਹੇ ਬੇਲੋੜੇ ਦਖ਼ਲ, ਫ਼ਸਲਾਂ ਦੀ ਐੱਮ.ਐੱਸ.ਪੀ. ਦੇ ਪੰਜਾਬ ਤੇ ਹਰਿਆਣੇ ਵਿਚ ਇਸ ਹਾਲਤ ਵਿਚ ਜਾਰੀ ਰਹਿ ਸਕਣ, ਭਵਿੱਖ ਵਿਚ ਕਿਸਾਨਾਂ ਦੇ ਆਪਣੀਆਂ ਜ਼ਮੀਨਾਂ ਦੇ ਮਾਲਕਾਂ ਤੋਂ ਮਜ਼ਦੂਰ ਬਣਨ ਅਤੇ ਮਜਬੂਰ ਹੋ ਕੇ ਇਹ ਜ਼ਮੀਨਾਂ ਕਾਰਪੋਰੇਟ ਘਰਾਣਿਆਂ ਨੂੰ ਵੇਚਣ ਅਤੇ ਉੱਘੇ ਖੇਤੀਬਾੜੀ ਅਰਥ-ਸ਼ਾਸਤਰੀ ਡਾ. ਸਰਦਾਰਾ ਸਿੰਘ ਜੌਹਲ ਵੱਲੋਂ ਇਨ੍ਹਾਂ ਬਿੱਲਾਂ ਦੇ ਹੱਕ ਵਿਚ ਬੋਲਣ ਨਾਲ ਸਬੰਧਿਤ ਸਨ, ਜਿਨ੍ਹਾਂ ਦੇ ਜੁਆਬ ਪ੍ਰੋ. ਰਾਮ ਸਿੰਘ ਵੱਲੋਂ ਬਾਖ਼ੂਬੀ ਦਿੱਤੇ ਗਏ।

ਮੀਟਿੰਗ ਦੇ ਆਖ਼ਰੀ ਭਾਗ ਵਿਚ ਸੰਚਾਲਕ ਤਲਵਿੰਦਰ ਮੰਡ ਵੱਲੋਂ ਸਭਾ ਦੇ ਸੁਰੀਲੇ ਗਾਇਕਾਂ ਤੇ ਗਾਇਕਾਵਾਂ ਇਕਬਾਲ ਬਰਾੜ, ਪਰਮਜੀਤ ਢਿੱਲੋਂ ਅਤੇ ਮੀਤਾ ਖੰਨਾ ਨੂੰ ਆਪਣੇ ਕਲਾਮ ਸੁਨਾਉਣ ਲਈ ਕਿਹਾ ਗਿਆ ਤਾਂ ਜੋ ਕਿਸਾਨੀ ਸੰਕਟ ਦੇ ਗੰਭੀਰ ਵਿਸ਼ੇ 'ਤੇ ਚਰਚਾ ਕਰਨ ਤੋਂ ਬਾਅਦ ਕੁਝ ਹੱਦ ਤੀਕ ਤਣਾਅ-ਮੁਕਤ ਹੋਇਆ ਜਾ ਸਕੇ ਅਤੇ ਇਹ ਗਾਇਕ/ਗਾਇਕਾਵਾਂ ਆਪਣੇ ਇਸ ਯਤਨ ਵਿਚ ਕਾਫ਼ੀ ਸਫ਼ਲ ਹੋਏ। ਅਖ਼ੀਰ ਵਿਚ ਸਭਾ ਦੇ ਸਰਪ੍ਰਸਤ ਬਲਰਾਜ ਚੀਮਾ ਵੱਲੋਂ ਪ੍ਰੋ. ਰਾਮ ਸਿੰਘ ਦਾ ਉਨ੍ਹਾਂ ਦੇ ਜਾਣਕਾਰੀ ਭਰਪੂਰ ਭਾਸ਼ਣ ਦੇਣ ਲਈ ਹਾਰਦਿਕ ਧੰਨਵਾਦ ਕੀਤਾ ਗਿਆ। ਉਨ੍ਹਾਂ ਵੱਲੋਂ ਡਾ. ਜਗਮੋਹਨ ਸਿੰਘ ਸੰਘਾ ਦਾ ਵਿਸ਼ੇਸ਼ ਧੰਨਵਾਦ ਕੀਤਾ ਗਿਆ ਜਿਨ੍ਹਾਂ ਨੇ ਅਜੋਕੀ ਜ਼ੂਮ ਤਕਨੀਕ ਰਾਹੀਂ ਇਸ ਮੀਟਿੰਗ ਦਾ ਸਫ਼ਲ ਆਯੋਜਨ ਕਰਨ ਵਿਚ ਅਹਿਮ ਭੂਮਿਕਾ ਨਿਭਾਈ ਹੈ। ਉਨ੍ਹਾਂ ਮੀਟਿੰਗ ਵਿਚ ਭਾਗ ਲੈਣ ਵਾਲਿਆਂ ਦਾ ਵੀ ਧੰਨਵਾਦ ਕੀਤਾ ਜਿਨ੍ਹਾਂ ਨੇ ਤਿੰਨ ਘੰਟੇ ਤੋਂ ਵਧੀਕ ਚੱਲੀ ਇਸ ਮੀਟਿੰਗ ਦੀ ਪੂਰੀ ਕਾਰਵਾਈ ਨੂੰ ਬੜੇ ਧਿਆਨ ਨਾਲ ਸੁਣਿਆਂ ਅਤੇ ਇਸ ਵਿਚ ਆਪਣੇ ਵਿਚਾਰ ਦੱਸ ਕੇ ਆਪੋ ਆਪਣਾ ਯੋਗਦਾਨ ਪਾਇਆ। ਮੀਟਿੰਗ ਵਿਚ ਉੱਘੇ ਲੇਖਕ ਪੂਰਨ ਸਿੰਘ ਪਾਂਧੀ, ਕਵਿੱਤਰੀ ਰਮਿੰਦਰ ਵਾਲੀਆ, ਗਾਇਕਾ ਰਿੰਟੂ ਭਾਟੀਆ, ਲੇਖਕ ਦਰਸ਼ਨ ਸਿੰਘ ਦਰਸ਼ਨ, ਗੁਰਚਰਨ ਸਿੰਘ ਖੱਖ, ਮੁਖਤਿਆਰ ਸਿੰਘ ਮੁਲਤਾਨੀ, ਸਰਬਜੀਤ ਸਿੰਘ ਸਮੇਤ ਕਈ ਹੋਰਨਾਂ ਨੇ ਵੀ ਭਰਪੂਰ ਹਾਜ਼ਰੀ ਲੁਆਈ।


# ਜ਼ਰੂਰ ਜਾਣੋ; ਗਿਆਨ ਗੰਗਾ

## ।। ਜੀਵ ਹਮਾਰੀ ਜਾਤੀ ਹੈ, ਮਾਨਵ ਧਰਮ ਹਮਾਰਾ । ਹਿੰਦੂ, ਮੁਸਲਿਮ, ਸਿੱਖ, ਇਸਾਈ, ਧਰਮ ਨਹੀਂ ਕੋਈ ਨਿਆਰਾ ।।

- ਬ੍ਰਹਮਾ, ਵਿਸ਼ਨੂੰ, ਮਹੇਸ਼ ਦੇ ਮਾਤਾ-ਪਿਤਾ ਕੌਣ ਹਨ ?
- ਸ਼ੇਰਾਂਵਾਲੀ ਮਾਤਾ (ਦੁਰਗਾ ਅਸ਼ਟਾਂਗੀ) ਦਾ ਪਤੀ ਕੌਣ ਹੈ ?
- ਸਾਨੂੰ ਜਨਮ ਦੇਣ ਤੇ ਮਾਰਣ ਵਿੱਚ ਕਿਸ ਪ੍ਰਭੂ ਦਾ ਸਵਾਰਥ ਹੈ ?
- ਅਸੀਂ ਸਾਰੇ ਦੇਵੀ-ਦੇਵਤਿਆਂ ਦੀ ਇੰਨੀ ਭਗਤੀ ਕਰਦੇ ਹਾਂ, ਫਿਰ ਵੀ ਦੁੱਖੀ ਕਿਉਂ ਹਾਂ ?
- ਬ੍ਰਹਮਾਂ, ਵਿਸ਼ਨੂੰ, ਮਹੇਸ਼ ਕਿਸਦੀ ਭਗਤੀ ਕਰਦੇ ਹਨ ?
- ਪੂਰਨ ਸੰਤ ਦੀ ਪਹਿਚਾਣ ਕੀ ਹੈ ? 'ਤੇ ਮੋਕਸ਼ ਕਿਵੇਂ ਮਿਲੇਗਾ ?
- ਪਰਮਾਤਮਾ ਸਾਕਾਰ ਹੈ ਜਾਂ ਨਿਰਾਕਾਰ ?
- ਕਿਸੀ ਵੀ ਗੁਰੂ ਦੀ ਸ਼ਰਨ ਵਿੱਚ ਜਾਣ ਨਾਲ ਮੁਕਤੀ ਸੰਭਵ ਹੈ ਜਾਂ ਨਹੀਂ ?
- ਤੀਰਥ, ਵਰਤ, ਤਰਪਣ ਅਤੇ ਸ਼ਰਾਧ ਨਿਕਾਲਣ ਨਾਲ ਕੋਈ ਲਾਭ ਹੈ ਜਾਂ ਨਹੀਂ (ਗੀਤਾ ਅਨੁਸਾਰ) ?
- ਸ੍ਰੀ ਕ੍ਰਿਸ਼ਨ ਜੀ ਕਾਲ ਨਹੀਂ ਹਨ । ਫਿਰ ਗੀਤਾ ਵਾਲਾ ਕਾਲ ਕੌਣ ਹੈ ?
- ਕੌਣ ਅਤੇ ਕਿਵੇਂ ਹੈ ? ਕਿੱਥੇ ਰਹਿੰਦਾ ਹੈ ? ਕਿਵੇਂ ਮਿਲਦਾ ਹੈ ? ਕਿਸ ਨੇ ਦੇਖਿਆ ਹੈ ਪੂਰਨ ਪਰਮਾਤਮਾ ?
- ਸਮਾਧੀ ਅਭਿਆਸ (Meditation) ਰਾਮ, ਹਰੇ ਕ੍ਰਿਸ਼ਣ, ਹਰੀ ਓਮ, ਹੰਸ, ਤਿੰਨ ਤੇ ਪੰਜ ਨਾਮਾਂ ਅਤੇ ਵਾਹਿਗੁਰੂ ਆਦਿ-2 ਨਾਮਾਂ ਦੇ ਜਾਪ ਤੋਂ ਸੁੱਖ ਅਤੇ ਮੁਕਤੀ ਸੰਭਵ ਹੈ ਜਾਂ ਨਹੀਂ?




ਇਨ੍ਹਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਜਾਣਨ ਲਈ ਕ੍ਰਿਪਾ ਕਰਕੇ ਪੜ੍ਹੋ ਪੁਸਤਕ ਗਿਆਨ ਗੰਗਾ ਜਾਂ ਡਾਊਨਲੋਡ ਕਰੋ: www.jagatgururampalji.org

IPTV ਦੁਆਰਾ ਸਤਸੰਗ ਦੇਖੋ

ਵਾਣੀ ਟੀਵੀ ਤੇ ਸਵੇਰੇ 11:00 - 12:00 ਵਜੇ ਤੱਕ
ਐਮ ਐਚ ਵਨ ਸ਼ਰਧਾ ਤੇ ਸਵੇਰੇ 3:30 - 4:30 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸਵੇਰੇ 7:00 - 8:00 ਵਜੇ ਤੱਕ
ਸਾਧਣਾ ਟੀਵੀ ਤੇ ਸਵੇਰੇ 9:00 - 10:00 ਵਜੇ ਤੱਕ
ਹਰਿਆਣਾ ਨਿਊਜ਼ ਤੇ ਸ਼ਾਮ 7:30 - 8:30 ਵਜੇ ਤੱਕ
ਈਸ਼ਵਰ ਟੀਵੀ ਤੇ ਸਵੇਰੇ 10:00 - 11:00 ਵਜੇ ਤੱਕ
ਗਲੋਬਲ ਸਾਂਝ ਟੀ-ਵੀ ਤੇ ਸ਼ਾਮ 7:00 - 8:00 ਵਜੇ ਤੱਕ

ਗਿਆਨ ਗੰਗਾ ਪੁਸਤਕ ਦੇ ਆਰਡਰ ਜਾਂ ਸਤਸੰਗ ਦੀ ਜਾਣਕਾਰੀ ਲਈ ਸੰਪਰਕ ਕਰੋ:

satlokashramcanada@gmail.com
satsahibusa@gmail.com
647-739-4641
346-714-0224


# ਕੈਨੇਡਾ ਵਿਚਲੇ ਮੇਰੇ ਇਕਾਂਤ -ਵਾਸ ਦੇ 14 ਦਿਨ, ਤੇ ਭਾਰਤ ਵਿਚਲਾ ਮੇਰਾ 'ਪਰਬੰਧਕੀ' ਤੇਜ਼ਰਬਾ !





-ਕੰਵਲਜੀਤ ਸਿੰਘ ਕੰਵਲ-

ਦੁਨੀਆਂ ਭਰ ਵਿੱਚ ਫੈਲੀ ਮਹਾਂਮਾਰੀ ਕੋਵਿਡ 19 ਨੇ ਸੰਸਾਰ ਭਰ ਵਿੱਚ ਵੱਸਦੇ ਲੋਕਾਂ ਨੂੰ ਜਿੱਥੇ ਹਿਲਾ ਕੇ ਰੱਖ ਦਿੱਤਾ ਉਥੇ ਜਿੰਦਗੀ ਜੀਣ ਦੇ ਨਵੇਂ ਫਲਸਫੇ ਤੋਂ ਵੀ ਜਾਣੂ ਕਰਵਾਇਆ ਹੈ। ਭਾਂਵੇਂ ਕਿ ਲੱਖਾਂ ਲੋਕਾਂ ਦੀ ਜਾਨ ਲੈਣ ਵਾਲੀ ਇਸ ਗੈਰ ਕੁਦਰਤੀ ਬਿਮਾਰੀ ਨਾਲ ਜੂਝਣ ਲਈ ਕਿਸੇ ਦਵਾ ਦਾਰੂ ਦਾ ਕੋਈ ਪਰਬੰਧ ਨਜਰੀਂ ਨਹੀਂ ਪਿਆ ਪਰ ਸਿਰਫ ਤੇ ਸਿਰਫ ਕੁਝ ਪਰਹੇਜ਼ ਅਤੇ ਪਰਕਾਸ਼ਨ ਹੀ ਡੁੱਬਦੇ ਨੂੰ ਤਿਨਕੇ ਦੇ ਸਹਾਰੇ ਨਿਆਂਈਂ ਹਨ। ਅਗਸਤ ਦੇ ਆਖਰੀ ਹੱਫਤੇ ਮੈਨੂੰ ਕਿਸੇ ਨਿੱਜੀ ਪਰਿਵਾਰਿਕ ਅਤੇ ਕਾਰੋਬਾਰੀ ਸਿਲਸਿਲੇ ਚ ਭਾਰਤ ਜਾਣਾ ਪਿਆ ਅਤੇ ਮੇਰੇ ਲਈ ਇਹਨੀਂ ਦਿਨੀਂ "ਭਾਰਤ ਦਰਸ਼ਨ" ਕਰਨਾਂ ਦੁਨੀਆਂ ਦੇ ਕਿਸੇ "ਅੱਠਵੇਂ ਅਜੂਬੇ" ਵੱਲ ਮੂੰਹ ਕਰਨ ਦੇ ਨਿਆਂਈਂ ਸੀ। ਭਾਰਤ ਵਿਚਲੀਆਂ ਕਰੋਨਾਂ ਬਾਰੇ ਮਿਲ ਰਹੀਆਂ ਮੰਦਭਾਗੀਆਂ ਖਬਰਾਂ ਕਰਕੇ ਪਰਿਵਾਰਿਕ ਮੈਂਬਰਾਂ ਅਤੇ ਬੱਚਿਆਂ ਵਿਚਲੀ ਬੇਭਰੋਸਗੀ ਇਸ ਫੇਰੀ ਤੇ ਸਵਾਲੀਆਂ ਚਿੰਨ ਲਾਈ ਬੈਠੀ ਸੀ। ਪਰ ਮੁਸੀਬਤਾਂ ਨਾਲ ਮੱਥਾ ਮਾਰਨਾਂ ਸ਼ਾਇਦ ਮੁੱਢ ਤੋਂ ਹੀ ਮੇਰੇ ਨਸੀਬਾਂ ਦਾ ਹਿੱਸਾ ਹੈ। ਏ2ਜ਼ੀ ਟਰੈਵਲ ਦੇ ਅਨਿਲ ਸੰਦੂਜਾ ਜੀ ਵੱਲੋਂ ਜਿੱਥੇ ਮੇਰੀ ਆਉਣ ਜਾਣ ਦੀ ਟਿਕਟ ਦਾ ਪਰਬੰਧ ਕੀਤਾ ਗਿਆ ਉੱਥੇ ਉਹਨਾਂ ਵੱਲੋਂ ਮੈਨੂੰ ਇਸ ਸਫਰ ਨੂੰ ਸ਼ੁਰੂ ਕਰਨ ਲਈ ਲੋੜੀਦੀਆਂ ਮੁੱਢਲੀਆਂ ਜਰੂਰਤਾਂ ਬਾਰੇ ਵੀ ਮੈਨੂੰ ਜਾਗਰੂਕ ਕੀਤਾ ਜਿਹਨਾਂ ਚ ਜਾਣ ਤੋਂ 96 ਘੰਟੇ ਪਹਿਲਾਂ ਕੋਵਿਡ ਟੈਸਟ ਦਾ ਨੈਗਿਟਿਵ ਰਿਜ਼ਲਟ ਹੋਣਾਂ ਅਤੇ ਇਸ ਰਿਜ਼ਲਟ ਨੂੰ ਭਾਰਤ ਸਰਕਾਰ, ਇੰਡੀਅਨ ਏਅਰ ਪੋਰਟ ਅਥਾਰਟੀ ਅਤੇ ਹੋਰ ਜਗ੍ਹਾ ਤੇ ਰਜਿਸਟਰਡ ਕਰਵਾਉਣਾਂ ਆਦਿ ਸ਼ਾਮਲ ਸੀ। ਲਫਥਾਂਸਾ ਏਅਰਲਾਈਨ ਤੇ ਸ਼ੁਰੂ ਹੋਇਆ ਇਹ ਸ਼ਾਨਦਾਰ ਸਫਰ ਨਵੀਂ ਦਿੱਲੀ ਜਾ ਕੇ ਮੁੱਕਿਆ ਅਤੇ ਸ਼ੁਰੂ ਹੋਈ ਖੱਜਲ ਖਰਾਬੀ ਦੀ ਦਾਸਤਾਂਨ, ਜਿੱਥੇ ਪੇਪਰ ਵਰਕ ਦਾ ਆਪਸੀ ਤਾਲਮੇਲ ਨਾਂ ਹੋਣ ਅਤੇ ਮੌਕੇ ਦੇ ਅਧਿਕਾਰੀਆਂ ਵੱਲੋਂ ਕਿਸੇ ਮੁਸਾਫਰ ਦੀ ਮਦਦ ਕਰਨ ਦੀ ਬਜਾਏ ਪਰੇਸ਼ਾਨੀ ਨੂੰ ਚਾਰ ਚੰਨ ਲਾਉਣ ਦੀ ਕਵਾਇਤ ਸ਼ੁਰੂ ਹੁੰਦੀ ਵੇਖੀ ਗਈ ਜਦੋਂ ਕਿ ਮੇਰੇ ਕੋਲ ਸ਼ੁਕਰਵਾਰ ਅਤੇ ਫਿਰ ਸੋਮਵਾਰ ਨੂੰ ਕਰਵਾਏ ਕੋਵਿਡ ਟੈਸਟ ਦੇ ਨੈਗਿਟਿਵ ਰਿਜ਼ਲਟ ਮੇਰੇ ਹੱਥ ਚ ਫੜੇ ਸਨ ਅਤੇ ਭਾਰਤ ਸਰਕਾਰ ਦੇ ਸਿਸਟਮ ਚ ਰਜਿਸਟਰਡ ਕਰਨ ਦੀਆਂ ਕਾਪੀਆਂ ਵੀ, ਬੱਸ ਫੇਰ ਕੀ ਸੀ ਇਕ ਕਾਂਊਟਰ ਤੋਂ ਦੂਸਰੇ ਕਾਂਊਂਟਰ ਤੋਂ ਹੁੰਦਿਆਂ ਗੱਲ ਮੁੱਕੀ ਪੰਜਾਬ ਸਰਕਾਰ ਦੇ ਬਾਹਰ ਲੱਗੇ ਇਕ ਕਾਂਊਂਟਰ ਤੇ ਜਿੱਥੇ ਇਕ ਫਾਰਮ ਭਰਨ ਤੋਂ ਬਾਅਦ ਤੁਹਾਡਾ ਕੈਨੇਡੀਅਨ ਪਾਸਪੋਰਟ ਜਮ੍ਹਾਂ ਕਰ ਲਿਆ ਜਾਂਦਾ ਹੈ ਅਤੇ ਤੁਹਾਡੇ ਜਿਲ੍ਹੇ ਦੇ ਡਿਪਟੀ ਕਮਿਸ਼ਨਰ ਦੇ ਦਫਤਰ ਤੋਂ ਪਾਸਪੋਰਟ ਵਾਪਸ ਮਿਲਣ ਦਾ ਭਰੋਸਾ ਮਿਲ ਜਾਂਦਾ ਹੈ। ਜਦੋਂ ਕਿ ਵਿਦੇਸ਼ ਤੋਂ ਗਏ ਕਿਸੇ ਵਿਅਕਤੀ ਕੋਲ ਭਾਰਤ ਦਾ ਕੋਈ ਵੀ ਫੋਟੋ ਸ਼ਨਾਖਤੀ ਪੱਤਰ ਨਹੀਂ ਹੁੰਦਾ ਜੋ ਕਿ ਤੁਹਾਡੀ ਅਗਲੀ ਉਡਾਨ ਲਈ ਲੋੜੀਦਾ ਹੁੰਦਾ ਹੈ ਜਿਵੇਂ ਕਿ ਮੇਰੀ ਅਗਲੀ ਉਡਾਨ ਕੁਝ ਘੰਟਿਆਂ ਬਾਅਦ ਅੰਮ੍ਰਿਤਸਰ ਦੀ ਸੀ। ਮੇਰੀ ਸਮਝ ਵਿੱਚ ਇਹ ਨਹੀਂ ਸੀ ਆ ਰਿਹਾ ਕਿ ਸਿਸਟਮ ਨੂੰ ਸੈੱਟ ਕਰਨ ਵਾਲੇ ਅਧਿਕਾਰੀਆਂ ਨੇ ਏਨੀ ਵੱਡੀ ਗਲਤੀ ਕਿਵੇਂ ਕੀਤੀ ਕਿ ਕਿਸੇ ਵਿਦੇਸ਼ੀ ਕੋਲੋਂ ਉਸ ਦੀ ਮੁਢਲੀ ਆਈ ਡੀ ਹੀ ਖੋਹ ਲਈ ਜਾਵੇ ਅਤੇ ਉਸ ਤੇ ਇਹ "ਹੁਕਮਨਾਮਾਂ" ਜਾਰੀ ਕੀਤਾ ਜਾਵੇ ਕਿ ਉਹ ਆਪਣੇ ਜਿਲ੍ਹੇ ਦੇ ਇਕ ਪੇਂਡੂ ਹੈਲਥ ਸੈਂਟਰ ਚ ਜਾ ਕੇ ਰਿਪੋਰਟ ਕਰੇ ਜਿਵੇਂ ਕਿ ਮੈਨੂੰ ਨਰਾਇਣ ਗੜ੍ਹ (ਛੇਹਰਟਾ) ਸਥਿਤ ਹੈਲਥ ਸੈਂਟਰਚ ਰਿਪੋਰਟ ਕਰਨ ਲਈ ਕਿਹਾ ਗਿਆ ਸੀ, ਉਸ "ਹੁਕਮਨਾਂਮਾਂ ਨੁਮਾਂ" ਫੁਰਮਾਨ ਤੇ ਜਿਸ ਮਹਿਲਾ ਅਧਿਕਾਰੀ ਡਾ:ਪਲਵੀ ਚੌਧਰੀ ਦਾ ਨਾਂ ਅਤੇ ਫੋਨ ਨੰਬਰ ਦਰਜ ਸੀ ਫੋਨ ਕਰਨ ਤੇ ਉਸ ਦਾ ਬੋਲ ਬਾਣੀ ਏਨਾਂ ਘਟੀਆ ਪੱਧਰ ਦਾ ਸੀ ਕਿ ਸ਼ਬਦਾਂ ਚ ਬਿਆਂਨ ਕਰਨਾਂ ਵੀ ਔਖਾ ਹੈ। ਜਦੋਂ ਇਸ ਮਹਿਲਾ ਅਧਿਕਾਰੀ ਬਾਰੇ ਪਤਾ ਕੀਤਾ ਤਾਂ ਪਤਾ ਲੱਗਾ ਕਿ ਇਹ ਮਹਿਲਾ ਅਧਿਕਾਰੀ ਇਕ ਆਈ ਏ ਐਸ ਅਧਿਕਾਰੀ ਹੈ ਅਤੇ ਉਸ ਦਾ ਪਤੀ ਵੀ ਇਸੇ ਜਿਲ੍ਹੇ ਚ ਇਕ ਆਈ ਪੀ ਐਸ ਅਧਿਕਾਰੀ ਵੱਜੋਂ ਤਾਇਨਾਤ ਹੈ । ਇਹ ਸਤ੍ਹਰਾਂ ਲਿਖੇ ਜਾਣ ਦਾ ਮਤਲਬ ਕਿਸੇ ਅਧਿਕਾਰੀ ਨੂੰ ਨੀਵਾਂ ਵਿਖਾਉਣਾ ਨਹੀਂ ਸਗੋਂ ਪਰਬੰਧਕੀ ਢਾਂਚੇ ਚ ਵੱਡੀਆਂ ਤਬਦੀਲੀਆਂ ਦੀ ਲੋੜ ਨੂੰ ਮਹਿਸੂਸ ਕਰਾਉਣਾ ਹੈ ਤਾ ਕਿ ਵਿਦੇਸ਼ਾਂ ਤੋਂ ਭਾਰਤ ਦਰਸ਼ਨ ਤੇ ਗਏ ਵਿਦੇਸ਼ੀਆਂ ਚੋਂ ਬੇਭਰੋਸਗੀ ਦੀ ਭਾਵਨਾਂ ਖਤਮ ਹੋਵੇ। ਡਿਪਟੀ ਕਮਿਸ਼ਨਰ ਅੰਮ੍ਰਿਤਸਰ ਦੇ ਦਫਤਰ ਤੋਂ ਦੋ ਹਫਤਿਆਂ ਬਾਅਦ ਮੇਰਾ ਕੈਨੇਡੀਅਨ ਪਾਸਪੋਰਟ ਮੈਨੂੰ ਮਿਲ ਗਿਆ। ਇਸ ਫੇਰੀ ਦੌਰਾਨ ਮੈਂ ਸ੍ਰੀ ਹਰਿਮੰਦਰ ਸਾਹਿਬ, ਗੁਰਦੁਆਰਾ ਸ਼ਹੀਦਾਂ ਅੰਮ੍ਰਿਤਸਰ ਅਤੇ ਤਖਤ ਸ੍ਰੀ ਕੇਸ ਗੜ੍ਹ ਸਾਹਿਬ ਦੇ ਦਰਸ਼ਨਾਂ ਲਈ ਵੀ ਗਿਆ ਪਰ ਕਿਤੇ ਵੀ ਸ਼ੋਸ਼ਲ ਡਿਸਟੈਂਸ ਜਾਂ ਮਾਸਕ ਪਾਉਣ ਦੀ ਕਵਾਇਤ ਨਜ਼ਰੀਂ ਨਹੀਂ ਪਈ ਸਗੋਂ ਅੰਮ੍ਰਿਤਸਰ ਸ੍ਰੀ ਹਰਿਮੰਦਰ ਸਾਹਿਬ ਜੀ ਵਿੱਖੇ ਐੱਸ ਜੀ ਪੀ ਸੀ ਦੇ ਤਾਇਨਾਤ ਇਕ ਸੇਵਾਦਾਰ ਨੇ ਮੇਰੇ ਮੂੰਹ ਤੇ ਲੱਗੇ ਮਾਸਕ ਨੂੰ ਲਾਹੁਣ ਦਾ ਹੁਕਮ ਚਾੜ੍ਹਿਆ। ਇਸ ਫੇਰੀ ਦੌਰਾਨ ਬਹੁਤਾ ਸਮਾਂ ਮੈਂ ਆਪਣੇ ਘਰ ਹੀ ਗੁਜ਼ਾਰਿਆ ਅਤੇ ਜਿਹਨਾਂ ਲੋਕਾਂ ਨੂੰ ਮੈਂ ਮਿਲਣਾ ਸੀ ਉਹਨਾਂ ਨੂੰ ਆਪਣੇ ਘਰ ਹੀ ਮਿਲਿਆ ਤੇ ਰੱਬ ਰੱਬ ਕਰਕੇ ਇਹ ਸਮਾਂ ਬਿਤਾਇਆ ਅਤੇ ਆਪਣੇ ਲੋੜੀਦੇ ਕੰਮਾਂ ਨੂੰ ਘਰ ਬੈਠ ਕੇ ਅੰਜਾਂਮ ਦਿੱਤਾ। ਜਿਲ੍ਹਾ ਹੁਸ਼ਿਆਰ ਪੁਰ ਦੀਆਂ ਸ਼ਿਵਾਲਿਕ ਦੀਆਂ ਪਹਾੜੀਆਂ ਦੇ ਰਮਣੀਕ ਖੇਤਰ ਚ ਸਥਿੱਤ ਰੌਸ਼ਨ ਕਲਾ ਕੇਂਦਰ ਦੇ ਕਾਰਕੁੰਨਾਂ ਵੱਲੋਂ ਰੱਖੀ ਗਈ ਇਕ ਮਿਲਣੀ ਇਸ ਫੇਰੀ ਦਾ ਹਾਸਿਲ ਹੋ ਨਿਬੜੀ ਜਿੱਥੇ ਕੁਦਰਤੀ ਪੌਣ ਪਹਾੜੀ ਰਸਤਾ,ਤੇ ਖੁੱਲਾ ਡੁੱਲਾ ਵਾਤਾਵਰਣ ਰੂਹ ਨੂੰ ਸਕੂਨ ਦੇਣ ਵਾਲਾ ਸੀ, ਇਸ ਕੁਦਰਤੀ ਨਜ਼ਾਰੇ ਦਾ ਅਨੰਦ ਲੈਣ ਸਮੇਂ ਹੋਰਨਾਂ ਤੋਂ ਇਲਾਵਾ ਮੇਰੇ ਕੁਝ ਖਾਸ ਮਿੱਤਰ ਜਿਹਨਾਂ ਚ ਕੁਲਦੀਪ ਸਿੰਘ ਬੇਦੀ, ਜੋਗਿੰਦਰ ਸਿੰਘ ਅਦਲੀਵਾਲ ਅਤੇ ਦਰਸ਼ਨ ਸਿੰਘ ਪੰਨੂੰ ਵੀ ਸ਼ਾਮਲ ਸਨ।

4 ਅਕਤੂਬਰ ਦੀ ਮੇਰੀ ਵਾਪਸੀ ਸੀ ਪਰ ਉਹ ਫਲਾਈਟਸ ਕੈਂਸਿਲ ਹੋ ਗਈ ਫਿਰ 5 ਅਕਤੂਬਰ ਦੀ ਮਿਲੀ ਫਲਾਈਟ ਵੀ ਕੈਂਸਿਲ ਹੋ ਗਈ ਪਰ ਮਿਸਟਰ ਸੰਦੂਜਾ ਦੀ ਕੜੀ ਮਿਹਨਤ ਸਦਕਾ 6 ਅਕਤੂਬਰ ਨੂੰ ਏਅਰ ਕੈਨੇਡਾ ਦੀ ਸਿੱਧੀ ਫਲਾਈਟ ਰਾਹੀਂ ਕੈਨੇਡਾ ਪੁੱਜੇ ਤੇ ਸ਼ੁਰੂ ਹੋ ਗਿਆ 14 ਦਿਨਾਂ ਇਕਾਂਤਵਾਸ ਦਾ ਸਫਰ। ਟਰਾਂਟੋ ਏਅਰਪੋਰਟ ਤੋਂ ਟੈਕਸੀ ਲੈ ਕੇ ਘਰ ਪੁਜਿਆ ਤੈਅ ਪਰੋਗਰਾਮ ਅਨੁਸਾਰ ਸਿੱਧਾ ਆਪਣੇ ਕਮਰੇ ਚ ਗਿਆ ਜਿੱਥੇ ਮੇਰੀ ਸ੍ਰੀ ਮਤੀ ਅਤੇ ਬੱਚਿਆਂ ਨੇ ਮੇਰੇ ਆਉਣ ਤੋਂ ਪਹਿਲਾਂ ਮੇਰੇ ਘਰ ਵਿਚਲੇ ਮਾਸਟਰ ਬੈਂਡ ਰੂਮ ਵਿੱਚ ਟੀਵੀ, ਫਰਿਜ, ਕੰਮਪਊਟਰ ਤੋਂ ਇਲਾਵਾ ਮੇਰੇ ਲਈ ਲੋੜੀਦੀ ਹਰ ਸ਼ੈਅ ਦਾ ਪਰਬੰਧ ਕੀਤਾ ਹੋਇਆ ਸੀ। 14 ਦਿਨ ਦਾ ਇਹ ਇਕਾਂਤਵਾਸ ਸਫਰ ਵੀ ਜੋ ਮੈਨੂੰ ਪਹਾੜ ਵਰਗਾ ਦਿਖਾਈ ਦੇਂਦਾ ਸੀ ਪਰ ਸ੍ਰੀ ਮਤੀ ਦੇ ਸੁਚੱਜੇ ਪਰਬੰਧ ਅਤੇ ਮੇਰੇ ਖਾਣ ਪੀਣ ਦਾ ਹਰ ਪੱਖੋਂ ਖਿਆਲ ਮੈਨੂੰ 14 ਘੰਟਿਆਂ ਵਰਗਾ ਲੱਗਾ। ਇਸ ਸਮੇਂ ਦੌਰਾਨ ਮੈਨੂੰ ਆਪਣੇ ਆਪ ਬਾਰੇ, ਆਪਣੇ ਪਰਿਵਾਰ ਬਾਰੇ ਆਪਣੇ ਕਾਰੋਬਾਰ ਬਾਰੇ ਅਤੇ ਆਪਣੇ ਵਿਚਲੀਆਂ ਖਾਮੀਆਂ ਨੂੰ ਦੂਰ ਕਰਨ ਲਈ ਸਵੈ ਪੜਚੋਲ ਦਾ ਮੌਕਾ ਮਿਲਿਆ, ਕਈ ਨਵੇਂ ਤੇਜ਼ਰਬਿਆਂ ਤੋਂ ਕੁਝ ਸਿੱਖਣ ਦਾ ਮੌਕਾ ਮਿਲਿਆ, ਇਕੱਲੇਪੰਨ ਨੂੰ ਜੀ ਭਰ ਕੇ ਮਾਨਣ ਅਤੇ ਭਵਿੱਖ ਵਿੱਚ ਕੁਝ ਹੋਰ ਅਗੇਰੇ ਅਤੇ ਹੋਰ ਅਗੇਰੇ ਵੱਧਣ ਦੀ ਪਰੇਰਨਾ ਮਿਲੀ ਆਪਣੇ ਪਰਿਵਾਰਿਕ ਮੈਂਬਰਾਂ ਨਾਲ ਮੋਹ ਦੀਆਂ ਤੰਦਾਂ ਨੂੰ ਹੋਰ ਪਕੇਰਾ ਹੁੰਦਾ ਬਹੁਤ ਨੇੜਿਓ ਤੱਕਿਆ, ਉਹਨਾਂ ਨੂੰ ਭਾਰਤ ਵਿਚਲੇ ਮਾਹੌਲ ਵਿੱਚ ਮੈਨੂੰ ਰਹਿੰਦਿਆਂ ਮੇਰੇ ਪਰਤੀ ਫਿਕਰਮੰਦ ਹੁੰਦਿਆਂ ਮਹਿਸੂਸ ਕੀਤਾ ਜਿਸ ਨਾਲ ਮੇਰੀ ਪਰੀਤ ਆਪਣੇ ਪਰਿਵਾਰ ਦੇ ਜੀਆਂ ਪਰਤੀ ਹੋਰ ਪਕੇਰੀ ਤੇ ਹੋਰ ਪਕੇਰੀ ਹੋਈ !

## -ਗ਼ਜ਼ਲ-



ਕਮਲਜੀਤ ਕੰਵਰ

ਬੰਧਨ ਤੋੜਾਂਗੇ ਸਭ, ਤੇਰਾ ਤਖ਼ਤ ਹਿਲਾਂਵਾਂਗੇ।
ਦੇਖੀਂ ਹੁਣ, ਤੈਨੂੰ ਤੇਰੀ ਔਕਾਤ ਦਿਖਾਂਵਾਂਗੇ।
ਪਾਪਾਂ ਦੀ ਪੰਡ ਭਰ ਚੁਕੀ ਹੈ ਅੱਜ ਦੇ ਮੁਗਲਾਂ ਦੀ।
ਭਾਜੀ ਮੋੜਾਂਗੇ,ਇਹ ਖ਼ੂਨੀਂ ਬਾਜ਼ ਭਜਾਵਾਂਗੇ।
ਸਾਡੇ ਘਰ ਜੇ ਅੱਗ ਬਲੀ ਨਾ ਤੂੰ ਵੀ ਸੋਚ ਲਵੀਂ,
ਤੇਰੇ ਘਰ ਵਿੱਚ ਜਾ ਕੇ ਤੇਰਾ ਚੁੱਲਾ ਢਾਵਾਂਗੇ।
ਬੋਲੇ ਸੱਪਾਂ ਅੱਗੇ ਤੂੰ ਨਾ ਬੀਨ ਬਜਾਈ ਚੱਲ,
ਫਨ ਕੁਚਲਓਗੇ ਇਹਨਾਂ ਦੇ ਹੁਣ ਡਾਂਗ ਚਲਾਵਾਂਗੇ।
ਪੈਰਾਂ ਦੇ ਵਿੱਚ ਰੋਲੀ ਜਾਂਦਾ ਏ ਕਿਰਸਾਂਨੀ ਉਹ,
ਆਪਾਂ ਵੀ ਛੱਡ ਕੇ ਹ਼ਲ ਤਲਵਾਰ ਉਠਾਵਾਂਗੇ।
ਹੁਣ ਤੇਰੀ ਫਾਂਸੀ ਦਾ ਸਾਨੂੰ ਭੈਅ ਨਾ ਭੋਰਾ ਵੀ,
ਉਲਟਾ ਤੇਰੀ ਮਨਮਰਜ਼ੀ ਨੂੰ ਫਾਹੇ ਲਾਵਾਂਗੇ।
ਬਦਲਾ ਜਾਕੇ ਲੰਡਨ ਵਿੱਚ ਨਹੀਂ ਲੈਣ ਦਾ ਵੇਲਾ ਹੁਣ,
ਹੁਣ ਦਿੱਲੀ ਦੇ ਡਾਇਰ ਦਿੱਲੀ ਅੰਦਰ ਢਾਵਾਂਗੇ।
ਜਿੱਤਣ ਤੀਕਰ ਮੁਰਦਾਬਾਦ ਕਰਾਂਗੇ ਹੁਣ ਤੇਰੀ,
ਕਰ ਜੋ ਕਰਨੈ ਆਪਾਂ ਜ਼ਿੰਦਾਬਾਦ ਕਹਾਂਵਾਂਗੇ।
ਤੇਰੀ ਹੀ ਮਰਜੀ ਚੱਲੇਗੀ ਕੱਢ ਦੇ ਦਿਲ ਚੋਂ ਤੂੰ,
ਪਛਤਾਂਏਗਾ ਹੱਥ ਕੰਵਰ ਏਦਾਂ ਦੇ ਪਾਵਾਂਗੇ।

*ਕਮਲਜੀਤ ਕੰਵਰ ਸਮੇਂ ਦਾ ਹਾਣੀ ਕਹੇ ਜਾਣ ਵਾਲਾ ਅਜਿਹਾ ਸ਼ਾਇਰ ਹੈ ਜਿਸ ਕੋਲ ਬਾਬਰ ਨੂੰ ਜਾਬਰ ਕਹਿਣ ਦੀ ਸਮਰਥਾ ਹੈ ਅਤੇ ਅਜੋਕੇ ਸਮਾਜ ਵਿੱਚ ਵਿਚਰਦਿਆਂ ਉਸ ਦੀਆਂ ਰਚਨਾਵਾਂ ਚੋਂ ਲੋਕਾਂ ਦੀ ਪੀੜਾ ਝਲਕਦੀ ਹੈ।*

*ਕੰਵਲਜੀਤ ਕੰਵਲ*



# ਕੈਪਟਨ ਅਮਰਿੰਦਰ ਅਤੇ ਨਵਜੋਤ ਸਿੱਧੂ ਵਿੱਚ ਸਮਝੌਤੇ ਦੇ ਚਰਚੇ



ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਪੰਜਾਬ ਦੇ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਅਤੇ ਸਾਬਕਾ ਲੋਕਲ ਬਾਡੀਜ਼ ਮੰਤਰੀ ਨਵਜੋਤ ਸਿੱਧੂ ਵਿੱਚ ਕੁਝ ਸਮਝੌਤਾ ਹੋਣ ਦੀ ਚਰਚਾ ਚੱਲ ਨਿਕਲੀ ਹੈ।

ਕਾਂਗਰਸ ਪਾਰਟੀ ਦੇ ਜਨਰਲ ਸਕੱਤਰ ਅਤੇ ਕੇਂਦਰ ਵੱਲੋਂ ਪੰਜਾਬ ਦੇ ਇੰਚਾਰਜ ਹਰੀਸ਼ ਰਾਵਤ ਦਾ ਕਹਿਣਾ ਹੈ ਕਿ ਦੋਵਾਂ ਸਿਆਸੀ ਆਗੂਆਂ ਵਿਚਾਲੇ ਸੰਪਰਕ ਜੁੜਨ ਲੱਗੇ ਹਨ ਤੇ ਛੇਤੀ ਸਾਂਝ ਪੈ ਸਕਦੀ ਹੈ। ਰਾਵਤ ਨੇ ਇਹ ਵੱਡਾ ਖੁਲਾਸਾ ਕੀਤਾ ਹੈ ਕਿ ਬੀਤੇ ਮੰਗਲਵਾਰ ਨੂੰ ਪੰਜਾਬ ਵਿਧਾਨ ਸਭਾ ਵਿੱਚ ਖੇਤੀ ਬਿੱਲਾਂ ਉੱਤੇ ਬੋਲਣ ਲਈ ਮੁੱਖ ਮੰਤਰੀ ਅਮਰਿੰਦਰ ਸਿੰਘ ਨੇ ਨਵਜੋਤ ਸਿੰਘ ਸਿੱਧੂ ਨੂੰ ਫੋਨ ਕੀਤਾ ਸੀ ਤੇ ਇਹੀ ਕਾਰਨ ਹੈ ਕਿ ਵਿਧਾਨ ਸਭਾ ਵਿੱਚ ਤਿੰਨੇ ਬਿੱਲ ਪੇਸ਼ ਕੀਤੇ ਜਾਣ ਮਗਰੋਂਨਵਜੋਤ ਸਿੰਘ ਸਿੱਧੂ ਪਹਿਲੇ ਮੈਂਬਰ ਸਨ, ਜਿਨ੍ਹਾਂ ਨੇ ਵਿਚਾਰ ਰੱਖੇ ਸਨ। ਨਵਜੋਤ ਸਿੰਘ ਸਿੱਧੂ ਸਦਨ ਵਿੱਚ ਸਰਕਾਰ ਬਾਰੇ ਆਪਣੇ ਸੁਭਾਅ ਤੋਂ ਉਲਟ ਹੱਦੋਂ ਵੱਧ ਨਰਮ ਹੋਏ ਦਿਖਾਈ ਦਿੱਤੇ ਸਨ। ਉਸ ਦਿਨ ਹਰੀਸ਼ ਰਾਵਤ ਵੀ ਚੰਡੀਗੜ੍ਹ ਪੁੱਜੇ ਹੋਏ ਹਨ। ਇਸੇ ਦਿਨ ਸਿੱਧੂ ਦਾ ਜਨਮ ਦਿਨ ਸੀ ਤੇ ਦੋਵਾਂ ਆਗੂਆਂ ਨੇ ਇਸ ਦਾ ਕੇਕ ਵੀ ਕੱਟਿਆ ਸੀ। ਨਵਜੋਤ ਸਿੰਘ ਸਿੱਧੂ ਬਾਰੇ ਸ਼ੁਰੂ ਤੋਂ ਹਾਂ-ਪੱਖੀ ਨਜ਼ਰ ਆਉਂਦੇ ਰਹੇ ਹਰੀਸ਼ ਰਾਵਤ ਤੋਂਜਦੋਂਇਹ ਪੁੱਛਿਆ ਗਿਆ ਕਿ ਕੋਈ ਗਿਫਟ ਦਿੱਤਾ ਜਾ ਰਿਹਾ ਹੈ ਤਾਂ ਉਨ੍ਹਾਂ ਜਵਾਬ ਵਿੱਚ ਕਿਹਾ ਕਿ ਸਿੱਧੂ ਪਾਰਟੀ ਲਈ ਕਮਿਟਿਡ ਹੈ, ਕ੍ਰਿਕਟਰ ਹੋਣ ਦੇ ਕਾਰਨ ਉਸ ਨੂੰ ਪਤਾ ਹੈ ਕਿ ਪਿੱਚ ’ਤੇ ਕਿਵੇਂ ਟਿਕੇ ਰਹੀਦਾ ਹੈ। ਰਾਵਤ ਨੇ ਸੰਕੇਤ ਦਿੱਤੇ ਕਿ ਪਾਰਟੀ ਸਿੱਧੂ ਦੀ ਭੂਮਿਕਾ ਬਾਰੇ ਜਲਦੀ ਕੋਈ ਫੈਸਲਾ ਲੈ ਸਕਦੀ ਹੈ।

ਦੂਸਰੇ ਪਾਸੇ ਪੰਜਾਬ ਦੇ ਪਿਛਲੇ ਦੌਰੇ ਵੇਲੇ ਪਾਰਟੀ ਦੀ ਸਥਿਤੀ ਬਾਰੇ ਸੁਨੀਲ ਜਾਖੜ ਨਾਲ ਨਾਰਾਜ਼ ਦਿਸਦੇ ਰਹੇ ਹਰੀਸ਼ ਰਾਵਤ ਨੇ ਇਸ ਵਾਰੀ ਸੁਨੀਲ ਜਾਖੜ ਦੀ ਵੀ ਤਾਰੀਫ ਕੀਤੀ ਅਤੇ ਉਸ ਨੂੰ ਕੱਦਾਵਰ ਆਗੂ ਦੱਸਦਿਆਂ ਕਿਹਾ ਕਿ ਮੁੱਖ ਮੰਤਰੀ ਅਤੇ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਪੰਜਾਬ ਵਿੱਚ ਚੰਗਾ ਕੰਮ ਕੀਤਾ ਹੈ। ਪਾਰਟੀ ਬਾਰੇ ਪੁੱਛੇ ਗਏ ਸਵਾਲ ਦੇ ਜਵਾਬ ਵਿੱਚ ਹਰੀਸ਼ ਰਾਵਤ ਨੇ ਕਿਹਾ ਕਿ ਉਹ 15 ਦਿਨਾਂ ਤੱਕ ਸੰਗਠਨ ਦਾ ਕੰਮ ਵੇਖਣਗੇ ਤੇ ਉਸ ਮਗਰੋਂ ਕੋਈ ਫੈਸਲਾ ਲਿਆ ਜਾ ਸਕੇਗਾ। ਵਰਨਣ ਯੋਗ ਹੈ ਕਿ ਪੰਜਾਬ ਵਿੱਚ ਕਾਂਗਰਸ ਦਾ ਢਾਂਚਾ ਬੀਤੇ ਜਨਵਰੀ ਤੋਂ ਭੰਗ ਹੈ। ਸਾਬਕਾ ਇੰਚਾਰਜ ਆਸ਼ਾ ਕੁਮਾਰੀ ਦੇ ਵਕਤ ਪਾਰਟੀ ਦਾ ਗਠਨ ਕਰ ਕੇ ਸੂਚੀ ਹਾਈ ਕਮਾਨ ਕੋਲ ਭੇਜੀ ਸੀ, ਪਰ ਉਸ ਨੂੰ ਹਾਲੇ ਤੱਕ ਮਨਜ਼ੂਰੀ ਨਹੀਂ ਮਿਲੀ। ਮੰਨਿਆ ਜਾ ਰਿਹਾ ਹੈ ਕਿ ਹਰੀਸ਼ ਰਾਵਤ ਆਪਣੀ ਨਿਯੁਕਤੀ ਮਗਰੋਂ ਮਿਹਨਤ ਕਰਨ ਦੇ ਰੌਂਅ ਵਿੱਚ ਹਨ।

# ਬਹਿਬਲ ਕਲਾਂ ਕਾਂਡ ਦੇ ਦੋ ਦੋਸ਼ੀਆਂ ਨੂੰ ਸੁਖਬੀਰ ਬਾਦਲ ਦੇ ਨੇੜਲੇ ਲਿਖਿਆ ਗਿਆ

### * ਸੁਹੇਲ ਬਰਾੜ ਤੇ ਪੰਕਜ ਬਾਂਸਲ ਦੇ ਜ਼ਿਕਰ ਤੋਂ ਕਈ ਚਰਚੇ ਚੱਲੇ

ਫਰੀਦਕੋਟ, 22 ਅਕਤੂਬਰ (ਪੋਸਟ ਬਿਊਰੋ)- ਬਹਿਬਲ ਕਲਾਂ ਗੋਲੀ ਕਾਂਡ ਕੇਸ ਵਿੱਚ ਵਿਸ਼ੇਸ਼ ਜਾਂਚ ਟੀਮ(ਐਸ ਆਈ ਟੀ)ਵੱਲੋਂ ਅਦਾਲਤ ਵਿੱਚ ਪੇਸ਼ ਕੀਤੇ ਚਲਾਨ ਦੇ ਅਨੁਸਾਰ ਦੋਸ਼ੀ ਸੁਹੇਲ ਸਿੰਘ ਬਰਾੜ ਅਤੇ ਪੰਕਜ ਬਾਂਸਲ ਦੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨਾਲ ਓਦੋਂ ਦੀ ਨਿੱਜੀ ਜਾਣ ਪਛਾਣ ਦੱਸੀ ਗਈ ਹੈ, ਜਦੋਂ 14 ਅਕਤੂਬਰ 2015 ਨੂੰ ਇਹ ਘਟਨਾ ਵਾਪਰੀ ਸੀ ਅਤੇ ਸੁਖਬੀਰ ਸਿੰਘ ਓਦੋਂ ਉਪ ਮੁੱਖ ਮੰਤਰੀ ਹੁੰਦੇ ਸਨ।

ਇਸ ਚਲਾਨ ਰਿਪੋਰਟ ਦੇ ਮੁਤਾਬਕ ਬਹਿਬਲ ਕਲਾਂ ਵਿੱਚ ਪੁਲਸ ਗੋਲੀ ਨਾਲ ਦੋ ਸਿੱਖ ਨੌਜਵਾਨਾਂ ਦੀ ਮੌਤ ਹੋਣ ਤੋਂ ਬਾਅਦ ਦੋਸ਼ੀ ਅਧਿਕਾਰੀਆਂ ਨੇ ਆਪਣੇ ਬਚਾਅ ਲਈ ਫਰੀਦਕੋਟ ਵਿੱਚ ਸੁਹੇਲ ਸਿੰਘ ਬਰਾੜ ਦੇ ਘਰ ਚਰਨਜੀਤ ਸ਼ਰਮਾ (ਉਸ ਵਕਤ ਦੇ ਐਸ ਐਸ ਪੀ ਮੋਗਾ) ਦੀ ਜਿਪਸੀ ਉਤੇ ਖੁਦ ਹੀ ਫਾਇਰਿੰਗ ਕੀਤੀ ਸੀ, ਜਿਸ ਲਈ ਸੁਹੇਲ ਸਿੰਘ ਬਰਾੜ ਅਤੇ ਪੰਕਜ ਬਾਂਸਲ ਦੇ ਗਾਰਡ ਦੀ ਲਾਇਸੈਂਸੀ ਬੰਦੂਕ ਦੀ ਵਰਤੋਂ ਕੀਤੀ ਗਈ। ਐਸ ਆਈ ਟੀ ਦਾ ਦਾਅਵਾ ਹੈ ਕਿ ਸੁਹੇਲ ਬਰਾੜ ਤੇ ਪੰਕਜ ਬਾਂਸਲ ਦੀ ਓਦੋਂ ਦੇ ਆਈ ਜੀ ਪਰਮਰਾਜ ਸਿੰਘ ਉਮਰਾਨੰਗਲ ਅਤੇ ਸੁਖਬੀਰ ਸਿੰਘ ਬਾਦਲ ਨਾਲ ਨਿੱਜੀ ਪਛਾਣ ਸੀ ਅਤੇ ਆਈ ਜੀ ਦੇ ਕਹਿਣ ਉੱਤੇ ਸੁਹੇਲ ਨੇ ਆਪਣੇ ਘਰ ਜਿਪਸੀ ਉਤੇ ਫਾਇਰਿੰਗ ਕਰਵਾਈ ਸੀ ਅਤੇ ਪੰਕਜ ਬਾਂਸਲ ਨੇ ਆਪਣੇ ਮੈਨੇਜਰ ਸੰਜੀਵ ਕੁਮਾਰ ਦੇ ਹੱਥ ਆਪਣੇ ਗਾਰਡ ਚਰਨਜੀਤ ਸਿੰਘ ਦੀ ਬੰਦੂਕ ਇਸ ਕੰਮ ਲਈ ਭੇਜੀ ਸੀ। ਸੁਹੇਲ ਬਰਾੜ ਨੇ ਆਪਣੀ ਬੰਦੂਕ ਨਾਲ ਅਤੇ ਐਸ ਪੀ ਬਿਕਰਮਜੀਤ ਸਿੰਘ ਨੇ ਗਾਰਡ ਚਰਨਜੀਤ ਸਿੰਘ ਦੀ ਬੰਦੂਕ ਨਾਲ ਜਿਪਸੀ ਉੱਤੇ ਗੋਲੀਆਂ ਚਲਾ ਕੇ ਨਵੇਂ ਸਬੂਤ ਬਣਾਉਣ ਦੀ ਕੋਸ਼ਿਸ਼ ਕੀਤੀ। ਚਲਾਨ ਰਿਪੋਰਟ ਵਿੱਚ ਇਹ ਵੀ ਖੁਲਾਸਾ ਹੋਇਆ ਹੈ ਕਿ 14 ਅਕਤੂਬਰ 2015 ਨੂੰ ਪਰਮਰਾਜ ਸਿੰਘ ਉਮਰਾਨੰਗਲ ਬਿਨਾਂ ਕਿਸੇ ਅਧਿਕਾਰ ਦੇ ਕੋਟਕਪੂਰਾ ਵਿਖੇ ਪੁੱਜੇ ਸਨ, ਜਿਹੜੇ ਓਦੋਂ ਕਿਸੇ ਹੋਰ ਜ਼ਿਲੇ ਵਿੱਚ ਤਾਇਨਾਤ ਸਨ ਤੇਉਨ੍ਹਾਂ ਨੇ ਫੋਰਸ ਦੀ ਅਗਵਾਈ ਕਰਦਿਆਂ ਉਸ ਵਕਤ ਦੇ ਡੀ ਜੀ ਪੀ ਸੁਮੇਧ ਸਿੰਘ ਸੈਣੀ ਤੋਂਹਦਾਇਤਾਂ ਲੈ ਕੇ ਕੋਟਕਪੂਰਾ ਅਤੇ ਬਹਿਬਲ ਕਲਾਂ ਵਿੱਚ ਪ੍ਰਦਰਸ਼ਨਕਾਰੀਆਂ ’ਤੇ ਫਾਇਰਿੰਗ ਕਰਵਾਈ ਸੀ। ਐਸ ਆਈ ਟੀ ਨੇ ਬਹਿਬਲ ਕਾਂਡ ਵਿੱਚ ਬਿਕਰਮਜੀਤ ਸਿੰਘ, ਅਮਰਜੀਤ ਸਿੰਘ ਕੁਲਾਰ, ਫਰੀਦਕੋਟ ਦੇ ਸੁਹੇਲ ਸਿੰਘ ਬਰਾੜ ਅਤੇ ਮੋਗੇ ਦੇ ਪੰਕਜ ਬਾਂਸਲ ਖਿਲਾਫ ਅਦਾਲਤ ਵਿੱਚ 14 ਪੰਨਿਆਂ ਦਾ ਚਲਾਨ ਪੇਸ਼ ਕੀਤਾ ਸੀ।ਚਲਾਨ ਮੁਤਾਬਕ 14 ਅਕਤੂਬਰ 2015 ਨੂੰ ਸਵੇਰੇ 4.01 ਵਜੇ ਤੋਂ ਦੁਪਹਿਰ 11.39 ਵਜੇ ਤੱਕ ਪਰਮਰਾਜ ਸਿੰਘ ਉਮਰਾਨੰਗਲ ਅਤੇ ਸੁਮੇਧ ਸੈਣੀ ਵਿਚਾਲੇ ਫੋਨ ਉਤੇ 22 ਵਾਰ ਗੱਲਬਾਤ ਹੋਈ ਸੀ।




# ਪੰਜਾਬ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ ਵੱਲੋਂ ਕਿਸਾਨਾਂ ਦਾ ਪੈਨਲਟੀ ਵਿਆਜ਼ ਮੁਆਫ ਕਰਨ ਦਾ ਫੈਸਲਾ

Punjab State Cooperative Agricultural Development Bank (PSCADB)

ਚੰਡੀਗੜ੍ਹ, 22 ਅਕਤੂਬਰ (ਪੋਸਟ ਬਿਊਰੋ)- ਕੋਵਿਡ-19 ਮਹਾਮਾਰੀ ਅਤੇ ਪੰਜਾਬ ਦੇ ਕਿਸਾਨਾਂ ਦੀ ਵਿੱਤੀ ਹਾਲਤ ਵੇਖਦੇ ਹੋਏ ਪੰਜਾਬ ਰਾਜ ਕੋਆਪਰੇਟਿਵ ਖੇਤੀਬਾੜੀ ਵਿਕਾਸ ਬੈਂਕ (ਪੀ ਏ ਡੀ ਬੀਜ਼) ਨੇ ਸਾਉਣੀ 2020 ਦੀ ਵਸੂਲੀ ਮੁਹਿੰਮ ਵੇਲੇ ਕਿਸਾਨਾਂ ਨੂੰ ਪੈਨਲਟੀ ਵਿਆਜ ਮੁਆਫ਼ ਕਰਨ ਦਾ ਫੈਸਲਾ ਕੀਤਾ ਹੈ। ਪੰਜਾਬ ਦੇ ਕੋਆਪਰੇਟਿਵਮਹਿਕਮੇ ਬਾਰੇ ਮੰਤਰੀ ਸੁਖਜਿੰਦਰ ਸਿੰਘ ਰੰਧਾਵਾ ਨੇ ਇੱਥੇ ਜਾਰੀ ਪ੍ਰੈੱਸ ਬਿਆਨ ਰਾਹੀਂ ਕਿਹਾ ਹੈ ਕਿ ਪੀ ਏ ਡੀ ਬੀਜ਼ ਦੇ ਜਿਹੜੇ ਡਿਫਾਲਟਰ ਕਰਜ਼ਦਾਰ 31 ਦਸੰਬਰ 2020 ਤੱਕ ਆਪਣੀ ਪੂਰੀ ਡਿਫਾਲਟਰ ਰਕਮ ਜਮ੍ਹਾਂ ਕਰਵਾਉਣ ਜਾਂ ਖਾਤਾ ਬੰਦ ਕਰਨਗੇ, ਉਨ੍ਹਾਂ ਦੇ ਕਰਜ਼ਾ ਖਾਤੇ ਵਿੱਚ ਖੜ੍ਹਾ ਪੂਰਾ ਪੈਨਲਟੀ ਵਿਆਜ ਮੁਆਫ ਕਰ ਦਿੱਤਾ ਜਾਵੇਗਾ। ਵਰਨਣ ਯੋਗ ਹੈ ਕਿ ਪੰਜਾਬ ਵਿੱਚ ਕੁੱਲ 89 ਪੀ ਏ ਡੀ ਬੀਜ਼ ਦੇ ਕਰੀਬ 69,000 ਡਿਫਾਲਟਰ ਲੋਕ ਕਰਜ਼ਦਾਰ ਹਨ, ਜਿਨ੍ਹਾਂ ਵੱਲ ਲੱਗਭਗ 1950 ਕਰੋੜ ਰੁਪਏ ਦੀ ਰਕਮ ਬਕਾਇਆ ਤੇ 61.49 ਕਰੋੜ ਰੁਪਏ ਪੈਨਲਟੀ ਵਿਆਜ ਲੈਣ ਯੋਗ ਹੈ। ਇਨ੍ਹਾਂਵਿੱਚੋਂ 70 ਫੀਸਦੀ ਤੋਂਵੱਧ ਛੋਟੇ ਅਤੇ ਸਰਹੱਦੀ ਕਿਸਾਨ ਹਨ, ਜਿਨ੍ਹਾਂ ਕੋਲ 5 ਏਕੜ ਜਾਂ ਇਸ ਤੋਂ ਘੱਟ ਜ਼ਮੀਨ ਹੈ। ਇਸ ਫੈਸਲੇ ਨਾਲ ਉਨ੍ਹਾਂ ਨੂੰ ਬਕਾਇਆ ਰਕਮ ਭਰਨ ਵਿੱਚ ਰਾਹਤ ਮਿਲੇਗੀ। ਮੰਤਰੀ ਦੇ ਹੁਕਮਾਂ ’ਤੇ ਇਸ ਬਾਰੇ ਬੈਂਕ ਦੇ ਬੋਰਡ ਆਫ਼ ਡਾਇਰੈਕਟਰਜ਼ ਦੀ ਸਿਫਾਰਸ਼ ਉੱਤੇ ਰਜਿਸਟਰਾਰ ਨੇ ਪ੍ਰਵਾਨਗੀ ਦੇ ਦਿੱਤੀ ਹੈ।

# ਜਗੀਰ ਕੌਰ ਵੱਲੋਂਇਜ਼ਹਾਰ ਆਲਮ ਦੀ ਪਤਨੀ ਦੀ ਨਿਯੁਕਤੀ ਉਤੇ ਭਾਰੀ ਰੋਸ

### * ਕਿਰਨਜੋਤ ਕੌਰ ਨੇ ਕਿਹਾ: ਮੇਰਾ ਨਾਂਅ ਉਸ ਲਿਸਟ ਵਿੱਚੋਂਕੱਟ ਦਿਉ

ਮਾਨਸਾ, 22 ਅਕਤੂਬਰ (ਪੋਸਟ ਬਿਊਰੋ)- ਇਸਤਰੀ ਅਕਾਲੀ ਦਲ ਦੀ ਪ੍ਰਧਾਨ ਬੀਬੀ ਜਗੀਰ ਕੌਰ ਵੱਲੋਂ ਸਾਬਕਾ ਪੁਲਸ ਅਫ਼ਸਰ ਇਜ਼ਹਾਰ ਆਲਮ ਖਾਨ ਦੀ ਪਤਨੀ ਫ਼ਰਜ਼ਾਨਾ ਆਲਮ ਨੂੰ ਇਸਤਰੀ ਵਿੰਗ ਦੀ ਜਰਨਲ ਸਕੱਤਰ ਨਿਯੁਕਤ ਕਰਨ ਦਾ ਮੁੱਦਾ ਪੰਥਕ ਹਲਕਿਆਂ ਵਿੱਚ ਭਖਣ ਲੱਗਾ ਹੈ।ਫ਼ਰਜ਼ਾਨਾ ਆਲਮ ਦੀ ਅਕਾਲੀ ਦਲ (ਬ) ਵਿੱਚ ਜਨਰਲ ਸਕੱਤਰ ਵਜੋਂ ਨਿਯੁਕਤੀ ਬਾਰੇ ਅਕਾਲੀ ਦਲ (ਅੰਮ੍ਰਿਤਸਰ) ਦੇ ਜਨਰਲ ਸਕੱਤਰ ਗੁਰਸੇਵਕ ਸਿੰਘ ਜਵਾਹਰਕੇ ਨੇ ਪ੍ਰਤੀਕਿਰਿਆ ਦਿੰਦੇ ਹੋਏ ਕਿਹਾ, ;ਜਿਹੋ ਜਿਹੀ ਕੋਕੋ, ਉਹੋ ਜਿਹੇ ਬੱਚੇ, ਇਸਤਰੀ ਅਕਾਲੀ ਦਲ ਦੀ ਪ੍ਰਧਾਨ ਜਗੀਰ ਕੌਰ ਆਪ ਵੀ ਕੁੜੀਮਾਰ ਹੋਣ ਦੇ ਦੋਸ਼ਾਂ ਵਿੱਚ ਘਿਰੀ ਹੋਈ ਹੈ। ਇਸ ਕੋਲੋਂ ਕਦੇ ਵੀ ਚੰਗੇ ਕੰਮ ਦੀ ਉਮੀਦ ਨਹੀਂ ਰੱਖੀ ਜਾ ਸਕਦੀ।’

ਗੁਰਸੇਵਕ ਸਿੰਘ ਜਵਾਹਰਕੇ ਨੇ ਕਿਹਾ ਬਾਦਲ ਪ੍ਰਵਾਨ ਨੇ ਹਮੇਸ਼ਾ ਪੰਥ ਦੁਸ਼ਮਣ ਤਾਕਤਾਂ ਨਾਲ ਭਾਈਵਾਲੀ ਨਿਭਾਈ ਹੈ, ਜਿਵੇਂ ਆਰ ਐਸ ਐਸ ਅਤੇ ਭਾਜਪਾ ਨਾਲ ਮਿਲ ਕੇ ਪੰਜਾਬ ਨੂੰ ਧਾਰਮਿਕ, ਆਰਥਿਕ ਅਤੇ ਸਮਾਜਕ ਖੇਤਰ ਵਿੱਚ ਬਰਬਾਦ ਕੀਤਾ ਅਤੇ ਸਿੱਖਾਂ ਦੇ ਕਾਤਲ ਸੁਮੇਧ ਸੈਣੀ ਨੂੰ ਡੀ ਜੀ ਪੀ ਲਾਇਆ ਸੀ। ਉਨ੍ਹਾਂ ਨੇ ਜਗੀਰ ਕੌਰ ਨੂੰ ਚੇਤਾਵਨੀ ਦਿੱਤੀ ਕਿ ਉਹ ਫ਼ਰਜ਼ਾਨਾ ਦੀ ਨਿਯੁਕਤੀ ਤੁਰੰਤ ਰੱਦ ਕਰਨ। ਉਨ੍ਹਾਂ ਕਿਹਾ ਜੇ ਨਿਯੁਕਤੀ ਰੱਦ ਨਾ ਕੀਤੀ ਤਾਂ ਜਗੀਰ ਕੌਰ ਨੂੰ ਸਿੱਖ ਕੌਮ ਕਿਧਰੇ ਵੀ ਜਨਤਕ ਤੌਰ ਉਤੇ ਵਿਚਰਨ ਨਹੀਂ ਦੇਵੇਗੀ ਅਤੇ ਉਸ ਦਾ ਘਿਰਾਉ ਕੀਤਾ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਮੈਂਬਰ ਬੀਬੀ ਕਿਰਨਜੋਤ ਕੌਰ ਅੰਮ੍ਰਿਤਸਰ ਨੇ ਫ਼ਰਜ਼ਾਨਾ ਆਲਮ ਦੀ ਨਿਯੁਕਤੀ ’ਤੇ ਰੋਸ ਪ੍ਰਗਟ ਕਰਦੇ ਹੋਏ ਆਪਣੀ ਫ਼ੇਸਬੁੱਕ ’ਤੇ ਪਾਈ ਪੋਸਟ ਵਿੱਚ ਲਿਖਿਆ ਹੈ, “ਮੈਂ ਗਵਾਹ ਹਾਂ ਉਸ ਸਮੇਂ ਦੀ,ਜਦੋਂ ਇਜ਼ਹਾਰ ਆਲਮ ਅੰਮ੍ਰਿਤਸਰ ਦਾ ਜਿਲ੍ਹਾ ਪੁਲਸ ਮੁਖੀ ਸੀ ਅਤੇ ਇਸ ਦੀ ਆਲਮ ਸੈਨਾ ਨੇ ਸਿੱਖ ਨੌਜਵਾਨਾਂ ਨੂੰ ਮਾਰਨ ਦਾ ਬੀੜਾ ਚੁੱਕਿਆ ਹੋਇਆ ਸੀ। ਸੇਵਾ ਮੁਕਤ ਹੋ ਕੇ ਉਹ ਪੰਥਕ ਹੋ ਗਿਆ ਤੇ ਅਕਾਲੀ ਦਲ ਦਾ ਮੀਤ ਪ੍ਰਧਾਨ ਬਣ ਗਿਆ। ਅੱਜ ਉਸ ਦੀ ਘਰਵਾਲੀ ਇਸਤਰੀ ਅਕਾਲੀ ਦਲ ਦੀ ਜਨਤਰ ਸਕੱਤਰ ਬਣ ਗਈ। ਤੁਹਾਡੀ ਮਰਜ਼ੀ, ਪਰ ਮੇਰਾ ਨਾਂ ਉਸੇ ਲਿਸਟ ਵਿੱਚ ਕਿਉਂ ਸ਼ਾਮਲ ਕੀਤਾ ਹੈ? ਮੈਨੂੰ ਅਹੁਦੇ ਦੀ ਲੋੜ ਨਹੀਂ।’




# ਕੋਰੋਨਾ ਵੈਕਸੀਨ ਦਾ ਵੱਡਾ ਹਿੱਸਾ ਭਾਰਤ ਵਿੱਚ ਤਿਆਰ ਹੋਵੇਗਾ




ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕੋਈ ਵੈਕਸੀਨ ਦੇ ਉਤਪਾਦਨ ਦੇ ਖੇਤਰ ਵਿੱਚ ਭਾਰਤ ਦੁਨੀਆ ਵਿੱਚ ਮੋਹਰੀ ਹੈ। ਇਸ ਵਿੱਚ ਨਿੱਜੀ ਖੇਤਰ ਦੀ ਮਜ਼ਬੂਤ ਹਿੱਸੇਦਾਰੀ ਹੈ। ਇਸ ਕਾਰਨ ਬਿੱਲ ਅਤੇ ਮੇਲਿੰਡਾ ਗੇਟਸ ਫਾਊਂਡੇਸ਼ਨ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਮਾਰਕ ਸੁਜਮੈਨ ਨੇ ਆਸ ਪ੍ਰਗਟਾਈ ਹੈ ਕਿ ਕੋਰੋਨਾ ਵੈਕਸੀਨ ਦਾ ਬਹੁਤ ਵੱਡਾ ਹਿੱਸਾ ਵੀ ਭਾਰਤ ਵਿੱਚ ਤਿਆਰ ਕੀਤਾ ਜਾਵੇਗਾ।

ਇੱਕ ਖਬਰ ਏਜੰਸੀ ਨੂੰ ਦਿੱਤੀ ਇੰਟਰਵਿਊ ਵਿੱਚ ਸੁਜਮੈਨ ਨੇ ਕਿਹਾ ਕਿ ਭਾਰਤ ਕੋਲ ਜਿਹੜੇ ਸਾਧਨ ਹਨ, ਉਸ ਨਾਲ ਉਹ ਕੋਰੋਨਾ ਖਿਲਾਫ ਜੰਗ ਵਿੱਚ ਜੋ ਕੁਝ ਵੀ ਸੰਭਵ ਹੈ, ਕਰ ਰਿਹਾ ਹੈ। ਸਾਨੂੰ ਉਮੀਦ ਹੈ ਕਿ ਅਗਲੇ ਸਾਲ ਤੱਕ ਕੋਈ ਵੈਕਸੀਨ ਆ ਜਾਵੇਗੀ ਤਾਂ ਇਨ੍ਹਾਂ ’ਚੋਂ ਇੱਕ ਬਹੁਤ ਵੱਡੇ ਹਿੱਸੇ ਦਾ ਉਤਪਾਦਨ ਭਾਰਤ ’ਚ ਹੋਵੇਗਾ। ਮਹਾਮਾਰੀ ਦੇ ਅਗਲੇ ਪੜ੍ਹਾਅ ’ਚ ਸਾਨੂੰ ਇਸ ਖੇਤਰ ਉਤੇ ਧਿਆਨ ਦੇਣਾ ਹੋਵੇਗਾ। ਉਨ੍ਹਾਂ ਦੁਨੀਆ ਦੇ ਸਾਰੇ ਦੇਸ਼ਾਂ ਵਿਚਾਲੇ ਕੋਰੋਨਾ ਵੈਕਸੀਨ ਦੀ ਬਰਾਬਰ ਵੰਡ ਦੀ ਅਹਿਮੀਅਤ ਨੂੰ ਵੀ ਦਰਸ-ਾਇਆ ਹੈ। ਸੁਜਮੈਨ ਨੇ ਕਿਹਾ ਕਿ ਇਹ ਪੱਕਾ ਕਰਨਾ ਬਹੁਤ ਜ਼ਰੂਰੀ ਹੈ ਕਿ ਵਿਕਸਿਤ ਦੇਸ਼ਾਂ ਨਾਲ ਹੀ ਹਰ ਵਿਕਾਸਸ਼ੀਲ ਦੇਸ਼ ਤੇ ਗਰੀਬ ਦੇਸ਼ਾਂ ਨੂੰ ਵੀ ਬਰਾਬਰ ਵੈਕਸੀਨ ਮਿਲੇ।ਸੁਜਮੈਨ ਨੇ ਕਿਹਾ ਕਿ ਉਨ੍ਹਾਂ ਦੀ ਫਾਊਂਡੇਸ਼ਨ ਕੋਰੋਨਾ ਖਿਲਾਫ ਜੰਗ ’ਚ ਕਈ ਮੋਰ-ਚਿਆਂ ’ਤੇ ਕੰਮ ਕਰ ਰਹੀ ਹੈ। ਵੈਕਸੀਨ ਦੀ ਖੋਜ ’ਚ ਵੱਖ-ਵੱਖ ਸੰਗਠਨਾਂ ਤੇ ਸੰਸਥਾਵਾਂ ਨਾਲ ਹੀ ਉਤਪਾਦਨ ’ਚ ਸਹਿਯੋਗ ਕੀਤਾ ਜਾ ਰਿਹਾ ਹੈ। ਜਾਂਚ ਕਾਰਜਾਂ ’ਚ ਤੇਜ਼ੀ ਲਿਆਉਣ ਲਈ ਵੀ ਮਦਦ ਕੀਤੀ ਜਾ ਰਹੀ ਹੈ। ਕੋਵਕਸ ਮੁਹਿੰਮ ਤਹਿਤ ਭਾਰਤ ਸਮੇਤ ਦੁਨੀਆ ਦੇ ਵੱਖ-ਵੱਖ ਦੇਸ਼ਾਂ ਨਾਲ ਵੈਕਸੀਨ ਖਰੀਦਣ ਤੇ ਉਸ ਦੀ ਵੰਡ ’ਤੇ ਕੰਮ ਕੀਤਾ ਜਾ ਰਿਹਾ ਹੈ।

# ਕੈਨੇਡਾ ਦੀ ਕੰਪਨੀ ਵੱਲੋਂ ਭਾਰਤ ਵਿੱਚ 14000 ਕਰੋੜ ਤੋਂ ਵਧੇਰੇ ਦੀ ਦਫਤਰੀ ਡੀਲ



ਮੁੰਬਈ, 22 ਅਕਤੂਬਰ (ਪੋਸਟ ਬਿਊਰੋ)- ਕੈਨੇਡਾ ਦੀ ਬਰੁਕਫੀਲਡ ਅਸਟੇਟ ਮੈਨੇਜਮੈਂਟ ਕੰਪਨੀ ਇਸ ਵੇਲੇ ਭਾਰਤ ਵਿੱਚ ਕਮਰਸ਼ੀਅਲ ਪ੍ਰਾਪਰਟੀ ਖਰੀਦਣ ਲਈ 14,688 ਕਰੋੜ ਰੁਪਏ ਦਾ ਨਿਵੇਸ਼ ਕਰ ਰਹੀ ਹੈ।

ਵਰਨਣ ਯੋਗ ਹੈ ਕਿ ਇਹ ਡੀਲ ਦੱਖਣੀ ਏਸ਼ਿਆਈ ਦੇਸ਼ਾਂ ਵਿੱਚ ਅੱਜ ਤੱਕ ਦੀ ਸਭ ਤੋਂ ਵੱਡੀ ਰੀਅਲ ਅਸਟੇਟ ਡੀਲ ਹੈ। ਕੰਪਨੀ ਨੇ ਜਾਰੀ ਕੀਤੇ ਗਏ ਇੱਕ ਬਿਆਨ ਵਿੱਚ ਕਿਹਾ ਕਿ ਉਹ ਭਾਰਤ ਦੇ ਨਿੱਜੀ ਡਿਵੈਲਪਰ ਆਰ ਐਮ ਜੈਡ ਕਾਰਪੋਰੇਸ਼ਨ ਤੋਂ 1.25 ਕਰੋੜ ਵਰਗ ਫੁੱਟ ਆਫਿਸ ਕਮ ਵਰਕਿੰਗ ਸਪੇਸ ਖਰੀਦ ਰਹੀ ਹੈ।ਆਰ ਐਮ ਜੈਡ ਦੇ ਮੈਨੇਜਿੰਗ ਡਾਇਰੈਕਟਰ ਅਰਸ਼ਦੀਪ ਸਿੰਘ ਸੇਠੀ ਨੇ ਕਿਹਾ ਕਿ ਬਰੁਕਫੀਲਡ ਨਾਲ ਇਹ ਸੌਦਾ ਦੱਸਦਾ ਹੈ ਕਿ ਭਾਰਤੀ ਕਮਰਸ਼ੀਅਲ ਆਫਿਸ ਬਿਜ਼ਨਸ ਬਹੁਤ ਮਜ਼ਬੂਤ ਸਥਿਤੀ ਵਿੱਚ ਹੈ। ਇਸ ਦੀ ਸਰਗਰਮੀ ਅਤੇ ਡਿਮਾਂਡ ਵਿੱਚ ਕੋਈ ਕਮੀ ਨਹੀਂ ਆਈ। ਇਸ ਸੌਦੇ ਨਾਲ ਕੰਪਨੀ ਕਰਜ਼ਾ ਮੁਕਤ ਹੋ ਜਾਏਗੀ ਤੇ ਆਪਣੇ ਪੋਰਟ ਫੋਲੀਓ ਕਾਰੋਬਾਰ ਦਾ ਵਿਸਥਾਰ ਕਰੇਗੀ। ਬੰਗਲੌਰ, ਚੇਨਈ ਵਰਗੇ ਦੱਖਣੀ ਮਹਾਨਗਰਾਂ ਵਿੱਚ ਕੰਮ ਕਰਨ ਵਾਲੀ ਆਰ ਐਮ ਜੈਡ ਛੇ ਸਾਲਾਂ ਵਿੱਚ ਆਪਣੇ ਰੀਅਲ ਅਸਟੇਟ ਪੋਰਟ ਫੋਲੀਓ ਨੂੰ 6.7 ਤੋਂ 8.5 ਕਰੋੜ ਸਕਵੇਅਰ ਫੁੱਟ ਤੱਕ ਵਧਾਉਣਾ ਚਾਹੁੰਦੀ ਹੈ। ਇਸ ਦੇ ਟੈਕਨਾਲੋਜੀ ਅਤੇ ਬਿਜ਼ਨਸ ਪਾਰਕ ਦੇ ਕਲਾਇੰਟਸ ਵਿੱਚ ਗੂਗਲ, ਐਚ ਐਸ ਬੀ ਸੀ ਅਤੇ ਐਕਸਚੇਂਜਰ ਵਰਗੀਆਂ ਕੰਪਨੀਆਂ ਸ਼ਾਮਲ ਹਨ।

ਬੀਤੇ ਸਾਲਾਂ ਤੋਂ ਵੱਡੇ ਵਿਦੇਸ਼ੀ ਨਿਵੇਸ਼ਕ ਭਾਰਤੀ ਦਫਤਰ ਮਾਰਕੀਟ ਵਿੱਚ ਖਰੀਦਦਾਰੀ ਕਰ ਰਹੇ ਹਨ। ਪ੍ਰਾਪਰਟੀ ਕੰਸਲਟੈਂਸੀ ਫਰਮ ਨਾਈਟ ਫ੍ਰੈਂਕ ਇੰਡੀਆ ਦੇ ਮੁਤਾਬਕ ਭਾਰਤੀ ਆਫਿਸ ਸਪੇਸ ਮਾਰਕੀਟ ਆਪਣੀ ਮਜ਼ਬੂਤ ਫੰਡਾਮੈਂਟਲ ਕਾਰਨ ਪ੍ਰਾਈਵੇਟ ਇਕਵਿਟੀ ਲਈ ਤਰਜੀਹੀ ਖੇਤਰ ਬਣ ਚੁੱਕਾ ਹੈ। 2011 ਦੇ ਬਾਅਦ ਦਫਤਰੀ ਸਪੇਸ ਵਿੱਚ ਕੁੱਲ 1.13 ਲੱਖ ਕਰੋੜ ਰੁਪਏ ਤੋਂਵੱਧ ਦਾ ਇਕਵਿਟੀ ਨਿਵੇਸ਼ ਆਇਆ ਹੈ। ਇਸੇ ਲੜੀ ਵਿੱਚ ਬਲੈਕ ਸਟੋਨ ਨੇ ਵੀ ਪਿਛਲੇ ਹਫਤੇ ਕੁਝ ਪ੍ਰਾਪਰਟੀ ਖਰੀਦਣ ਦੇ ਮਕਸਦ ਨਾਲ ਇੱਕ ਗੈਰ ਰੁਕਾਵਟਕਾਰੀ ਸਮਝੌਤਾ ਕੀਤਾ ਹੈ। ਅੰਦਾਜ਼ਾ ਹੈ ਕਿ ਇਹ ਸੌਦਾ ਵੀ 14 ਹਜ਼ਾਰ ਕਰੋੜ ਰੁਪਏ ਤੋਂ ਜ਼ਿਆਦਾ ਦਾ ਹੋ ਸਕਦਾ ਹੈ।

# ਫਾਰੂਕ ਅਬਦੁੱਲਾ ਦੇ ਜਨਮ ਦਿਨ ਮੌਕੇ ਈ ਡੀ ਵੱਲੋਂ ਪੰਜ ਘੰਟੇ ਦੀ ਪੁੱਛ-ਗਿੱਛ



ਸ੍ਰੀਨਗਰ, 22 ਅਕਤੂਬਰ (ਪੋਸਟ ਬਿਊਰੋ)- ਜੰਮੂ ਕਸ਼ਮੀਰ ਦੇ ਸਾਬਕਾ ਮੁੱਖ ਮੰਤਰੀ ਫਾਰੂਕ ਅਬਦੁੱਲਾ, ਜੋ ਕੱਲ੍ਹ 84 ਸਾਲਾਂ ਦੇ ਹੋ ਗਏ ਹਨ, ਤੋਂ ਇਨਫੋਰਸਮੈਂਟ ਡਾਇਰੈਕਟੋਰੇਟ (ਈ ਡੀ) ਨੇ ਜੰਮੂ-ਕਸ਼ਮੀਰ ਕ੍ਰਿਕਟ ਐਸੋਸੀਏਸ਼ਨ ਵਿੱਚ ਸਾਲ 2002-11 ਦੌਰਾਨ ਹੋਏ ਦੱਸੇ ਜਾਂਦੇ ਬਹੁ-ਕਰੋੜੀ ਘੋਟਾਲੇ ਦੇ ਸਬੰਧ ’ਚ ਪੰਜ ਘੰਟੇ ਪੁੱਛਗਿੱਛ ਕੀਤੀ।

ਵਰਨਣ ਯੋਗ ਹੈ ਕਿ ਫਾਰੂਕ ਅਬਦੁੱਲਾ ਤੋਂ ਤਿੰਨ ਦਿਨਾਂ ਵਿੱਚ ਦੂਸਰੀ ਵਾਰ ਪੁੱਛਗਿੱਛ ਕੀਤੀ ਗਈ ਹੈ। ਰਾਜਬਾਗ ਵਿਚਲੇ ਈ ਡੀ ਦੇ ਖੇਤਰੀ ਦਫਤਰ ਵਿੱਚ ਪੇਸ਼ ਹੋਣ ਤੋਂ ਬਾਅਦ ਅਬਦੁੱਲਾ ਪੱਤਰਕਾਰਾਂ ਨਾਲ ਗੱਲਬਾਤ ਕੀਤੇ ਬਿਨਾਂ ਘਰ ਚਲੇ ਗਏ। ਉਨ੍ਹਾਂ ਤੋਂ ਸੋਮਵਾਰ ਵੀ ਇਸੇ ਕੇਸ ਬਾਰੇ ਛੇ ਘੰਟੇਤੋਂਵੱਧ ਪੁੱਛਗਿੱਛ ਹੋਈ ਸੀ। ਉਸ ਪੁੱਛਗਿੱਛ ਤੋਂ ਬਾਅਦ ਫਾਰੂਕ ਨੇ ਕਿਹਾ ਸੀ ਕਿ ਉਹ ਘਬਰਾਉਣ ਵਾਲੇ ਨਹੀਂ ਅਤੇ ਜਾਂਚ ’ਚ ਸਹਿਯੋਗ ਕਰਨਗੇ। ਈ ਡੀ ਦੇ ਅਧਿਕਾਰੀਆਂ ਨੇ ਕਿਹਾ ਕਿ ਕੁਝ ਸਪੱਸ਼ਟੀਕਰਨ ਲੈਣ ਲਈ ਫਾਰੂਕ ਅਬਦੁੱਲਾ ਨੂੰ ਮੁੜ ਤਲਬ ਕੀਤਾ ਗਿਆ ਹੈ।

ਇਸ ਦੌਰਾਨ ਨੈਸ਼ਨਲ ਕਾਨਫਰੰਸ ਨੇ ਈ ਡੀ ਵੱਲੋਂ ਪਾਰਟੀ ਪ੍ਰਧਾਨ ਫਾਰੂਕ ਅਬਦੁੱਲਾ ਨੂੰ ਪੁੱਛਗਿੱਛ ਲਈ ਤਲਬ ਕਰਨ ’ਤੇ ਨਾਰਾਜ਼ਗੀ ਜ਼ਾਹਰ ਕਰਦਿਆਂ ਕਿਹਾ ਕਿ ਇਹ ਜੰਮੂ-ਕਸ਼ਮੀਰ ਦੀਆਂ ਵਿਰੋਧੀ ਪਾਰਟੀਆਂ ’ਚ ਏਕਤਾ ਨੂੰ ਤੋੜਨ ਦੀ ਰਣਨੀਤੀ ਹੈ, ਜੋ ਭਾਜਪਾ ਦੀ ਵੰਡ-ਪਾਊ ਸਿਆਸਤ ਦੇ ਖਿਲਾਫ ਆਵਾਜ਼ ਚੁੱਕ ਰਹੀਆਂ ਹਨ। ਉਨ੍ਹਾਂ ਦੇ ਪੁੱਤਰ ਅਤੇ ਸਾਬਕਾ ਮੁੱਖ ਮੰਤਰੀ ਉਮਰ ਅਬਦੁੱਲਾ ਨੇ ਟਵੀਟ ਕਰ ਕੇ ਕਿਹਾ, ‘ਅੱਜ ਮੇਰੇ ਪਿਤਾ ਜਦੋਂ 84 ਸਾਲਾਂ ਦੇ ਹੋ ਗਏ ਹਨ ਤਾਂ ਈ ਡੀ ਨੇ ਉਨ੍ਹਾਂ ਨੂੰ ਤਲਬ ਕੀਤਾ ਹੈ।’ ਪਾਰਟੀ ਨੇ ਕਿਹਾ ਕਿ ਇਹ ਸਰਕਾਰ ਦਾ ਵਿਰੋਧੀ ਧਿਰਾਂ ਨੂੰ ਖੁੱਡੇ ਲਾਉਣ ਦਾ ਯਤਨ ਹੈ। ਨੈਸ਼ਨਲ ਕਾਨਫਰੰਸ ਨੇ ਕਿਹਾ ਕਿ ਭਾਜਪਾ ਕਿੰਨੀ ਵਾਰ ਸੀ ਬੀ ਆਈ, ਈ ਡੀ, ਭ੍ਰਿਸ਼ਟਾਚਾਰ ਵਿਰੋਧੀ ਬਿਊਰੋ ਅਤੇ ਹੋਰ ਏਜੰਸੀਆਂ ਨੂੰ ਵਿਰੋਧੀ ਧਿਰਾਂ ਖਿਲਾਫ ਵਰਤਦੀ ਰਹੇਗੀ।

# ਹਾਵੜਾ ਕੇਸ ਵਿਚੋਂ ਬਲਵਿੰਦਰ ਸਿੰਘ ਜ਼ਮਾਨਤ ’ਤੇ ਰਿਹਾਅ



ਕੋਲਕਾਤਾ, 22 ਅਕਤੂਬਰ (ਪੋਸਟ ਬਿਊਰੋ)- ਬੀਤੇ ਦਿਨੀ ਹਾਵੜਾ ’ਚ ਭਾਜਪਾ ਵੱਲੋਂ ਰਾਜ ਸਕੱਤਰੇਤ ਦੇ ਘਿਰਾਓ ਲਈ ਚਲਾਈ ਗਈ ਮੁਹਿੰਮ ਦੌਰਾਨ ਪਿਸਤੌਲ ਸਮੇਤ ਗ੍ਰਿਫ਼ਤਾਰ ਬਲਵਿੰਦਰ ਸਿੰਘ ਨੂੰ ਹਾਵੜਾ ਅਦਾਲਤ ਨੇ 2500 ਰੁਪਏ ਦੇ ਨਿੱਜੀ ਬਾਂਡ ’ਤੇ ਰਿਹਾਅ ਕਰ ਦਿੱਤਾ ਹੈ। ਗ੍ਰਿਫ਼ਤਾਰੀ ਸਮੇਂ ਦਸਤਾਰ ਬੇਅਦਬੀ ਦਾ ਮਾਮਲਾ ਸਾਹਮਣੇ ਆਉਣ ਤੋਂ ਬਾਅਦ ਪੱਛਮੀ ਬੰਗਾਲ ਦੀ ਸੰਗਤ ਤੋਂ ਲੈ ਕੇ ਦੇਸ਼-ਵਿਦੇਸ਼ ’ਚ ਇਸ ਦਾ ਵਿਰੋਧ ਕੀਤਾ ਗਿਆ ਸੀ।

ਇਸ ਮਾਮਲੇ ਦੀ ਜਾਂਚ ਕਰਨ ਵਾਲੇ ਪੁਲਸ ਅਧਿਕਾਰੀ ਨੇ ਅਦਾਲਤ ਨੂੰ ਦੱਸਿਆ ਕਿ ਗ੍ਰਿਫ਼ਤਾਰੀ ਸਮੇਂ ਬਰਾਮਦ ਹੋਏ ਪਿਸਤੌਲ ਦਾ ਆਲ ਇੰਡੀਆ ਲਾਇਸੈਂਸ ਸੀ ਤੇ ਉਹ ਗ਼ੈਰ-ਕਾਨੂੰਨੀ ਨਹੀਂ ਸੀ। ਰਿਹਾਅ ਹੋਣ ਤੋਂ ਬਾਅਦ ਬਲਵਿੰਦਰ ਸਿੰਘ ਨੇ ਗੁਰਦੁਆਰਾ ਸਾਹਿਬ ਹਾਜ਼ਰੀ ਭਰ ਕੇ ਪਰਮਾਤਮਾ ਦਾ ਸ਼ੁਕਰਾਨਾ ਕੀਤਾ। ਸਿੱਖਾਂ ਵੱਲੋਂ ਮਦਦ ਲਈ ਕਾਨੂੰਨ ਮੰਤਰੀ ਨੂੰ ਮਾਣ ਪੱਤਰ ਦਿੱਤਾ ਗਿਆ। ਬਲਵਿੰਦਰ ਦੇ ਵਕੀਲ ਅਜੀਤ ਮਿਸ਼ਰਾ ਨੇ ਦੱਸਿਆ ਕਿ ਅਦਾਲਤ ’ਚ ਪੁਲਸ ਨੇ ਹਿਰਾਸਤ ਦੀ ਮੰਗ ਨਹੀਂ ਕੀਤੀ ਅਤੇ ਜ਼ਮਾਨਤ ਦਾ ਵਿਰੋਧ ਵੀ ਨਹੀਂ ਕੀਤਾ। ਇਸ ਕਾਰਨ ਅਦਾਲਤ ਨੂੰ ਜ਼ਮਾਨਤ ’ਤੇ ਰਿਹਾਅ ਕਰਨ ’ਚ ਦੇਰੀ ਨਹੀਂ ਲੱਗੀ। ਆਸਨਸੋਲ ਵਿਖੇ ਸੈਂਟਰਲ ਗੁਰਦੁਆਰਾ ਕਮੇਟੀ ਅਤੇ ਜ਼ਿਲ੍ਹੇ ਦੇ ਸਿੱਖ ਆਗੂਆਂ ਨੇ ਕਾਨੂੰਨ ਮੰਤਰੀ ਮਲਯ ਘਟਕ ਦੇ ਦਫ਼ਤਰ ਜਾ ਕੇ ਉਨ੍ਹਾਂ ਦੀ ਰਿਹਾਈ ਵਿੱਚ ਯੋਗਦਾਨ ਲਈ ਧੰਨਵਾਦ ਕਰਦਿਆਂ ਮਾਣ ਪੱਤਰ ਭੇਟ ਕੀਤਾ।

# ਅਧਿਆਪਕਾਂ ਦੀ ਇਕ ਗਲਤੀ ਨਾਲ 58 ਵਿਦਿਆਰਥੀਆਂ ਦਾ ਨਤੀਜਾ ਬਦਲਿਆ, ਜੋ ਪਹਿਲਾਂ ਪਾਸ ਸੀ, ਹੋਏ ਫੇਲ



ਭਿਵਾਨੀ, 22 ਅਕਤੂਬਰ (ਪੋਸਟ ਬਿਊਰੋ)- ਹਿਸਾਰ ਜ਼ਿਲੇ ਦੇ ਪਿੰਡ ਦੌਲਤਪੁਰ ਦੇ ਕੇਂਦਰੀ ਸੀਨੀਅਰ ਸੈਕੰਡਰੀ ਸਕੂਲ ਦੇ 58 ਬੱਚਿਆਂ ਨੂੰ ਦੋ ਟੀਚਰਾਂ ਦੀ ਗਲਤੀ ਦਾ ਖਮਿਆਜ਼ਾ ਭੁਗਤਣਾ ਪਿਆ ਹੈ। ਪਹਿਲਾਂ ਪਾਸ ਕੀਤੇ ਗਏ ਬੱਚਿਆਂ ਵਿੱਚੋਂ ਜ਼ਿਆਦਾਤਰ ਬਾਅਦ ਵਿੱਚ ਫੇਲ ਹੋ ਗਏ ਹਨ ਅਤੇ ਪਹਿਲਾਂ ਫੇਲ ਬੱਚਿਆਂ ਵਿੱਚੋਂਬਹੁਤੇ ਪਾਸ ਹੋ ਗਏ ਹਨ।

ਸਿੱਖਿਆ ਬੋਰਡ ਦੇ ਸੈਕਟਰੀ ਨੇ ਕਿਹਾ ਕਿ ਜਿਹੜੇ ਬੱਚਿਆਂ ਦਾ ਨਤੀਜਾ ਸੀ ਉਹ ਦੇ ਦਿੱਤਾ ਗਿਆ ਹੈ। ਕੋਰੋਨਾ ਦੇ ਕਾਰਨ ਇਸ ਵਾਰ ਬੋਰਡ ਪ੍ਰੀਖਿਆਵਾਂ ਦੀ ਮਾਰਕਿੰਗ ਤੈਅ ਕੇਂਦਰਾਂ ਉੱਤੇ ਨਾ ਹੋ ਕੇ ਘਰਾਂ ਵਿੱਚ ਟੀਚਰਾਂ ਨੇ ਕੀਤੀ ਸੀ। ਇਸੇ ਕਾਰਨ ਹਿਸਾਰ ਦੇ ਦੌਲਤਪੁਰ ਪਿੰਡ ਦੂ ਕੇਂਦਰੀ ਸਕੂਲ ਦੇ ਦਸਵੀਂ ਦੇ ਵਿਦਿਆਰਥੀਆਂ ਦੇ ਸੋਸ਼ਲ ਸਾਇੰਸ ਵਿਸ਼ੇ ਦੀ ਉਤਰ ਸੀਟ ਗੁਰੂਗ੍ਰਾਮ ਸੋਹਨਾ ਦੇ ਦੋ ਟੀਚਰਾਂ ਨੂੰ ਭੇਜੀ ਸੀ। ਉਨ੍ਹਾਂ ਟੀਚਰਾਂ ਨੇ ਪੇਪਰ ਚੈਕ ਕਰ ਕੇ ਅਵਾਰਡ ਲਿਸਟ ਬੋਰਡ ਨੂੰ ਭੇਜ ਦਿੱਤੀ। ਅਵਾਰਡ ਲਿਸਟ ਦੇ ਆਧਾਰ ’ਤੇ ਬੋਰਡ ਨੇ ਨਤੀਜਾ ਤਿਆਰ ਕਰ ਕੇ ਐਲਾਨ ਕਰ ਦਿੱਤਾ। ਬੋਰਡ ਪ੍ਰਸ਼ਾਸਨ ਨੇ ਸੋਹਨਾ ਦੇ ਰਣਜੋਦ ਸਿੰਘ ਬੁਲਾਰਾ ਸਮਾਜਕ ਅਧਿਐਨ ਅਤੇ ਦਿਨੇਸ਼ ਕੁਮਾਰ ਬੁਲ-ਾਰਾ ਭੂਗੋਲ ਨੂੰ ਕਾਰਨ ਦੱਸੋ ਨੋਟਿਸ ਜਾਰੀ ਕੀਤਾ। ਦੋਵਾਂ ਨੂੰ ਬੋਰਡ ਨੇ 3100 ਅਤੇ 2200 ਰੁਪਏ ਜੁਰਮਾਨਾ ਲਗਾਇਆ।

# ਲਵ ਜੇਹਾਦ ਮਾਮਲੇ ਵਿਚ ਮਹਿਲਾ ਕਮਿਸ਼ਨ ਦੀ ਸੀਨੀਅਰ ਮੈਂਬਰ ਨੂੰ ਅਹੁਦੇ ਤੋਂ ਹਟਾਉਣ ਦੀ ਮੰਗ ਉਠੀ

ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਕੌਮੀ ਮਹਿਲਾ ਕਮਿਸ਼ਨ (ਐਨ ਸੀ ਡਬਲਊ) ਦੀ ਸੀਨੀਅਰ ਮੈਂਬਰ ਰੇਖਾ ਸ਼ਰਮਾ ਵੱਲੋਂ ਮਹਾਰਾਸ਼ਟਰ ਵਿੱਚ ਲਵ ਜੇਹਾਦ ਦੇ ਕੇਸਾਂ ਵਿੱਚ ਵਾਧੇ ਬਾਰੇ ਕੀਤੀ ਟਿੱਪਣੀ ਅਤੇ ਆਪਣੇ ਕੁਝ ਪੁਰਾਣੇ ਟਵੀਟ ਨੇ ਨਵੇਂ ਵਿਵਾਦ ਨੂੰ ਜਨਮ ਦੇ ਦਿੱਤਾ ਹੈ ਅਤੇ ਕਈ ਨੇਤਾਵਾਂ ਅਤੇ ਸਮਾਜਿਕ ਕਾਰਜ ਕਰਤਾਵਾਂ ਨੇ ਉਨ੍ਹਾਂ ਨੂੰ ਹਟਾਏ ਜਾਣ ਦੀ ਮੰਗ ਕਰ ਦਿੱਤੀ ਹੈ। ਰੇਖਾ ਸ਼ਰਮਾ ਨੇ ਕੱਲ੍ਹ ਮਹਾਰਾਸ਼ਟਰ ਦੇ ਗਵਰਨਰ ਭਗਤ ਸਿੰਘ ਕੋਸ਼ਆਰੀ ਨਾਲ ਮੁਲਾਕਾਤ ਕਰ ਕੇ ਲਵ ਜੇਹਾਦ ਸਮੇਤ ਮਹਿਲਾ ਸੁਰੱਖਿਆ ਨਾਲ ਜੁੜੇ ਕਈ ਮੁੱਦਿਆਂ ’ਤੇ ਚਰਚਾ ਕੀਤੀ ਸੀ।

ਇਸ ਸੰਬੰਧ ਵਿੱਚ ਰੇਖਾ ਸ਼ਰਮਾਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ, ਪਰ ਉਨ੍ਹਾਂ ਦੇ ਕਰੀਬੀ ਲੋਕਾਂ ਦਾ ਕਹਿਣਾ ਹੈ ਕਿ ਮਹਿਲਾ ਕਮਿਸ਼ਨ ਦੀ ਸੀਨੀਅਰ ਮੈਂਬਰ ਨੇ ਗਵਰਨਰਤੋਂ ਅੰਤਰ-ਧਾਰਮਿਕ ਵਿਆਹ ਕਰਨ ਵਾਲੇ ਕਈ ਲੋਕਾਂ ਦੇ ਸੰਬੰਧਾਂ ਵਿੱਚ ਪਰੇਸ਼ਾਨੀਆਂ ਦੇ ਕੇਸਾਂ ਨੂੰ ਉਠਾਇਆ ਅਤੇ ਉਨ੍ਹਾਂ ਨੇ ਸਪੱਸ਼ਟ ਕੀਤਾ ਕਿ ਉਹ ਅੰਤਰ-ਧਾਰਮਿਕ ਵਿਆਹ ਦੇ ਖ਼ਿਲਾਫ਼ ਨਹੀਂ ਹਨ। ਉਨ੍ਹਾਂ ਦੀ ਟਿੱਪਣੀ ਉਤੇ ਵਿਵਾਦ ਖੜ੍ਹਾ ਹੋਣ ਤੋਂ ਬਾਅਦ ਰੇਖਾ ਸ਼ਰਮਾ ਨੇ ਦਾਅਵਾ ਕੀਤਾ ਕਿ ਉਨ੍ਹਾਂ ਦਾ ਟੀਵਟਰ ਅਕਾਊਂਟ ਹੈਕ ਹੋ ਗਿਆ ਸੀ।

ਦੂਸਰੇ ਪਾਸੇ ਆਮ ਆਦਮੀ ਪਾਰਟੀ ਦੀ ਬੁਲਾਰਾ ਆਤਿਸ਼ੀ ਨੇ ਕਿਹਾ ਕਿ ਰੇਖਾ ਸ਼ਰਮਾ ਨੂੰ ਇੱਕਦਮ ਕੌਮੀ ਮਹਿਲਾ ਕਮਿਸਲਂ ਦੇ ਅਹੁਦੇ ਤੋਂ ਹਟਾਇਆ ਜਾਵੇ। ਉਨ੍ਹਾਂ ਨੇ ਕਿਹਾ ਕਿ ਅਜਿਹੀ ਮਹਿਲਾ ਗਲਤ, ਨਫਰਤ ਭਰੇ ਅਤੇ ਨਾਰੀ ਵਿਰੋਧੀ ਮਾਨਸਿਕਤਾ ਨਾਲ ਉਸ ਸੰਸਥਾ ਦੀ ਅਗਵਾਈਕਿਦਾਂ ਕਰ ਸਕਦੀ ਹੈ, ਜਿਸ ਦੀ ਸਥਾਪਨਾ ਮਹਿਲਾਵਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਕੀਤੀ ਗਈ ਹੈ ? ਅਸੀਂ ਰੇਖਾ ਸ਼ਰਮਾ ਨੂੰ ਤੁਰੰਤ ਹਟਾਉਣ ਦੀ ਮੰਗ ਕਰਦੇ ਹਾਂ।

ਕਾਂਗਰਸ ਦੀ ਬੁਲਾਰਾ ਰਾਗਿਨੀ ਨਾਇਕ ਨੇ ਕਿਹਾ ਕਿ ਮਹਿਲਾ ਕਮਿਸ਼ਨ ਦੀ ਸੀਨੀਅਰ ਆਗੂ ਦੀਆਂ ਟਿੱਪਣੀਆਂ ਮਹਿਲਾਵਾਂ ਦੀ ਇਮੇਜ਼ ’ਤੇ ਹਮਲਾ ਹਨ ਅਤੇ ਉਨ੍ਹਾਂ ਨੂੰ ਅਹੁਦੇਤੋਂ ਹਟਾਇਆ ਜਾਣਾ ਚਾਹੀਦਾ ਹੈ। ਪ੍ਰਸਿੱਧ ਵਕੀਲ ਕਰੂਣਾ ਨੰਦੀ ਨੇ ਕਿਹਾ ਕਿ ਇਸ ਤੋਂ ਇਹ ਪਤਾ ਲੱਗਦਾ ਹੈ ਕਿ ਸਰਕਾਰ ਨੂੰ ਮਹਿਲਾ ਅਧਿਕਾਰਾਂ ਦੀ ਕੋਈ ਪਰਵਾਹ ਨਹੀਂ ਹੈ।

# ਹਾਈ ਕੋਰਟ ਵੱਲੋਂ ਰਿਪਬਲਿਕ ਟੀ ਵੀ ਦੀ ਜ਼ੋਰਦਾਰ ਖਿਚਾਈ

ਮੁੰਬਈ, 22 ਅਕਤੂਬਰ (ਪੋਸਟ ਬਿਊਰੋ)- ਬੰਬੇ ਹਾਈ ਕੋਰਟ ਵਿੱਚ ਕੱਲ੍ਹ ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਨਾਲ ਜੁੜੇ ਮੀਡੀਆ ਟਰਾਇਲ ਰੋਕਣ ਦੀ ਮੰਗ ਬਾਰੇ ਇੱਕ ਪਟੀਸ਼ਨ ਉੱਤੇ ਸੁਣਵਾਈਦੌਰਾਨ ਚੀਫ ਜਸਟਿਸ ਦੀਪਾਂਕਰ ਦੱਤਾ ਦੀ ਅਗਵਾਈ ਵਾਲੀ ਬੈਂਚ ਨੇ ਨਿਊਜ਼ ਚੈਨਲ ਰਿਪਬਲਿਕ ਟੀ ਵੀ ਦੇ ਜਵਾਬ ’ਤੇ ਸਵਾਲ ਉਠਾਏ, ਜਿਸ ਵਿੱਚ ਚੈਨਲ ਨੇ ਕਿਹਾ ਕਿ ਸੁਸ਼ਾਂਤ ਦੀ ਮੌਤ ਨਾਲ ਸਬੰਧਤ ਸਬੂਤਾਂ ਦਾ ਪਤਾ ਲਾਉਣ ਲਈ ਉਹ ਖੋਜੀ ਪੱਤਰਕਾਰਤਾ ਕਰ ਰਿਹਾ ਸੀ।

ਕੋਰਟ ਨੇ ਚੈਨਲ ਤੋਂ ਪੁੱਛਿਆ ਕਿ ਕੀ ਇਹ ਖੋਜੀ ਪੱਤਰਕਾਰਤਾ ਹੈ ਕਿ ਜਦ ਇਸ ਗੱਲ ਦੀ ਜਾਂਚ ਚੱਲ ਰਹੀ ਹੈ ਕਿ ਇਹ ਹੱਤਿਆ ਹੈ ਜਾਂ ਆਤਮ ਹੱਤਿਆ ਤਾਂ ਚੈਨਲ ਕਹੇ ਕਿ ਇਹ ਹੱਤਿਆ ਹੈ। ਕੀ ਉਹ ਦਰਸ਼ਕਾਂ ਤੋਂ ਇਹ ਵੀ ਪੁੱਛ ਸਕਦਾ ਹੈ ਕਿ ਕਿਸੇ ਨੂੰ ਗ੍ਰਿਫਤਾਰ ਕਰਨਾ ਚਾਹੀਦਾ ਹੈ ਜਾਂ ਨਹੀਂ? ਕੋਰਟ ਨੇ ਕਿਹਾ, ਇਹ ਬਹੁਤ ਮੰਦਭਾਗਾ ਹੈ। ਕੀ ਤੁਹਾਡੇ ਮਨ ਵਿੱਚ ਮ੍ਰਿਤਕਾਂ ਲਈ ਸਨਮਾਨ ਨਹੀਂ ਹੈ? ਕੋਰਟ ਨੇ ਦੱਸਿਆ ਕਿ ਖੁਦਕੁਸ਼ੀ ਦੀ ਰਿਪੋਰਟਿੰਗ ਨੂੰ ਲੈ ਕੇ ਦਿਸ਼ਾ-ਨਿਰਦੇਸ਼ ਹਨ ਕਿ ਕੋਈ ਵੀ ਸਨਸਨੀਖੇਜ਼ ਹੈਡਲਾਈਨ ਨਹੀਂ ਚਾਹੀਦੀ। ਸੁਸ਼ਾਂਤ ਸਿੰਘ ਰਾਜਪੂਤ ਦੀ ਮੌਤ ਦੀ ਰਿਪੋਰਟਿੰਗ ਉਤੇ ਦਾਇਰ ਇੱਕ ਪਟੀਸ਼ਨ ਦੀ ਸੁਣਵਾਈ ਦੌਰਾਨ ਬੰਬੇ ਹਾਈ ਕੋਰਟ ਨੇ ਕੇਂਦਰ ਨੂੰ ਪੁੱਛਿਆ ਕਿ ਆਰਟੀਫੀਸ਼ੀਅਲ ਇੰਟੈਲੀਜੈਂਸ ਬਾਟ (ਏ ਆਈ ਬਾਟ) ਦੇ ਰਾਹੀਂ ਤਸਵੀਰਾਂ ਨੂੰ ਨਿਰਵਸਤਰ ਚਿੱਤਰਾਂ ਵਿੱਚ ਬਦਲਣ ਦੀਆਂ ਤਾਜ਼ਾਂ ਖਬਰਾਂ ’ਤੇ ਕੇਂਦਰ ਸਰਕਾਰ ਕੀ ਕਰ ਸਕਦੀ ਹੈ ? ਏ ਆਈ ਬਾਟ ਅਜਿਹਾ ਸਾਫਟਵੇਅਰ ਹੈ, ਜੋ ਪਲੇਅ ਸਟੋਰ ’ਤੇ ਨਹੀਂ, ਬਲਕਿ ਓਪਨ ਸੋਰਸ ਤੇ ਇੰਟਰਨੈਟ ’ਤੇ ਮੌਜੂਦ ਹੈ।

# ਚਾਰ ਧਾਮ ਬੋਰਡ ਖਿਲਾਫ ਸੁਬਰਾਮਨੀਅਮ ਸਵਾਮੀ ਸੁਪਰੀਮ ਕੋਰਟ ਜਾ ਪਹੁੰਚੇ




ਨਵੀਂ ਦਿੱਲੀ, 22 ਅਕਤੂਬਰ (ਪੋਸਟ ਬਿਊਰੋ)- ਭਾਜਪਾ ਨੇਤਾ ਸੁਬਰਾਮਨੀਅਮ ਸਵਾਮੀ ਚਾਰ ਧਾਮ ਦੇਵ ਸਥਾਨਮ ਬੋਰਡ ਬਣਾਉਣ ਦੇ ਮਾਮਲੇ ’ਚ ਉਤਰਾ ਖੰਡ ਹਾਈ ਕੋਰਟ ਦੇ ਹੁਕਮਾਂ ਖਿਲਾਫ ਸੁਪਰੀਮ ਕੋਰਟ ਚਲੇ ਗਏ ਹਨ।

ਸਵਾਮੀ ਨੇ ਸੁਪਰੀਮ ਕੋਰਟ ’ਚ ਵਿਸ਼ੇਸ਼ ਲੀਵ ਪਟੀਸ਼ਨ ਦਾਖਲ ਕਰ ਕੇ ਉਤਰਾ ਖੰਡ ਹਾਈ ਕੋਰਟ ਦੇ 21 ਜੁਲਾਈ ਦੇ ਹੁਕਮ ਨੂੰ ਚੁਣੌਤੀ ਦਿੱਤੀ ਹੈ। ਹਾਈ ਕੋਰਟ ਨੇ ਚਾਰ ਧਾਮ ਅਤੇ ਹੋਰ 51 ਮੰਦਰਾਂ ਦੀ ਮੈਨੇਜਮੈਂਟ ਸੂਬਾ ਸਰਕਾਰ ਦੇ ਕੰਟਰੋਲ ਵਿਚ ਲੈਣ ਵਾਲੇ ਕਾਨੂੰਨ ਨੂੰ ਚੁਣੌਤੀ ਦੇਣ ਵਾਲੀ ਸਵਾਮੀ ਦੀ ਪਟੀਸ਼ਨ ਰੱਦ ਕਰ ਦਿੱਤੀ ਸੀ। ਚਾਰ ਧਾਮ ਵਿਚ ਬਦਰੀਨਾਥ, ਕੇਦਾਰਨਾਥ, ਯਮੁਨੋਤਰੀ ਅਤੇ ਗੰਗੋਤਰੀ ਸ਼ਾਮਲ ਹਨ। ਹਾਈ ਕੋਰਟ ਨੇ ਦੇਵਾ ਸਥਾਨ ਐਕਟ ਦੀ ਵਿਧਾਨਕਤਾ ਨੂੰ ਸਹੀ ਠਹਿਰਾ ਕੇ ਆਪਣੇ ਹੁਕਮ ਵਿੱਚ ਕਿਹਾ ਸੀ ਕਿ ਸੂਬਾ ਸਰਕਾਰ ਮੰਦਰਾਂ ਦੀ ਮਲਕੀਅਤ ਲੈ ਸਕਦੀ ਹੈ ਤੇ ਬੋਰਡ ਨੂੰ ਮੰਦਰਾਂ ਦੀਆਂ ਜਾਇਦਾਦਾਂ ’ਤੇ ਮੈਨੇਜਮੈਂਟ ਦਾ ਅਧਿਕਾਰ ਹੈ। ਕੋਰਟ ’ਚ ਦੇਵਾ ਸਥਾਨ ਬੋਰਡ ਐਕਟ ਨੂੰ ਚੁਣੌਤੀ ਦਿੰਦੇ ਹੋਏ ਸਵਾਮੀ ਨੇ ਦਲੀਲ ਦਿੱਤੀ ਸੀ ਕਿ ਇਹ ਚਾਰ ਧਾਮ ਵੱਖਰਾ ਰਿਲੀਜੀਅਸ ਡਿਨੋਮਿਨੇਸ਼ ਹੈ ਅਤੇ ਇਸਲਈਸਰਕਾਰ ਉਸ ਦੀ ਮੈਨੇਜਮੈਂਟ ਆਪਣੇ ਹੱਥ ਵਿੱਚ ਨਹੀਂ ਲੈ ਸਕਦੀ। ਹਾਈ ਕੋਰਟ ਨੇ ਇਹ ਦਲੀਲ ਨਹੀਂ ਮੰਨੀ ਸੀ। ਸਵਾਮੀ ਦੇ ਇਲਾਵਾ ਦੋ ਹੋਰ ਪਟੀਸ਼ਨਾਂ ’ਚ ਉਤਰਾ ਖੰਡ ਹਾਈ ਕੋਰਟ ਦੇ ਹੁਕਮ ਨੂੰ ਚੁਣੌਤੀ ਦਿੱਤੀ ਗਈ ਹੈ।

## ਕਤਲ ਕੇਸ ਦੇ ਕੈਦੀ ਨੂੰ ਅੱਠ ਲੱਖ ਦਾ ਸਾਲਾਨਾ ਪੈਕੇਜ ਮਿਲਿਆ

ਸ਼ਿਮਲਾ, 22 ਅਕਤੂਬਰ (ਪੋਸਟ ਬਿਊਰੋ)- ਪਲ ਭਰ ਦੇ ਗੁੱਸੇ ਵਿੱਚ ਇੱਕ ਨੌਜਵਾਨ ਨੇ ਕਤਲ ਵਰਗਾ ਜੁਰਮ ਕੀਤਾ, ਪਰ ਕੈਦੀ ਹੋਣ ਦੇ ਬਾਵਜੂਦ ਉਹ ਇਕਾਗਰ ਚਿੱਤ ਹੋ ਕੇ ਬੱਚਿਆਂ ਨੂੰ ਪੜ੍ਹਾਉਣ ਦੀ ਨੌਕਰੀ ਕਰ ਰਿਹਾ ਹੈ। ਇਹੀ ਨਹੀਂ ਇਸ ਕੰਮ ਲਈ ਉਸ ਨੂੰ ਸਾਲਾਨਾ ਅੱਠ ਲੱਖ ਰੁਪਏ ਦਾ ਪੈਕੇਜ ਵੀ ਮਿਲ ਰਿਹਾ ਹੈ।

ਆਈ ਆਈ ਟੀ ਰੁੜਕੀ ਦੇ ਸਕਾਲਰ ਇਸ ਕੈਦੀ ਦੇ ਹੁਨਰ ਨੂੰ ਜੇਲ੍ਹ ਅਧਿਕਾਰੀਆਂ ਨੇ ਪਛਾਣਿਆਂ ਅਤੇ ਉਸ ਨੂੰ ਹੌਸਲਾ ਦੇਣ ਦੇ ਨਾਲ ਰਚਨਾਤਮਕ ਕੰਮਾਂ ਨਾਲ ਜੁੜਨ ਦੀ ਪ੍ਰੇਰਨਾ ਦਿੱਤੀ। ਇਹ ਸਜ਼ਾ ਯਾਫਤਾ ਕੈਦੀ ਅਪਰਾਧ ਨੂੰ ਭੁੱਲ ਕੇ ਸਿਖਿਆ ਦੇ ਖੇਤਰ ਵਿੱਚ ਮਿਸਾਲ ਬਣ ਰਿਹਾ ਹੈ। ਕੋਰੋਨਾ ਸੰਕਟ ਵਿੱਚ ਉਸ ਨੂੰ ਇੱਕ ਨਾਮੀ ਕੰਪਨੀ ਨੇ ਵਿਦਿਆਰਥੀਆਂ ਨੂੰ ਪੜ੍ਹਾਉਣ ਲਈ ਅੱਠ ਲੱਖ ਰੁਪਏ ਸਾਲਾਨਾ ਦਾ ਪੈਕੇਜ ਦਿੱਤਾ। ਅਜਿਹੇ ਵਿੱਚ ਉਹ ਜੇਲ੍ਹ ਤੋਂ ਸਵੇਰੇ 10 ਵਜੇ ਆਪਣੇ ਕੰਮ ’ਤੇ ਚਲਾ ਜਾਂਦਾ ਅਤੇ ਸ਼ਾਮ ਚਾਰ ਵਜੇ ਜੇਲ੍ਹ ਵਿੱਚ ਵਾਪਸ ਆਉਂਦਾ ਹੈ। ਦਿਨ ਵੇਲੇ ਉਹ 10ਵੀਂ ਅਤੇ 12ਵੀਂ ਕਲਾਸ ਦੇ ਵਿਦਿਆਰਥੀਆਂ ਨੂੰ ਆਨਲਾਈਨ ਵਿਗਿਆਨ ਵਿਸ਼ੇ ਦੀ ਪੜ੍ਹਾਈ ਕਰਵਾ ਰਿਹਾ ਹੈ। ਕੰਪਨੀ ਨੂੰ ਉਸ ਦਾ ਹੁਨਰ ਬੇਹੱਦ ਪਸੰਦ ਆਇਆ ਹੈ। ਇਸ ਤੋਂ ਪਹਿਲਾਂ ਉਹ ਜੇਲ੍ਹ ਵਿਭਾਗ ਦੀ ਭਰਤੀ ਪ੍ਰੀਖਿਆ ਦਾ ਸਾਫਟਵੇਅਰ ਤਿਆਰ ਕਰ ਚੁੱਕਾ ਹੈ।

## ਹੋਮ ਲੋਨ ਉੱਤੇ ਵਿਆਜ਼ ਵਿੱਚ ਭਾਰਤੀ ਸਟੇਟ ਬੈਂਕ 0.25 ਫੀਸਦੀ ਤੱਕ ਦੀ ਛੋਟ ਦੇਵੇਗਾ

ਮੁੰਬਈ, 22 ਅਕਤੂਬਰ (ਪੋਸਟ ਬਿਊਰੋ)- ਭਾਰਤੀ ਸਟੇਟ ਬੈਂਕ (ਐਸ ਬੀ ਆਈ) ਨੇ ਗਾਹਕਾਂ ਨੂੰ ਰਿਹਾਇਸ਼ੀ ਕਰਜ਼ੇ (ਹੋਮ ਲੋਨ) ਉਤੇ ਵਿਆਜ਼ ਦਰਾਂ ’ਚ 0.25 ਫੀਸਦੀ ਦੀ ਛੋਟ ਦੇਣ ਦਾ ਐਲਾਨ ਕੀਤਾ ਹੈ। ਇਸ ਸੰਬੰਧ ਵਿੱਚ ਭਾਰਤ ਦੇ ਸਭ ਤੋਂ ਵੱਡੇ ਬੈਂਕ ਐਸ ਬੀ ਆਈ ਵੱਲੋਂ ਗਾਹਕਾਂ ਨੂੰ ਉਨ੍ਹਾਂ ਦੇ ਸਿਬਿਲ ਸਕੋਰ ਦੇ ਹਿਸਾਬ ਨਾਲ ‘ਯੋਨੋ’ ਰਾਹੀਂ ਅਰਜ਼ੀ ਦਾਖਲ ਕਰਨ ਉੱਤੇ 75 ਲੱਖ ਰੁਪਏ ਤੋਂ ਵੱਧ ਦੇ ਰਿਹਾਇਸ਼ੀ ਕਰਜ਼ੇ ਉਤੇ ਵਿਆਜ਼ ’ਚ 0.25 ਫੀਸਦੀ ਦੀ ਛੋਟ ਦਿੱਤੀ ਜਾਏਗੀ। ਯੋਨੋ ਇਸ ਬੈਂਕ ਦਾ ਡਿਜੀਟਲ ਕਰਜ਼ਾ ਪਲੇਟਫਾਰਮ ਹੈ। ਐਸ ਬੀ ਆਈ ਵੱਲੋਂ ਜਾਰੀ ਬਿਆਨ ਵਿੱਚ ਕਿਹਾ ਗਿਆ ਹੈ ਕਿ ਆਪਣੀ ਤਿਓਹਾਰੀ ਪੇਸ਼ਕਸ਼ ਵਜੋਂ ਉਹ ਗਾਹਕਾਂ ਨੂੰ 30 ਲੱਖ ਤੋਂ ਵੱਧ ਦੇ ਅਤੇ 2 ਕਰੋੜ ਰੁਪਏ ਤੱਕ ਦੇ ਰਿਹਾਇਸ਼ੀ ਕਰਜ਼ੇ ਉਤੇ ਕ੍ਰੈਡਿਟ ਸਕੋਰ ਦੇ ਆਧਾਰ ’ਤੇ ਵਿਆਜ਼ ਦਰ ਵਿੱਚ 0.20 ਫੀਸਦੀ ਦੀ ਛੋਟ ਦੇਵੇਗਾ। ਪਹਿਲਾਂ ਬੈਂਕ ਨੇ 0.10 ਫੀਸਦੀ ਦੀ ਛੋਟ ਦੇਣ ਦਾ ਐਲਾਨ ਕੀਤਾ ਸੀ। ਇਹ ਯੋਜਨਾ ਦੇਸ਼ ਭਰ ਲਈ ਹੋਵੇਗੀ। ਇਹੀ ਛੋਟ ਅੱਠ ਮਹਾਂ ਨਗਰਾਂ ’ਚ ਤਿੰਨ ਕਰੋੜ ਰੁਪਏ ਤੱਕ ਦੇ ਰਿਹਾਇਸ਼ੀ ਕਰਜ਼ੇ ’ਤੇ ਦਿੱਤੀ ਜਾਏਗੀ।

jobs! jobs! jobs! jobs! jobs!

HELP WANTED
ਕਾਮਿਆਂ ਦੀ ਲੋੜ
DUNDAS·JAFINE
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com



# ਅਫਗਾਨਿਸਤਾਨ ਵਿੱਚ ਪਾਕਿਸਤਾਨੀ ਵੀਜ਼ਾ ਸੈਂਟਰ ਵਿਚ ਆਏ ਲੋਕਾਂ ਵਿੱਚ ਭਾਜੜ, 15 ਮੌਤਾਂ





ਕਾਬੁਲ, 22 ਅਕਤੂਬਰ (ਪੋਸਟ ਬਿਊਰੋ)- ਅਫਗਾਨਿਸਤਾਨ ਦੇ ਜਲਾਲਾਬਾਦ ਸ਼ਹਿਰ ਵਿੱਚ ਪਾਕਿ-ਸਤਾਨ ਦੇਵਪਾਰਕ ਦੂਤਘਰ ਦੇ ਬਾਹਰ ਭਾਜੜ ਮੱਚਣ ਨਾਲ ਘੱਟੋ-ਘੱਟ 15 ਲੋਕਾਂ ਦੀ ਮੌਤ ਹੋ ਗਈ ਤੇ ਕਈ ਹੋਰ ਜ਼ਖਮੀ ਹੋ ਗਏ। ਇਸ ਬਾਰੇ ਅਧਿਕਾਰੀਆਂ ਨੇ ਦੱਸਿਆ ਕਿ ਭਾਜੜ ਓਦੋਂ ਮੱਚੀ, ਜਦ ਕਰੀਬ 3000 ਅਫਗਾਨਿਸਤਾਨੀ ਵੀਜ਼ੇ ਦੀ ਅਰਜ਼ੀ ਦੇਣ ਵਾਸਤੇ ਪਾਕਿਸਤਾਨੀ ਵਪਾਰ ਦੂਤਘਰ ਦੇ ਬਾਹਰ ਖੁੱਲ੍ਹੇ ਮੈਦਾਨ ਵਿੱਚ ਇਕੱਠੇ ਹੋਏ ਸਨ।

ਸੂਬਾਈ ਕੌਂਸਲ ਦੇ ਮੈਂਬਰ ਸੋਹਰਾਬ ਕਾਦਰੀ ਨੇ ਦੱਸਿਆ ਕਿ ਸਮੱਸਿਆ ਉਸ ਸਮੇਂ ਸ਼ੁਰੂ ਹੋਈ ਜਦ ਦੂਤਘਰ ਦੇ ਬਾਹਰ ਖੜ੍ਹੇ ਲੋਕ ਵੀਜ਼ਾ ਅਰਜ਼ੀ ਦਾ ਟੋਕਨ ਲੈਣ ਲਈ ਇੱਕ-ਦੂਸਰੇ ਨੂੰ ਧੱਕਾ ਦੇਣ ਲੱਗੇ ਅਤੇ ਇਸ ਦੇ ਬਾਅਦ ਭੀੜ ਦੇ ਬੇਕਾਬੂ ਹੋਣ ਜਾਣ ਕਾਰਨ ਭਾਜੜ ਮਚ ਗਈ। ਉਨ੍ਹਾਂ ਦੱਸਿਆ ਕਿ ਭਾਜੜ ਵਿੱਚ ਮਰਨ ਵਾਲੇ 15 ਲੋਕਾਂ ਵਿੱਚੋਂ 11 ਔਰਤਾਂ ਹਨ ਤੇ ਜ਼ਖਮੀਆਂ ਵਿੱਚ ਕਈ ਸੀਨੀਅਰ ਨਾਗਰਿਕ ਸ਼ਾਮਲ ਹਨ। ਹਜ਼ਾਰਾਂ ਅਫਗਾਨਿਸਤਾਨੀ ਹਰ ਸਾਲ ਬਿਹਤਰ ਮੈਡੀਕਲ ਇਲਾਜ, ਸਿੱਖਿਆ ਤੇ ਨੌਕਰੀਆਂ ਕਰਨ ਦੇ ਲਈ ਗੁਆਂਢੀ ਦੇਸ਼ ਪਾਕਿਸਤਾਨ ਜਾਂਦਦੇ ਹਨ। ਦੋਵਾਂ ਦੇਸ਼ਾਂ ਦੀ ਕਰੀਬ 2600 ਕਿਲੋਮੀਟਰ ਲੰਬੀ ਸਰਹੱਦੀ ਸਾਂਝ ਹੈ। ਕਾਬੁਲ ਸਥਿਤ ਪਾਕਿਸਤਾਨੀ ਦੂਤ ਘਰ ਦੇ ਅਧਿਕਾਰੀਆਂ ਨੇ ਫਿਲਹਾਲ ਇਸ ਘਟਨਾ 'ਤੇ ਕੋਈ ਟਿੱਪਣੀ ਨਹੀਂ ਕੀਤੀ।

# ਨਵਾਜ਼ ਦੇ ਜਵਾਈ ਸਫਦਰ ਦੀ ਗ੍ਰਿਫ਼ਤਾਰੀ ਉੱਤੇ ਫੌਜ ਦੇ ਖ਼ਿਲਾਫ਼ ਪੁਲਸ ਦਾ ਪਾਰਾ ਚੜ੍ਹਿਆ



ਇਸਲਾਮਾਬਾਦ, 22 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਅਤੇ ਪਾਕਿ-ਸਤਾਨ ਮੁਸਲਿਮ ਲੀਗ ਦੇ ਨੇਤਾ ਨਵਾਜ਼ ਸ਼ਰੀਫ ਦੇ ਜਵਾਈ ਕੈਪਟਨ (ਸਾਬਕਾ) ਮੁਹੰਮਦ ਸਫਦਰ ਦੀ ਗ੍ਰਿਫ਼ਤਾਰੀ ਦੇ ਸਵਾਲ ਉੱਤੇ ਫੌਜ ਤੇ ਸਿੰਧ ਪੁਲਸ ਵਿਚਾਲੇ ਟਕਰਾਅ ਹੋਰ ਡੂੰਘਾ ਹੋ ਗਿਆ ਹੈ।

ਆਈ ਜੀ ਪੁਲਸ ਮੁਸ਼ਤਾਕ ਦੇ ਛੁੱਟੀ ਜਾਣ ਤੋਂ ਬਾਅਦ ਸਿੰਧ ਪੁਲਸ ਦੇ 70 ਤੋਂ ਵੱਧ ਚੋਟੀ ਦੇ ਪੁਲਸ ਅਧਿਕਾਰੀ ਛੁੱਟੀ ਚਲੇ ਗਏ ਹਨ, ਜਿਸ ਨੂੰ ਇੱਕ ਤਰ੍ਹਾਂ ਫੌਜ ਦੇ ਖ਼ਿਲਾਫ਼ ਖੁੱਲੀ ਬਗਾਵਤ ਮੰਨਿਆ ਜਾ ਰਿਹਾ ਹੈ। ਕੈਪਟਨ ਸਫਦਰ ਦੀ ਗ੍ਰਿਫ਼ਤਾਰੀ ਨਾਲ ਦੇਸ਼ ਦੀ ਸਿਆਸਤ ਵਿੱਚ ਭੂਚਾਲ ਆ ਗਿਆ ਹੈ। ਇਮਰਾਨ ਖਾਨ ਸਰਕਾਰ ਨੂੰ ਉਸ ਦੀ ਗ੍ਰਿਫਤਾਰੀ ਦੇ ਕਦਮ ਦਾ ਬਚਾਅ ਕਰਨਾ ਮੁਸ਼ਕਲ ਪੈ ਰਿਹਾ ਹੈ। ਵਿਰੋਧੀ ਧਿਰ ਅਤੇ ਮੀਡੀਆ ਦੇ ਚੁਪਾਸੜ ਦਬਾਅ ਮਗਰੋਂ ਪਾਕਿਸਤਾਨ ਦੀ ਫੌਜ ਮੁਖੀ ਜਨਰਲ ਕਮਰ ਜਾਵੇਦ ਬਾਜਵਾ ਨੂੰ ਕਾਹਲੀ ਵਿੱਚ ਜਾਂਚ ਦੇ ਹੁਕਮ ਦੇਣੇ ਪਏ ਹਨ।

ਅਸਲ ਵਿੱਚ ਪਾਕਿਸਤਾਨ ਦੇ ਸਿੰਧ ਪ੍ਰਾਂਤ ਦੀ ਰਾਜਧਾਨੀ ਕਰਾਚੀ 'ਚ 11 ਵਿਰੋਧੀ ਪਾਰਟੀਆਂ ਦੀ ਮਹਾ ਗਠਜੋੜ 'ਪਾਕਿਸਤਾਨ ਡੈਮੋਕ੍ਰੇਟਿਕ ਮੂਵਮੈਂਟ' (ਪੀ ਡੀ ਐਮ) ਨੇ 18 ਅਕਤੂਬਰ ਵੱਲੋਂ ਵਿਸ਼ਾਲ ਪ੍ਰਦਰਸ਼ਨ ਕੀਤਾ ਜਾਣਾ ਸੀ। ਇਸ ਦਰਮਿਆਨ ਰਾਤ ਨੂੰ ਕਰਾਚੀ ਪੁਲਸ ਨੇ ਕੈਪਟਨ ਸਫਦਰ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਵਿਰੋਧੀ ਧਿਰ ਦੇ ਚਹੁੰ ਪਾਸੜ ਦਬਾਅ ਅਤੇ ਠੋਸ ਸਬੂਤ ਨਾ ਮਿਲਣ ਕਾਰਨ ਪੁਲਸ ਨੂੰ ਉਨ੍ਹਾਂ ਨੂੰ ਕੁਝ ਘੰਟਿਆਂ ਬਾਅਦ ਰਿਹਾਅ ਵੀ ਕਰਨਾ ਪਿਆ।

ਸਿੰਧ ਪੁਲਸ ਵਿੱਚ ਹਾਈ ਕਮਾਨ ਅਧਿਕਾਰੀਆਂ ਦੇ ਛੁੱਟੀ ਜਾਣ ਤੋਂ ਬਾਅਦ ਵਿਰੋਧੀ ਧਿਰ ਨੇ ਫੌਜ ਦੇ ਮੁਖੀ ਬਾਜਵਾ ਉੱਤੇ ਸਿੱਧਾ ਹੱਲਾ ਬੋਲ ਦਿੱਤਾ ਹੈ। ਨਵਾਜ਼ ਸ਼ਰੀਫ ਨੇ ਟਵੀਟ ਕਰ ਕੇ ਕਿਹਾ ਕਿ ਕਰਾਚੀ ਦੀ ਘਟਨਾ ਨਾਲ ਇਸ ਵਿਚਾਰ ਨੂੰ ਜ਼ੋਰ ਮਿਲਦਾ ਹੈ ਕਿ ਸਰਕਾਰ ਤੋਂ ਉਪਰ ਸਰਕਾਰ (ਪਾਕਿਸਤਾਨ ਵਿੱਚ) ਹੈ। ਤੁਸੀਂ ਸੂਬਾਈ ਸਰਕਾਰ ਨੂੰ ਮਿਲੇ ਲੋਕ ਫਤਵੇ ਦਾ ਮਜ਼ਾਕ ਉਡਾਇਆ, ਪਰਵਾਰ ਦੀ ਪ੍ਰਾਈਵਸੀ ਤਾਰ-ਤਾਰ ਕੀਤੀ, ਆਪਣੇ ਹੁਕਮ ਮਨਵਾਉਣ ਲਈ ਸੀਨੀਅਰ ਪੁਲਸ ਅਧਿਕਾਰੀ ਨੂੰ ਅਗਵਾ ਕੀਤਾ। ਸਾਡੀ ਫੌਜ ਦਾ ਅਕਸ ਖਰਾਬ ਕਰ ਦਿੱਤਾ।

ਇਸ ਪੂਰੇ ਮਾਮਲੇ ਬਾਰੇ ਜਨਰਲ ਬਾਜਵਾ ਦੀ ਦੇਸ਼ ਭਰ 'ਚ ਆਲੋਚਨਾ ਹੋ ਰਹੀ ਹੈ ਅਤੇ ਉਸ ਨੇ ਆਪਣੀ ਖੱਲੜੀ ਬਚਾਉਣ ਦੇ ਲਈ ਇਸ ਕਾਂਡ ਦੀ ਜਾਂਚ ਦੇ ਹੁਕਮ ਜਾਰੀ ਕਰ ਦਿੱਤੇ ਹਨ।

# ਪਾਕਿਸਤਾਨੀ ਪਾਰਲੀਮੈਂਟ ਨੇ ਵੀ ਮੰਨਿਆ ਕਿ ਹਿੰਦੂਆਂ ਦਾ ਜਬਰੀ ਧਰਮ ਪਰਿਵਰਤਨ ਹੁੰਦੈ



ਇਸਲਾਮਾਬਾਦ, 22 ਅਕਤੂਬਰ (ਪੋਸਟ ਬਿਊਰੋ)- ਪਾਕਿਸਤਾਨ 'ਚ ਲੰਬੇ ਸਮੇਂ ਤੋਂ ਚੱਲ ਰਹੇ ਅੱਤਿਆਚਾਰ ਅਤੇ ਧਰਮ ਪਰਿਵਰਤਨ ਦੇ ਕੇਸਾਂ ਬਾਰੇ ਪਾਕਿਸਤਾਨੀ ਪਾਰਲੀਮੈਂਟ ਨੇ ਵੀ ਮੰਨ ਲਿਆ ਹੈ। ਪਾਰਲੀਮੈਂਟਰੀ ਕਮੇਟੀ ਨੇ ਮੰਨਿਆ ਹੈ ਕਿ ਸਰਕਾਰ ਧਾਰਮਿਕ ਘੱਟ ਗਿਣਤੀਆਂ ਦੇ ਹਿੱਤਾਂ ਦੀ ਰੱਖਿਆ ਕਰਨ 'ਚ ਪੂਰੀ ਤਰ੍ਹਾਂ ਅਸਫਲ ਰਹੀ ਹੈ।

ਇਸ ਬਾਰੇ ਸੈਨੇਟਰ ਅਨਵਾਰੁਲ ਹੱਕ ਕਾਕਰ ਦੀ ਅਗਵਾਈ 'ਚ ਬਣੀ ਕਮੇਟੀ ਨੇ ਕੁਝ ਸਮਾਂ ਪਹਿਲਾਂ ਜਬਰੀ ਧਰਮ ਪਰਿਵਰਤਨ ਦੇ ਕੇਸਾਂ ਬਾਰੇ ਸਿੰਧ ਪ੍ਰਾਂਤ ਦੇ ਕਈ ਇਲਾਕਿਆਂ ਦਾ ਦੌਰਾ ਕੀਤਾ ਸੀ। ਇਸ ਖੇਤਰ 'ਚ ਵੱਡੇ ਪੱਧਰ 'ਤੇ ਹਿੰਦੂ ਲੜਕੀਆਂ ਦਾ ਜਬਰੀ ਧਰਮ ਪਰਿਵਰਤਨ ਹੋਣ ਦੀਆਂ ਘਟਨਾਵਾਂ ਹੁੰਦੀਆਂ ਹਨ। ਪਾਰਲੀਮੈਂਟਰੀ ਕਮੇਟੀ ਦੇ ਪ੍ਰਧਾਨ ਕਾਕਰ ਨੇ ਸਿੰਧ ਪ੍ਰਾਂਤ ਦੇ ਇਨ੍ਹਾਂ ਇਲਾਕਿਆਂ ਦਾ ਦੌਰਾ ਕਰਨ ਪਿੱਛੋਂ ਆਪਣੀ ਜਾਂਚ ਦੇ ਸਿੱਟੇ ਪੱਤਰਕਾਰਾਂ ਨਾਲ ਸਾਂਝੇ ਕੀਤੇ। ਉਨ੍ਹਾਂ ਸਾਫ ਤੌਰ 'ਤੇ ਮੰਨਿਆ ਕਿ ਸਰਕਾਰ ਨੇ ਜ਼ਬਰਦਸਤੀ ਧਰਮ ਪਰਿਵਰਤਨ ਦੇ ਕੇਸਾਂ ਵਿੱਚ ਕਿਸੇ ਵੀ ਤਰ੍ਹਾਂ ਦੀ ਜ਼ਿੰਮੇਵਾਰੀ ਨਹੀਂ ਨਿਭਾਈ ਅਤੇ ਇਨ੍ਹਾਂਘਟਨਾਵਾਂ ਨੂੰ ਰੋਕਣ ਵਿੱਚ ਅਸਫਲ ਰਹੀ ਹੈ। ਬਹੁਤੇ ਮਾਮਲੇ ਸਿੱਧੇ ਧਰਮ ਪਰਿਵਰਤਨ ਦੇ ਹਨ। ਕੁਝ ਕੇਸਾਂ ਵਿੱਚ ਦਲੀਲ ਦਿੱਤੀ ਗਈ ਕਿ ਇਹ ਕੰਮ ਇਨ੍ਹਾਂ ਲੜਕੀਆਂ ਦੇ ਜੀਵਨ ਪੱਧਰ 'ਚ ਸੁਧਾਰ ਲਈ ਕੀਤਾ ਗਿਆ, ਪਰ ਇਹ ਮੰਨਿਆ ਨਹੀਂਜਾ ਸਕਦਾ। ਆਰਥਿਕ ਆਧਾਰ ਜਾਂ ਲਾਲਚ ਦੇ ਕੇ ਕੀਤਾ ਗਿਆ ਕੰਮ ਵੀ ਜ਼ਬਰਦਸਤੀ ਧਰਮ ਪਰਿਵਰਤਨ ਦੀ ਸ਼੍ਰੇਣੀ ਵਿੱਚ ਹੀ ਆਉਂਦਾ ਹੈ।ਇਨ੍ਹਾਂ ਘਟਨਾਵਾਂ ਦਾ ਸ਼ਰਮਨਾਕ ਪਹਿਲੂ ਹੈ ਕਿ ਅਜਿਹੇ ਵਹਿਸ਼ੀ ਕੰਮ ਕਰਨ ਵਾਲੇ ਇਨ੍ਹਾਂ ਲੜਕੀਆਂ ਦੇ ਪਰਵਾਰ ਵਾਲਿਆਂ ਦੇ ਦਰਦ ਤੇ ਸਨਮਾਨ ਦਾ ਵੀ ਖਿਆਲ ਨਹੀਂ ਰੱਖ ਰਹੇ।

ਪਾਰਲੀਮੈਂਟਰੀ ਕਮੇਟੀ ਦਾ ਮੰਨਣਾ ਹੈ ਕਿ ਇਨ੍ਹਾਂ ਕੇਸਾਂ ਦੇ ਪੀੜਤ ਪਰਵਾਰਾਂ ਦਾ ਭਰੋਸਾ ਜਿੱਤਣਾ ਸਾਰਿਆਂ ਦੇ ਲਈ ਬਹੁਤ ਜ਼ਰੂਰੀ ਹੈ। ਇਸ ਬਾਰੇ ਕਮੇਟੀ ਨੇ ਸੁਝਾਅ ਦਿੱਤਾ ਹੈ ਕਿ ਜਿੱਥੇ ਹਿੰਦੂ ਲੜਕੀਆਂ ਦਾ ਜਬਰੀ ਧਰਮ ਪਰਿਵਰਤਨ ਕਰਵਾਇਆ ਜਾਂਦਾ ਹੈ, ਉਥੇ ਜ਼ਿਲ੍ਹਾ ਪ੍ਰਸ਼ਾਸਨ ਦੇ ਨਿਯਮਾਂ ਵਿੱਚ ਤਬਦੀਲੀ ਕਰਨੀ ਚਾਹੀਦੀ ਹੈ। ਕਿਸੇ ਲੜਕੀ ਦੇ ਵਿਆਹ ਵਿੱਚ ਉਸ ਦੇ ਮਾਤਾ ਪਿਤਾ ਜਾਂ ਸਰਪ੍ਰਸਤ ਦੀ ਹਾਜ਼ਰੀ ਅਤੇ ਰਜ਼ਾਮੰਦੀ ਜ਼ਰੂਰੀ ਹੋਣੀ ਚਾਹੀਦੀ ਹੈ। ਜ਼ਿਲ੍ਹਾ ਪ੍ਰਸ਼ਾਸਨ ਨੂੰ ਜਬਰੀ ਤੇ ਸਹਿਮਤੀ ਵਾਲੇ ਵਿਆਹ 'ਚ ਦਾ ਫਰਕਵੀ ਸਮਝਣਾ ਚਾਹੀਦਾ ਹੈ। ਨਾਬਾਲਗ ਲੜਕੀਆਂ ਦੇ ਕੇਸਾਂ ਵਿੱਚ ਜ਼ਿਲ੍ਹਾ ਪ੍ਰਸ਼ਾਸਨ ਦੀ ਜ਼ਿੰਮੇਵਾਰੀ ਹੋਰ ਵਧ ਜਾਂਦੀ ਹੈ।ਕਮੇਟੀ ਦੀ ਰਿਪੋਰਟ ਮੁਤਾਬਕ ਬਹੁਤੇ ਮਾਮਲੇ ਸੰਗਰ, ਘੋਟਕੀ, ਸੁਕੂਰ, ਖੈਰਪੁਰ, ਮੀਰਪੁਰ ਖਾਸ ਤੇ ਖੈਬਰ ਪਖਤੂਨਖਵਾ ਦੇ ਹਨ।

ਸੋਸ਼ਲ ਵਰਕਰ ਕ੍ਰਿਸ਼ਨ ਸ਼ਰਮਾ ਨੇ ਕਿਹਾ ਕਿ ਹਿੰਦੂ ਲੜਕੀਆਂ ਦੇ ਜਬਰੀ ਧਰਮ ਪਰਿਵਰਤਨ 'ਚ ਦੋ ਤਰ੍ਹਾਂ ਦੇ ਕੇਸ ਮਿਲਦੇ ਹਨ। ਇਨ੍ਹਾਂ 'ਚੋਂ ਪਹਿਲੇ ਕੇਸ ਅਗਵਾ ਕਰਨ ਤੇ ਨਾਜਾਇਜ਼ ਤੌਰ 'ਤੇ ਰੱਖਣ ਦੇ ਹਨ। ਦੂਸਰੇ ਮਾਮਲੇ ਹੋਰ ਗੰਭੀਰ ਹਨ। ਇਨ੍ਹਾਂ ਵਿੱਚ ਤੈਅ ਪ੍ਰਕਿਰਿਆ ਹੇਠ ਕੰਮ ਕੀਤਾ ਜਾਂਦਾ ਹੈ ਅਤੇ ਇਸ ਵਿੱਚ ਦੇਸ਼ ਦਾ ਪੂਰਾ ਸਿਸਟਮ ਸ਼ਾਮਲ ਹੈ। ਪੁਲਸ ਤੋਂ ਲੈ ਕੇ ਅਦਾਲਤ ਤੱਕ ਨਿਯਮਾਂ ਦੀ ਉਲੰਘਣਾ ਕਰ ਕੇ ਧਰਮ ਪਰਿਵਰਤਨ ਕਰਵਾਉਣ ਵਾਲਿਆਂ ਦੀ ਮਦਦ ਕਰਦੇ ਹਨ।

# ਕੋਰੋਨਾ ਨੇ ਕੈਥੇ ਪੈਸੀਫਿਕ ਦੀਆਂ ਮੁਸ਼ਕਲਾਂ ਵਧਾਈਆਂ

ਹਾਂਗਕਾਂਗ, 22 ਅਕਤੂਬਰ (ਪੋਸਟ ਬਿਊਰੋ)- ਹਾਂਗਕਾਂਗ ਦੀ ਏਅਰ ਲਾਈਨ ਕੈਥੇ ਪੈਸੀਫਿਕ ਨੇ 8,500 ਨੌਕਰੀਆਂ 'ਚ ਕਟੌਤੀ ਕਰਨ ਤੇ ਇੱਕ ਖੇਤਰੀ ਏਅਰਲਾਈਨ ਨੂੰ ਬੰਦ ਕਰਨ ਦਾ ਐਲਾਨ ਕੀਤਾ ਹੈ। ਕੋਰੋਨਾ ਵਾਇਰਸ ਦੀ ਮਹਾਮਾਰੀ ਕਾਰਨ ਹਵਾਈ ਯਾਤਰਾ ਵਿੱਚ ਭਾਰੀ ਗਿਰਾਵਟ ਆਈ ਹੈ, ਜਿਸ ਕਾਰਨ ਕੈਥੇ ਪੈਸੀਫਿਕ ਦੀਆਂ ਮੁਸ਼ਕਲਾਂ ਵਧ ਗਈਆਂ ਅਤੇ ਉਸ ਨੂੰ ਇਹ ਕਦਮ ਚੁੱਕਣਾ ਪਿਆ ਹੈ। ਇਸ ਏਅਰਲਾਈਨ ਨੇ ਕਿਹਾ ਕਿ ਹਾਂਗਕਾਂਗ ਵਿੱਚ 5,300 ਕਰਮਚਾਰੀਆਂ ਦੀ ਛਾਂਟੀ ਕੀਤੀ ਜਾਏਗੀ ਅਤੇ ਹੋਰ ਸਥਾਨਾਂ ਉੱਤੇ 600 ਕਰਮਚਾਰੀਆਂ ਨੂੰ ਕੱਢ ਦਿੱਤਾ ਜਾਏਗਾ ਅਤੇ 2,600 ਖਾਲੀ ਅਹੁਦਿਆਂ ਨੂੰ ਖਤਮ ਕੀਤਾ ਜਾਏਗਾ। ਕੰਪਨੀ ਆਪਣੇ ਕੁੱਲ ਵਰਕਿੰਗ ਫੋਰਸ 'ਚ 24 ਫੀਸਦੀ ਦੀ ਕਟੌਤੀ ਕਰੇਗੀ। ਕੈਥੇ ਪੈਸੀਫਿਕ ਦੇ ਮੁੱਖ ਕਾਰਜਕਾਰੀ ਅਧਿਕਾਰੀ (ਸੀ ਈ ਓ) ਅਗਸਤਸ ਤਾਂਗ ਨੇ ਕਿਹਾ ਕਿ ਸੰਸਾਰ ਮਹਾਮਾਰੀ ਦਾ ਕਹਿਰ ਹਵਾਬਾਜੀ ਖੇਤਰ ਉਤੇ ਜਾਰੀ ਹੈ। ਅਸਲੀਅਤ ਇਹ ਹੈ ਕਿ ਬਾਜ਼ਾਰ 'ਚ ਟਿਕੇ ਰਹਿਣ ਲਈ ਸਾਨੂੰ ਬੇਸਿਕ ਪੁਨਰ ਗਠਨ ਦੀ ਲੋੜ ਹੈ।ਤਾਂਗ ਨੇ ਕਿਹਾ ਕਿ ਕੰਪਨੀ ਇਹ ਕਦਮ ਜ਼ਿਆਦਾ ਤੋਂ ਜ਼ਿਆਦਾ ਨੌਕਰੀਆਂ ਨੂੰ ਬਚਾਉਣ ਅਤੇ ਹਾਂਗਕਾਂਗ ਹਵਾਈ ਕੇਂਦਰ ਅਤੇ ਗਾਹਕਾਂ ਪ੍ਰਤੀ ਆਪਣੀਆਂ ਜ਼ਿੰਮੇਵਾਰੀਆਂ ਨੂੰ ਪੂਰਾ ਕਰਨ ਲਈ ਚੁੱਕ ਰਹੀ ਹੈ। ਕੰਪਨੀ ਨੇ ਆਪਣੀ ਖੇਤਰੀ ਏਅਰ ਲਾਈਨ ਇਕਾਈ ਕੈਥੇ ਡ੍ਰੈਗਨ ਨੂੰ ਵੀ ਬੰਦ ਕਰਨ ਦਾ ਐਲਾਨ ਕੀਤਾ ਹੈ।

# ਪ੍ਰਾਈਡ ਗਰੁੱਪ ਐਂਟਰਪ੍ਰਾਈਜ ਨੇ ਟੈਕਸਾਸ ਦੇ ਡੱਲਾਸ ਵਿੱਚ ਯੂ.ਐੱਸ. ਦਾ ਹੈੱਡਕੁਆਰਟਰ ਖੋਲ੍ਹਿਆ




ਡੱਲਾਸ, ਟੈਕਸਸ, 22 ਅਕਤੂਬਰ (ਪੋਸਟ ਬਿਊਰੋ)- ਪ੍ਰਾਈਡ ਗਰੁੱਪ ਐਂਟਰਪ੍ਰਾਈਜਜ (PGE) ਨੇ ਇਸ ਹਫਤੇ ਡੱਲਾਸ, ਟੈਕਸਸ ਵਿਚ ਇਕ ਪੂਰਨ ਸਰਵਿਸ- ਲੀਜ਼, ਰੈਂਟਲ ਅਤੇ ਸੇਲ ਲਈ ਅਮਰੀਕਾ ਵਿਚ ਆਪਣਾ ਛੇਵਾਂ ਦਫਤਰ ਖੋਲ ਲਿਆ ਹੈ। ਮਿਸੀਸਾਗਾ-ਅਧਾਰਤ ਕੰਪਨੀ ਦਾ ਕਹਿਣਾ ਹੈ ਕਿ ਨਵੀਂ ਜਗ੍ਹਾ ਇਸ ਦੇ ਰੈਂਟਲ ਅਤੇ ਲੀਜ਼ਿੰਗ ਵਾਲੇ ਸੁਪਰਸੇਂਟਰ ਦੇ ਨਾਲ ਨਾਲ ਸਾਰੇ ਅਮਰੀਕਾ ਅਧਾਰਤ ਕਾਰਜਾਂ ਲਈ ਹੈੱਡਕੁਆਰਟਰ ਵਜੋਂ ਕੰਮ ਕਰੇਗੀ। 20,000 ਵਰਗ ਫੁੱਟ ਦੀ ਆਧੁਨਿਕ ਸਹੂਲਤ 5 ਸਰਵਿਸ ਬੇਅ, ਵਾਸ਼ ਬੇਅ, ਪਾਰਟਸ ਦੀ ਦੁਕਾਨ ਨਾਲ ਲੈਸ ਹੈ ਅਤੇ 6 ਏਕੜ ਜ਼ਮੀਨ 'ਤੇ ਹੈ।

ਨਵਾਂ ਯੂਐਸ ਹੈਡਕੁਆਟਰ 34880 Lyndon B Johnson Fwy, Dellas, TX 'ਤੇ ਹੈ। ਡੱਲਾਸ ਦਾ ਦਫਤਰ ਨੌਰਥ ਅਮਰੀਕਾ ਵਿੱਚ ਪੀਜੀਈ ਦਾ 12 ਵਾਂ ਦਫਤਰ ਅਤੇ ਅਮਰੀਕਾ ਵਿੱਚ 6 ਵਾਂ ਦਫਤਰ ਹੋਵੇਗਾ।

ਪ੍ਰਾਈਡ ਗਰੁੱਪ ਐਂਟਰਪ੍ਰਾਈਜਸ Nationa Lease ਦਾ ਮੈਂਬਰ ਹੈ, ਜਿਸ ਨਾਲ ਗ੍ਰਾਹਕਾਂ ਨੂੰ ਪੂਰੇ ਅਮਰੀਕਾ ਅਤੇ ਕਨੇਡਾ ਵਿੱਚ 900 ਤੋਂ ਵਧੇਰੇ ਸਰਵਿਸ ਸਹਾਇਤਾਸਥਾਨਾਂ ਦੇ ਨੈਟਵਰਕ ਤੱਕ ਪਹੁੰਚ ਮਿਲਦੀ ਹੈ।

ਕੰਪਨੀ ਪੂਰੇ ਨੌਰਥ ਅਮਰੀਕਾ ਵਿੱਚ ਕਈ ਕਾਰੋਬਾਰਾਂ ਨੂੰ ਸੰਚਾਲਤ ਕਰਦੀ ਹੈ - ਇਕਵਿਪਮੈਂਟ ਦੀ ਸੇਲ, ਰੈਂਟਲ, ਫਾਇਨੈਂਸ ਅਤੇ ਲੀਜ਼ਿੰਗ, ਲੌਜਿਸਟਿਕਸ, ਹੋਲਸੇਲਡੀਜ਼ਲ ਅਤੇ ਹੋਰ ਬਹੁਤ ਸਾਰੇ. ਪੀਜੀਈ ਨੂੰ 2019 ਵਿਚ "ਕਨੇਡਾ ਦੀ ਸਭ ਤੋਂ ਤੇਜ਼ੀ ਨਾਲ ਵਿਕਾਸ ਕਰਨ ਵਾਲੀਆਂ ਕੰਪਨੀਆਂ ਦੀ ਸੂਚੀ" ਵਿਚ 28 ਵੇਂ ਨੰਬਰ ਮਿਲਿਆ ਸੀ।

"ਅਸੀਂ ਆਪਣੀ ਡੱਲਾਸ ਦੀ ਜਗ੍ਹਾ ਖੋਲ੍ਹਣ ਦੀ ਘੋਸ਼ਣਾ ਕਰਨ ਲਈ ਉਤਸ਼ਾਹਿਤ ਹਾਂ ਕਿਉਂਕਿ ਸਾਡੀ ਪੂਰਨ ਸੇਵਾ ਅਤੇ ਕਿਰਾਏ ਦੇ ਪ੍ਰੋਗਰਾਮਾਂ ਦੀ ਮੰਗ ਵਧਦੀ ਜਾ ਰਹੀ ਹੈ। ਸਾਡਾ ਧਿਆਨ ਪੂਰੇ ਨੌਰਥ ਅਮਰੀਕਾ ਵਿਚ ਆਪਣੀ ਮੌਜੂਦਗੀ ਨੂੰ ਮਜ਼ਬੂਤ ਕਰਨ 'ਤੇ ਟਿਕਿਆ ਹੋਇਆ ਹੈ ਤਾਂ ਕਿ ਅਸੀਂ ਆਪਣੇ ਗ੍ਰਾਹਕਾਂ ਲਈ ਇਕ ਵੱਕਾਰੀ ਹੱਲ ਦੇਣਾ ਜਾਰੀ ਰੱਖ ਸਕੀਏ ਇਸ ਗੱਲ ਦੀ ਕੋਈ ਪਰਵਾਹ ਨਹੀਂ ਕਿ ਉਹ ਕਿੱਥੇ ਰਹਿਣ ਵਾਲੇ ਹਨ ਜਾਂ ਜਿਥੇ ਉਹ ਉਪਰੇਟ ਕਰਦੇ ਹਨ।

-ਸੈਮ ਜੌਹਲ ( ਪਰੈਸਿਡੈਂਟ, ਪੀ.ਜੀ.ਈ)।

# ਧਰਤੀ ਉੱਤੇ ਨਮੂਨਾ ਲਿਆਉਣ ਲਈ ਨਾਸਾ ਦੀ ਪੁਲਾੜ ਗੱਡੀ ਐਸਟ੍ਰਾਇਡ 'ਤੇ ਪੁੱਜੀ

ਕੇਪ ਕੇਨਾਵੇਰਲ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕੀ ਪੁਲਾੜ ਏਜੰਸੀ ਨਾਸਾ ਦੀ ਪੁਲਾੜੀ ਗੱਡੀ ਪਹਿਲੀ ਵਾਰ ਕਿਸੇ ਐਸਟ੍ਰਾਇਡ ਦੇ ਨੇੜੇ ਪਹੁੰਚੀ ਹੈ। ਉਹ ਅਧਿਐਨ ਲਈ ਐਸਟ੍ਰਾਇਡ ਦੇ ਨਮੂਨੇ ਲੈ ਕੇ ਧਰਤੀ 'ਤੇ ਆਵੇਗੀ। ਜਾਪਾਨ ਵੱਲੋਂ ਐਸਟ੍ਰਾਇਡ ਦਾ ਨਮੂਨਾ ਲਿਆਉਣ ਤੋਂ ਬਾਅਦ ਅਮਰੀਕਾ ਇਹ ਪ੍ਰਾਪਤੀ ਹਾਸਲ ਕਰਨ ਵਾਲਾ ਦੂਜਾ ਦੇਸ਼ ਬਣ ਜਾਏਗਾ। ਯੂਨੀਵਰਸਿਟੀ ਆਫ ਐਰੀਜੋਨਾ ਦੇ ਪ੍ਰਮੁੱਖ ਵਿਗਿਆਨੀ ਦਾਂਤ ਲਾਰੇਤਾ ਨੇ ਕਿਹਾ ਕਿ ਮੈਨੂੰ ਵਿਸ਼ਵਾਸ ਨਹੀਂ ਹੋ ਰਿਹਾ ਕਿ ਅਸੀਂ ਅਜਿਹਾ ਕੀਤਾ ਹੈ। ਪੁਲਾੜੀ ਗੱਡੀ ਉਹ ਹਰ ਕੰਮ ਕਰ ਰਹੀ ਹੈ, ਜੋ ਕੀਤਾ ਜਾਣਾ ਚਾਹੀਦਾ ਹੈ। ਓਸੀਰਿਸ-ਰੇਕਸ ਪੁਲਾੜੀ ਗੱਡੀ ਨੇ ਧਰਤੀ ਤੋਂ 20 ਕਰੋੜ ਮੀਲ ਦੂਰ ਬੇਨੂ ਐਸਟ੍ਰਾਇਡ 'ਤੇ ਉਤਰਨ ਦੇ ਸੰਕੇਤ ਦਿੱਤੇ ਤਾਂ ਮਿਸ਼ਨ ਨਾਲ ਜੁੜੀ ਟੀਮ ਦੇ ਚਿਹਰੇ 'ਤੇ ਖੁਸ਼ੀ ਪੱਸਰ ਗਈ।

# ਯੂ ਏ ਈ ਦੇ ਅਧਿਕਾਰੀ ਪਹਿਲੀ ਵਾਰ ਇਜ਼ਰਾਈਲ ਦੌਰੇ ਲਈ ਗਏ



ਯੇਰੋਸ਼ਲਮ, 22 ਅਕਤੂਬਰ (ਪੋਸਟ ਬਿਊਰੋ)- ਯੂਨਾਈਟਿਡ ਅਰਬ ਅਮੀਰਾਤ (ਯੂ ਏ ਈ) ਦੇ ਸੀਨੀਅਰ ਅਧਿਕਾਰੀਆਂ ਦੇ ਵਫਦ ਨੇ ਇਜ਼ਰਾਈਲ ਦਾ ਦੌਰਾ ਕੀਤਾ ਹੈ। ਦੋਵਾਂ ਦੇਸ਼ਾਂ ਵੱਲੋਂ ਸੰਬੰਧ ਸੁਖਾਵੇਂ ਬਣਾਉਣ ਦੀ ਸਹਿਮਤੀ ਨਾਲ ਅਮੀਰਾਤ ਦੇ ਅਧਿਕਾਰੀਆਂ ਦਾ ਇਹ ਪਹਿਲਾ ਇਜ਼ਰਾਇਲੀ ਦੌਰਾ ਹੈ, ਜਿਸ ਵਿੱਚ ਸਬੰਧ ਹੋਰ ਮਜ਼ਬੂਤ ਬਣਾਉਣ ਲਈ ਕਈ ਦੁਵੱਲੇ ਸਮਝੌਤਿਆਂ 'ਤੇ ਦਸਤਖਤ ਕੀਤੇ ਗਏ ਹਨ। ਆਬੂਧਾਬੀ ਤੋਂ ਤਲ ਅਵੀਵ ਤੱਕ ਇਤਹਾਦ ਏਅਰਵੇਜ਼ ਦੀ ਉਡਾਣ ਵਿੱਚ ਅਮਰੀਕਾ ਦੇ ਵਿੱਤ ਮੰਤਰੀ ਸਟੀਵਨ ਮਨੂਚਿਨ, ਅਮੀਰਾਤ ਦੇ ਵਿੱਤ ਮੰਤਰੀ ਓਬੈਦ ਹੁਮੈਦ ਅਲ-ਤੇਅਰ ਅਤੇ ਅਮਰੀਕਾ ਅਤੇ ਅਮੀਰਾਤ ਦੇ ਹੋਰ ਸੀਨੀਅਰ ਅਧਿਕਾਰੀ ਵੀ ਮੌਜੂਦ ਸਨ।

ਇਜ਼ਰਾਈਲ ਦੇ ਕੌਮਾਂਤਰੀ ਹਵਾਈ ਅੱਡੇ 'ਤੇ ਇਜ਼ਰਾਇਲੀ ਪ੍ਰਧਾਨ ਮੰਤਰੀ ਬੈਂਜਾਮਿਨ ਨੇਤਨਯਾਹੂ ਨੇ ਅਲ-ਤੇਅਰ ਅਤੇ ਮਨੂਚਿਨ ਦਾ ਸਵਾਗਤ ਕੀਤਾ। ਇਸ ਮਗਰੋਂ ਇਜ਼ਰਾਈਲ ਅਤੇ ਯੂ ਏ ਈ ਵੱਲੋਂ ਹਵਾਬਾਜ਼ੀ, ਵੀਜ਼ਾ, ਸਾਇੰਸ ਅਤੇ ਨਵੀਆਂ ਖੋਜਾਂ ਸਬੰਧੀ ਕਈ ਦੁਵੱਲੇ ਸਮਝੌਤਿਆਂ 'ਤੇ ਦਸਖਤ ਕੀਤੇ ਗਏ। ਨੇਤਨਯਾਹੂ ਨੇ ਕਿਹਾ, 'ਅੱਜ ਅਸੀਂ ਇਤਿਹਾਸ ਬਣਾ ਰਹੇ ਹਾਂ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਹੈ। ਅਸੀਂ ਇਸ ਦਿਨ ਨੂੰ ਹਮੇਸ਼ਾ ਯਾਦ ਰੱਖਾਂਗੇ। ਸ਼ਾਂਤੀ ਵਾਲਾ ਮਹਾਨ ਦਿਨ।'ਅਲ-ਤੇਅਰ ਨੇ ਕਿਹਾ, 'ਅਮੀਰਾਤ ਦੋਵਾਂ ਦੇਸ਼ਾਂ ਦੀ ਆਰਥਿਕ ਖੁਸ਼ਹਾਲੀ ਲਈ ਇਜ਼ਰਾਈਲ ਨਾਲ ਕਾਨੂੰਨੀ ਜ਼ਮੀਨ ਤਿਆਰ ਕਰਨ ਦੀ ਕੋਸ਼ਿਸ਼ ਕਰੇਗਾ।' ਇਨ੍ਹਾਂ ਦੀ ਮੀਟਿੰਗ ਕੋਰੋਨਾ ਵਾਇਰਸ ਕਾਰਨ ਹਵਾਈ ਅੱਡੇ 'ਤੇ ਹੀ ਹੋਈ। ਦੱਸਣਯੋਗ ਹੈ ਕਿ ਇਜ਼ਰਾਈਲ ਅਤੇ ਯੂ ਏ ਈ ਨੇ ਇਸੇ ਸਾਲ ਅਗਸਤ ਵਿੱਚ ਸਬੰਧ ਸੁਧਾਰਨ 'ਤੇ ਸਹਿਮਤੀ ਪ੍ਰਗਟ ਕੀਤੀ ਸੀ।

# ਬਿਡੇਨ ਨਾਲ ਆਖਰੀ ਬਹਿਸ ਵਿੱਚ ਟਰੰਪ ਟੋਕਾ-ਟਾਕੀ ਨਹੀਂ ਕਰ ਸਕਣਗੇ



ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਅਮਰੀਕਾ ਵਿੱਚ3 ਨਵੰਬਰ ਨੂੰ ਹੋ ਰਹੀ ਰਾਸ਼ਟਰਪਤੀ ਚੋਣ ਤੋਂ ਪਹਿਲਾਂ ਰਾਸ਼ਟਰਪਤੀ ਡੋਨਾਲਡ ਟਰੰਪ ਤੇ ਉਨ੍ਹਾਂ ਦੇ ਵਿਰੋਧੀ ਜੋ ਬਿਡੇਨ ਵਿਚਕਾਰ ਆਖਰੀ ਬਹਿਸ ਵੀਰਵਾਰ ਨੂੰ ਹੋਵੇਗੀ। ਇਸ ਬਹਿਸ ਦੇ ਲਈ ਪ੍ਰਬੰਧਕਾਂ ਨੇ ਕੁਝ ਨਿਯਮਾਂ ਵਿੱਚ ਬਦਲਾਅ ਕੀਤਾ ਹੈ।

ਨਵੇਂ ਨਿਯਮਾਂ ਦੇ ਹੇਠ ਡੋਨਾਲਡ ਟਰੰਪ ਆਪਣੇ ਵਿਰੋਧੀ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਨਾਲ ਬਹਿਸ ਵਿੱਚ ਟੋਕਾ-ਟਾਕੀਨਹੀਂ ਕਰ ਸਕਣਗੇ। ਅਜਿਹਾ ਕਰਨ ਉੱਤੇ ਮਾਈਕ੍ਰੋਫੋਨ ਬੰਦ ਕਰ ਦਿੱਤਾ ਜਾਏਗਾ। ਟਰੰਪ ਨੇ ਇਨ੍ਹਾਂ ਨਿਯਮਾਂ 'ਤੇ ਇਤਰਾਜ਼ ਕੀਤਾ ਹੈ ਅਤੇ ਇਨ੍ਹਾਂ ਨੂੰ ਬੇਲੋੜਾ ਕਰਾਰ ਦਿੱਤਾ ਹੈ। ਇਸ ਦੇ ਬਾਵਜੂਦ ਉਹ ਬਿਡੇਨ ਦੇ ਨਾਲ ਪ੍ਰੈਜ਼ੀਡੈਂਸ਼ੀਅਲ ਡਿਬੇਟ ਵਿੱਚ ਹਿੱਸਾ ਲੈਣ ਨੂੰ ਤਿਆਰ ਹਨ।ਦੂਸਰੀ ਵਾਰ ਰਾਸ਼ਟਰਪਤੀ ਬਣਨ ਦੇ ਲਈ ਚੋਣ ਮੈਦਾਨ ਵਿੱਚ ਉਤਰੇ 74 ਸਾਲਾ ਡੋਨਾਲਡ ਟਰੰਪ ਅਤੇ 77 ਸਾਲ ਦੇ ਜੋਅ ਬਿਡੇਨ ਦੇ ਵਿਚਕਾਰ ਬੇਲਮੌਂਟ ਯੂਨੀਵਰਸਿਟੀ ਵਿੱਚ ਵੀਰਵਾਰ ਨੂੰ ਬਹਿਸ ਹੋਵੇਗੀ। ਰਾਸ਼ਟਰਪਤੀ ਅਹੁਦੇ ਦੇ ਦੋਵਾਂ ਉਮੀਦਵਾਰਾਂ ਵਿਚਕਾਰ ਪਹਿਲੀ ਬਹਿਸ 27 ਸਤੰਬਰ ਨੂੰ ਹੋਈ ਸੀ, ਜਦ ਕਿ 15 ਅਕਤੂਬਰ ਨੂੰ ਹੋਣ ਵਾਲੀ ਦੂਸਰੀ ਬਹਿਸ ਰੱਦ ਹੋ ਗਈ ਸੀ। ਡਿਬੇਟ ਕਮਿਸ਼ਨ ਨੇ ਸੋਮਵਾਰ ਨੂੰ ਨਵੇਂ ਨਿਯਮਾਂ ਦਾ ਐਲਾਨ ਕੀਤਾ। ਇਸ ਦੇ ਤਹਿਤ ਸ਼ੁਰੂਆਤੀ ਦੋ ਮਿੰਟ ਤੱਕ ਇੱਕ ਨੇਤਾ ਦੇ ਬੋਲਣ ਦੇ ਦੌਰਾਨ ਦੂਸਰੇ ਦਾ ਮਾਈਕ੍ਰੋਫੋਨ ਬੰਦ ਰਹੇਗਾ। ਪਿਛਲੀ ਬਹਿਸ ਦੇ ਦੌਰਾਨ ਕਈ ਵਾਰ ਰੋਕ-ਟੋਕ ਦੇਖਣ ਨੂੰ ਮਿਲੀ ਸੀ।

# ਰੂਸ ਸਾਈਬਰ ਹਮਲਿਆਂ ਦੇ ਦੋਸ਼ਾਂ ਵਿੱਚ ਘਿਰਿਆ



ਟੋਕੀਓ, 22 ਅਕਤੂਬਰ (ਪੋਸਟ ਬਿਊਰੋ)- ਸਾਈਬਰ ਹਮਲਿਆਂ ਦੇ ਲਈ ਰੂਸੀ ਖੁਫੀਆ ਅਫਸਰਾਂ ਨੂੰ ਦੋਸ਼ੀ ਕਰਾਰ ਦੇਣ ਦੇ ਬਾਅਦ ਵਿਵਾਦ ਵਧ ਗਿਆ ਹੈ। ਅਮਰੀਕਾ ਪਿੱਛੋਂ ਬ੍ਰਿਟੇਨ ਅਤੇ ਜਾਪਾਨ ਨੇ ਵੀ ਰੂਸ ਨੂੰ ਸਾਵਧਾਨ ਕੀਤਾ ਹੈ।

ਜਾਪਾਨ ਨੇ 2021 ਵਿੱਚ ਹੋਣ ਵਾਲੀਆਂ ਉਲੰਪਿਕ ਖੇਡਾਂ ਵਿੱਚ ਚੌਕਸੀ ਵਰਤਣ ਲਈ ਸਰਗਰਮੀ ਵਧਾ ਦਿੱਤੀ ਅਤੇਕਿਹਾ ਹੈ ਕਿ ਉਹ ਅਗਲੇ ਸਾਲ ਹੋ ਰਹੀਆਂ ਉਲੰਪਿਕ ਖੇਡਾਂ ਵਿੱਚ ਸਾਈਬਰ ਹਮਲਿਆਂ ਤੋਂ ਬਚਣ ਦੇ ਸਾਰੇ ਜ਼ਰੂਰੀ ਪ੍ਰਬੰਧ ਕਰ ਰਿਹਾ ਹੈ। ਅੰਤਰ ਰਾਸ਼ਟਰੀ ਉਲੰਪਿਕ ਕਮੇਟੀ ਨੇ ਵੀ ਕਿਹਾ ਹੈ ਕਿ ਸਾਈਬਰ ਸੁਰੱਖਿਆ ਸਾਡੀਆਂ ਮੁੱਖ ਪਹਿਲ ਵਿੱਚ ਹੈ। ਵਰਨਣ ਯੋਗ ਹੈ ਕਿ ਸੰਸਾਰ ਭਰ ਵਿੱਚ ਸਾਈਬਰ ਹਮਲੇ ਅਤੇ ਹੈਕਿੰਗ ਦੇ ਕੇਸਾਂ ਵਿੱਚ ਨਿਆਂ ਵਿਭਾਗ ਨੇ ਛੇ ਰੂਸੀ ਖੁਫੀਆ ਅਫਸਰਾਂ ਬਾਰੇ ਕਿਹਾ ਹੈ ਕਿ ਰੂਸੀ ਫੌਜ ਦੀ ਖੁਫੀਆ ਏਜੰਸੀ ਜੀ ਆਰ ਯੂ ਦੇ ਯੂਨਿਟ 7445 ਨੇ ਇਹ ਹਮਲੇ ਕੀਤੇ ਹਨ ਅਤੇ ਇਸ ਦੇ ਛੇ ਅਧਿਕਾਰੀ ਸਿੱਧੇ ਤੌਰ 'ਤੇ ਜ਼ਿੰਮੇਵਾਰ ਹਨ। ਰੂਸੀ ਹੈਕਰਾਂ ਦੀ ਇਸੇ ਟੀਮ ਨੇ 2015 ਤੋਂ 2019 ਵਿਚਾਲੇ ਕਈ ਸੰਵੇਦਨਸ਼ੀਲ ਥਾਵਾਂ 'ਤੇ ਸਾਈਬਰ ਹਮਲੇ ਕੀਤੇ ਹਨ।

ਇਹ ਵੀ ਕਿਹਾ ਜਾ ਰਿਹਾ ਹੈ ਕਿ ਕੈਮੀਕਲ ਹਥਿਆਰਾਂ ਦੇ ਪਾਬੰਦੀਸ਼ੁਦਾ ਖੇਤਰ ਵਿੱਚ ਸਾਈਬਰ ਹਮਲੇ ਕਰ ਕੇ ਰੂਸ ਨੇ ਘੁਸਪੈਠ ਦਾ ਯਤਨ ਕੀਤਾ ਸੀ। ਇਹੀ ਨਹੀਂ, ਰੂਸ ਉੱਤੇ ਅਰਬਾਂ ਡਾਲਰ ਦੇ ਨੁਕਸਾਨ ਅਤੇ ਪੈਨਸਿਲਵੇਨੀਆ ਵਿੱਚ ਸਿਹਤ ਨੈਟਵਰਕ ਦੇ ਨਾਲ ਫਰਾਂਸ ਦੀ ਚੋਣ ਵਿੱਚ ਵੀ ਵਿਘਨ ਪਾਉਣ ਦੇ ਦੋਸ਼ ਹਨ। ਸਾਲ 2016 ਵਿੱਚ ਵੀ ਅਮਰੀਕੀ ਰਾਸ਼ਟਰਪਤੀ ਦੀ ਚੋਣ ਤੋਂ ਇੱਕ ਹਫਤਾ ਪਹਿਲਾਂ ਇਸ ਖੁਫੀਆ ਗਰੁੱਪ ਨੇ ਡੈਮੋਕ੍ਰੇਟਿਕ ਪਾਰਟੀ ਦੇ ਈ-ਮੇਲ ਇੰਟਰਨੈਟ 'ਤੇ ਹਮਲੇ ਕੀਤੇ ਸਨ। ਓਦੋਂ ਇਹ ਸਾਈਬਰ ਹਮਲੇ ਸਭ ਤੋਂਵੱਧ ਖਤਰਨਾਕ ਅਤੇ ਨੁਕਸਾਨਦੇਹ ਮੰਨੇ ਗਏ ਸਨ। ਯਾਹੂ ਨੂੰ ਵੀ ਰੂਸ ਨੇ ਆਪਣਾ ਨਿਸ਼ਾਨਾ ਬਣਾਇਆ ਸੀ ਅਤੇ ਇਨ੍ਹਾਂ ਹੈਕਰਾਂ ਨੇ 2018 ਵਿੱਚ ਦੱਖਣੀ ਕੋਰੀਆ ਵਿੱਚ ਹੋਈਆਂ ਵਿੰਟਰ ਓਲੰਪਿਕ ਖੇਡਾਂ ਵਿੱਚ ਵੀ ਸਾਫਟਵੇਅਰ 'ਤੇ ਹਮਲਾ ਕਰ ਕੇ ਡਾਟਾ ਨੂੰ ਨੁਕਸਾਨ ਪੁਚਾਇਆ ਸੀ।

ਦੂਸਰੇ ਪਾਸੇ ਮਾਸਕੋ ਵਿੱਚ ਰੂਸ ਦੀ ਸਰਕਾਰ ਦੇ ਇੱਕ ਬੁਲਾਰੇ ਦਿਮਿਤ੍ਰੀ ਪੇਸਕੋਵ ਨੇ ਇਨ੍ਹਾਂ ਸਾਰੇ ਕਿਸਮ ਦੇ ਦੋਸ਼ਾਂ ਤੋਂ ਇਨਕਾਰ ਕਰਦੇ ਹੋਏ ਕਿਹਾ ਕਿ ਇਹ ਸਿਰਫ ਰੂਸੀ ਫੋਬੀਆ ਹੈ।

# ਯੂ ਐੱਨ ਵੱਲੋਂ ਭਾਰਤ ਵਿੱਚ ਸਮਾਜਕ ਕਾਰਕੁਨਾਂ ਦੀ ਗ੍ਰਿਫਤਾਰੀ 'ਤੇ ਚਿੰਤਾ



ਜਨੇਵਾ, 22 ਅਕਤੂਬਰ (ਪੋਸਟ ਬਿਊਰੋ)- ਯੂ ਐੱਨ ਦੇ ਮਨੁੱਖੀ ਅਧਿਕਾਰਾਂ ਬਾਰੇ ਹਾਈ ਕਮਿਸ਼ਨਰ ਮਿਸ਼ੇਲ ਬਾਚੇਲੈ ਨੇ ਭਾਰਤ ਵਿੱਚ ਗੈਰ ਸਰਕਾਰੀ ਸੰਸਥਾਵਾਂ ਨੂੰ ਵਿਦੇਸ਼ਾਂ ਵਿੱਚੋਂ ਚੰਦਾ ਭੇਜਣ 'ਤੇ ਰੋਕ ਅਤੇ ਸਮਾਜਕ ਕਾਰਕੁੰਨਾਂ ਦੀ ਗ੍ਰਿਫਤਾਰੀ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ ਹੈ। ਉਨ੍ਹਾਂ ਨੇ ਭਾਰਤ ਸਰਕਾਰ ਨੂੰ ਮਨੁੱਖੀ ਅਧਿਕਾਰਾਂ ਦੇ ਰਖਵਾਲਿਆਂ ਤੇ ਗੈਰ ਸਰਕਾਰੀ ਸੰਸਥਾਵਾਂ ਦੇ ਹੱਕਾਂ ਦੀ ਰਾਖੀ ਕਰਨ ਦੀ ਅਪੀਲ ਕੀਤੀ ਹੈ।

ਸ੍ਰੀਮਤੀ ਬਾਚੇਲੈ ਨੇ ਕਿਹਾ ਕਿ ਭਾਰਤ ਵੱਡੀ ਆਬਾਦੀ ਵਾਲਾ ਦੇਸ਼ ਹੈ, ਜਿੱਥੇ ਲੋਕ ਦੇਸ਼ ਵਿੱਚ ਤੇ ਵਿਸ਼ਵ ਪੱਧਰ 'ਤੇ ਮਨੁੱਖੀ ਅਧਿਕਾਰਾਂ ਦੇ ਹੱਕ ਵਿੱਚ ਖੜੋਂਦੇ ਹਨ, ਪਰ ਉਨ੍ਹਾਂ ਚਿੰਤਾ ਜ਼ਾਹਰ ਕੀਤੀ ਕਿ ਭਾਰਤ ਵਿੱਚ ਕਾਨੂੰਨ ਦੀ ਵਰਤੋਂਇਨ੍ਹਾਂ ਲੋਕਾਂ ਦੀ ਆਵਾਜ਼ ਨੂੰ ਦਬਾਉਣ ਵਾਸਤੇ ਕੀਤੀ ਜਾ ਰਹੀ ਹੈ। ਇਸ ਬਾਰੇ ਭਾਰਤ ਦੇ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਨੁਰ-ਾਗ ਸ੍ਰੀਵਾਸਤਵ ਨੇ ਕਿਹਾ, ਫੌਰਨ ਕੰਟਰੀਬਿਊਸ਼ਨ ਰੈਗੂਲੇਸ਼ਨ ਐਕਟ (ਐਫ ਸੀ ਆਰ ਏ) ਦੇ ਬਾਰੇ ਯੂ ਐਨ ਹਾਈ ਕਮਿਸ਼ਨਰ ਦੀ ਟਿੱਪਣੀ ਉਨ੍ਹਾਂ ਦੇ ਧਿਆਨ ਵਿੱਚ ਹੈ। ਉਨ੍ਹਾਂ ਕਿਹਾ ਕਿ ਮਨੁੱਖੀ ਅਧਿਕਾਰਾਂ ਦੀ ਆੜ ਹੇਠ ਕਾਨੂੰਨ ਦੀ ਉਲੰਘਣਾ ਹੋਣ ਨੂੰ ਮੁਆਫ ਨਹੀਂ ਕੀਤਾ ਜਾ ਸਕਦਾ।

# ਰਾਹਗੀਰਾਂ ਉਤੇ ਹਮਲਾ ਕਰਨ ਵਾਲਾ ਵਿਅਕਤੀ ਗ੍ਰਿਫਤਾਰ



ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਐਤਵਾਰ ਸਵੇਰੇ ਡਾਊਨਟਾਊਨ ਵਿੱਚ ਇੱਕ ਮਹਿਲਾ ਨੂੰ ਜ਼ਮੀਨ ਉੱਤੇ ਸੁੱਟਣ ਤੋਂ ਬਾਅਦ ਕਈ ਹੋਰਨਾਂ ਉੱਤੇ ਹਮਲਾ ਕਰਨ ਵਾਲੇ ਇੱਕ 26 ਸਾਲਾ ਵਿਅਕਤੀ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ।

ਪੁਲਿਸ ਨੇ ਦੱਸਿਆ ਕਿ ਸਵੇਰੇ 9:15 ਵਜੇ ਇੱਕ ਵਿਅਕਤੀ ਯੌਂਗ ਤੇ ਡੰਡਸ ਸਟਰੀਟਸ ਦੇ ਲਾਂਘੇ ਉੱਤੇ ਪਹੁੰਚਿਆ ਤੇ ਇੱਕ ਗੱਡੀ ਦੇ ਬੋਨ੍ਹਟ ਨਾਲ ਟਕਰਾ ਗਿਆ। ਫਿਰ ਉਹ ਡੰਡਸ ਸਟਰੀਟ ਉੱਤੇ ਪੂਰਬ ਵੱਲ ਵਧਿਆ ਤੇ ਉੱਥੇ ਉਸ ਨੇ ਇੱਕ ਮਹਿਲਾ ਨੂੰ ਜੱਫਾ ਪਾ ਕੇ ਹੇਠਾ ਸੁੱਟ ਦਿੱਤਾ। ਫਿਰ ਉਸ ਨੇ ਇੱਕ ਹੋਰ ਵਿਅਕਤੀ ਦੇ ਮੂੰਹ ਉੱਤੇ ਮੁੱਕਾ ਮਾਰਿਆ ਤੇ ਫਿਰ ਇੱਕ ਸਾਈਕਲ ਵਾਲੇ ਵਿਅਕਤੀ ਨੂੰ ਕੁੱਟਿਆ। ਇਸ ਸਾਰੇ ਮਾਮਲੇ ਨੂੰ ਰੋਕਣ ਦੀ ਕੋਸ਼ਿਸ਼ ਕਰਨ ਵਾਲੇ ਹੋਰਨਾਂ ਲੋਕਾਂ ਉੱਤੇ ਵੀ ਉਸ ਨੇ ਹਮਲਾ ਬੋਲ ਦਿੱਤਾ।

ਟੋਰਾਂਟੋ ਦੇ ਇਸ 26 ਸਾਲਾ ਵਿਅਕਤੀ ਡਾਇਮੰਡ ਏਕਾਨਮ ਉੱਤੇ ਹਮਲਾ ਕਰਨ, ਲੜਾਈ ਕਰਕੇ ਮਾਹੌਲ ਖਰਾਬ ਕਰਨ, ਰੌਲਾ ਪਾਉਣ ਤੇ ਪ੍ਰੋਬੇਸ਼ਨ ਦੇ ਨਿਯਮਾਂ ਦੀ ਉਲੰਘਣਾ ਕਰਨ ਦੇ ਸਬੰਧ ਵਿੱਚ ਕਈ ਚਾਰਜਿਜ਼ ਲਾਏ ਗਏ ਹਨ।

# ਸਭ ਕੁਝ ਖਾਈ ਜਾਂਦੇ ਨੇ ਅਫਰੀਕੀ ਜੰਗਲੀ ਕੁੱਤੇ

ਬੋਟਸਵਾਨਾ, 22 ਅਕਤੂਬਰ (ਪੋਸਟ ਬਿਊਰੋ)- ਅਫਰੀਕਾ ਦੇ ਬੋਟਸਵਾਨਾ ਨਾਮੀ ਸਥਾਨ ’ਤੇ ਮਿਲਣ ਵਾਲੇ ਕੋਲੇ ਵਰਗੇ ਕਾਲੇ ਅਤੇ ਕੱਦ-ਕਾਠ ’ਚ ਰਿਛਾਂ ਵਰਗੇ ਦਿਸਣ ਵਾਲੇ ਅਫਰੀਕਨ ਜੰਗਲੀ ਕੁੱਤੇ ਬਹੁਤ ਖਤਰਨਾਕ ਸਰਬਹਾਰੀ ਜਾਨਵਰ ਹਨ, ਜੋ ਜੰਗਲ ਵਿੱਚ ਵੱਡੇ-ਵੱਡੇ ਝੁੰਡਾਂ ’ਚ ਵਿਚਰਦੇ ਹਨ।

ਇਹਜੰਗਲੀ ਕੁੱਤੇ ਇੱਕ ਝੁੰਡ ਵਿੱਚ 20-25 ਹੁੰਦੇ ਹਨ। ਇਨ੍ਹਾਂ ਦੀ ਖਾਸੀਅਤ ਇਹ ਹੈ ਕਿ ਇਹ ਜ਼ਿੰਦਗੀ ਭਰ ਝੁੰਡ ਵਿੱਚ ਰਹਿ ਕੇ ਇਕੱਠੇ ਸ਼ਿਕਾਰ ਕਰਦੇ ਹਨ ਅਤੇ ਆਪਸ ਵਿੱਚ ਮਿਲ-ਵੰਡ ਕੇ ਸ਼ਿਕਾਰ ਦਾ ਆਨੰਦ ਲੈਂਦੇ ਹਨ। ਇਨ੍ਹਾਂ ਦੇ ਝੁੰਡ ’ਚ ਏਕਤਾ ਹੁੰਦੀ ਹੈ, ਇਸ ਲਈ ਇਹ ਦੂਸਰੇ ਜਾਨਵਰਾਂ ਦੇ ਝੁੰਡਾਂ ਦੇ ਹਮਲੇ ਦਾ ਸਾਹਮਣਾ ਆਸਾਨੀ ਨਾਲ ਕਰ ਲੈਂਦੇ ਹਨ ਤੇ ਇਹੋ ਕਾਰਨ ਹੈ ਕਿ ਸ਼ੇਰ, ਚੀਤਾ ਅਤੇ ਬਾਘ ਵਰਗੇ ਤਾਕਤਵਰ ਜਾਨਵਰ ਵੀ ਇਨ੍ਹਾਂ ਦੇ ਝੁੰਡ ਦੇ ਹਮਲਾ ਕਰਨ ਤੋਂ ਡਰਦੇ ਹਨ। 50 ਕਿਲੋਮੀਟਰ ਘੰਟੇ ਦੀ ਰਫ਼ਤਾਰ ਨਾਲ ਦੌੜਨ ’ਚ ਸਮਰੱਥ ਇਹ ਜੰਗਲੀ ਕੁੱਤੇ ਹਿਰਨਾਂ ਦੀ ਇੱਕ ਖਾਸ ਨਸਲ ’ਇੰਪਾਲਾ’ ਦੇ ਸਭ ਤੋਂ ਵੱਡੇ ਦੁਸ਼ਮਣ ਹਨ। ਇਹ ਕੁੱਤੇ ਇੰਪਾਲਾ ਦੇ ਦਿਖਾਈ ਪੈਣ ਉੱਤੇ ਉਸ ਨੂੰ ਕਿਸੇ ਵੀ ਹਾਲਤ ’ਚ ਜਿਊਂਦਾ ਨਹੀਂ ਛੱਡਦੇ ਅਤੇ ਪਕੜ ’ਚ ਆਉਂਦਿਆਂ ਹੀ ਝੁੰਡ ਦੇ ਸਾਰੇ ਕੁੱਤੇ ਉਸ ਨੂੰ ਨੋਚ-ਨੋਚ ਕੇ ਖਾ ਜਾਂਦੇ ਹਨ। ਪਤਾ ਲੱਗਾ ਹੈ ਕਿ ਅਫਰੀਕਨ ਜੰਗਲੀ ਕੁੱਤੀ ਸਾਲ ’ਚ ਇੱਕ ਵਾਰ ਹੀ ਬੱਚੇ ਪੈਦਾ ਕਰਦੀ ਹੈ ਅਤੇ ਇੱਕ ਵਾਰ ਵਿੱਚ 3 ਤੋਂ 10 ਕਤੂਰਿਆਂ ਨੂੰ ਜਨਮ ਦਿੰਦੀ ਹੈ। ਇਨ੍ਹਾਂ ਕੁੱਤਿਆਂ ਦੀਆਂ ਕੁਦਰਤੀ ਰਿਹਾਇਸ਼ਾਂ ਦੇ ਖਤਮ ਹੋਣ ਅਤੇ ਇਨ੍ਹਾਂ ਦੀ ਆਬਾਦੀ ’ਤੇ ਕੰਟਰੋਲ ਦੇ ਉਪਾਅ ਅਪਨਾਉਣ ਤੋਂ ਬਾਅਦ ਇਨ੍ਹਾਂ ਦੀ ਗਿਣਤੀ ਪਿਛਲੇ ਕੁਝ ਸਮੇਂ ਤੋਂ ਬਹੁਤ ਘੱਟ ਰਹਿ ਗਈ ਹੈ।

# ਨੋਵਾ ਸਕੋਸ਼ੀਆ ਦੇ ਫਿਸ਼ਰਜ਼ ਦਰਮਿਆਨ ਚੱਲ ਰਹੇ ਵਿਵਾਦ ਬਾਰੇ ਐਮਪੀਜ਼ ਨੇ ਕੀਤੀ ਐਮਰਜੰਸੀ ਬਹਿਸ

ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਨੋਵਾਂ ਸਕੋਸੀਆ ਵਿੱਚ ਮੂਲਵਾਸੀ ਤੇ ਕਮਰਸ਼ੀਅਲ ਲੌਬਸਟਰ ਫਿਸ਼ਰਜ਼ ਦਰਮਿਆਨ ਚੱਲ ਰਹੇ ਵਿਵਾਦ ਉੱਤੇ ਐਮਪੀਜ਼ ਵੱਲੋਂ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕੀਤੀ ਜਾ ਰਹੀ ਹੈ।



ਅੱਜ ਹਾਊਸ ਦੀ ਸਿਟਿੰਗ ਕਾਰਨ ਇਹ ਐਮਰਜੰਸੀ ਬਹਿਸ ਕਰਵਾਈ ਜਾ ਰਹੀ ਹੈ ਤੇ ਇਹ ਇਸੇ ਤਰ੍ਹਾਂ ਜਾਰੀ ਰਹੇਗੀ ਜਦੋਂ ਤੱਕ ਕੋਈ ਹੋਰ ਮੈਂਬਰ ਪਾਰਲੀਆਮੈਂਟ ਆਪਣੀ ਗੱਲ ਨਹੀਂ ਰੱਖੇਗਾ। ਸੋਮਵਾਰ ਸਵੇਰੇ, ਫੈਡਰਲ ਮੰਤਰੀਆਂ ਵੱਲੋਂ ਨੋਵਾ ਸਕੋਸ਼ੀਆ ਦੇ ਮੂਲਵਾਸੀ ਫਿਸ਼ਰਜ਼ ਖਿਲਾਫ ਜਾਰੀ ਹਿੰਸਕ ਕਾਰਵਾਈ ਦੀ ਨਿਖੇਧੀ ਕੀਤੀ ਗਈ। ਇਸ ਦੇ ਨਾਲ ਹੀ ਮੂਲਵਾਸੀ ਫਿਸ਼ਰਮੈਨ ਦੇ ਕਮਰਸ਼ੀਅਲ ਫਿਸ਼ਰਮੈਨ ਨਾਲ ਚੱਲ ਰਹੇ ਵਿਵਾਦ ਨੂੰ ਸ਼ਾਂਤਮਈ ਢੰਗ ਨਾਲ ਹੱਲ ਕਰਨ ਦੀ ਮੰਗ ਵੀ ਕੀਤੀ ਗਈ।

ਐਨਡੀਪੀ ਤੇ ਚਾਰ ਹੋਰ ਕੈਬਨਿਟ ਮੰਤਰੀਆਂ ਵੱਲੋਂ ਇਸ ਮਾਮਲੇ ਦੇ ਸਬੰਧ ਵਿੱਚ ਹਾਊਸ ਆਫ ਕਾਮਨਜ਼ ਵਿੱਚ ਬਹਿਸ ਕਰਵਾਉਣ ਦੀ ਅਪੀਲ ਕੀਤੀ ਗਈ। ਜ਼ਿਕਰਯੋਗ ਹੈ ਕਿ ਇਹ ਮਸਲਾ ਉਸ ਸਮੇਂ ਹੋਰ ਗਰਮਾ ਗਿਆ ਜਦੋਂ ਵੀਕੈਂਡ ਉੱਤੇ ਮਿਕਮਾਕ ਫਿਸ਼ਰਜ਼ ਵੱਲੋਂ ਵਰਤਿਆ ਜਾਣ ਵਾਲਾ ਲੌਬਸਟਰ ਪਾਊਂਡ ਅੱਗ ਲੱਗਣ ਕਾਰਨ ਤਬਾਹ ਹੋ ਗਿਆ। ਪਬਲਿਕ ਸੇਫਟੀ ਮੰਤਰੀ ਬਿੱਲ ਬਲੇਅਰ ਨੇ ਆਖਿਆ ਕਿ ਇਸ ਤਰ੍ਹਾਂ ਜਾਰੀ ਹਿੰਸਾ ਤੇ ਨਸਲੀ ਧਮਕੀਆਂ ਨਾਲ ਅਸੀਂ ਕਿਸੇ ਹੱਲ ਉੱਤੇ ਨਹੀਂ ਪਹੁੰਚ ਸਕਾਂਗੇ। ਉਨ੍ਹਾਂ ਆਖਿਆ ਕਿ ਹਿੰਸਾ ਲਈ ਜ਼ਿੰਮੇਵਾਰ ਲੋਕਾਂ ਨੂੰ ਬਖਸ਼ਿਆ ਨਹੀਂ ਜਾਵੇਗਾ ਤੇ ਆਰਸੀਐਮਪੀ ਇਸ ਤਰ੍ਹਾਂ ਦੀ ਹਿੰਸਾ ਨਾਲ ਸਬੰਧਤ ਕਈ ਵੀਡੀਓਜ਼ ਦਾ ਮੁਲਾਂਕਣ ਕਰ ਰਹੀ ਹੈ।

ਜ਼ਿਕਰਯੋਗ ਹੈ ਕਿ ਵਿਵਾਦਗ੍ਰਸਤ ਮੁੱਦਿਆਂ ਵਿੱਚ ਮੂਲਵਾਸੀ ਲੋਕਾਂ ਦਾ ਉਹ ਅਧਿਕਾਰ ਵੀ ਸ਼ਾਮਲ ਹੈ ਜਿਸ ਲਈ ਉਨ੍ਹਾਂ ਨੂੰ ਗੁਜ਼ਾਰੇ ਲਾਇਕ ਰੋਜ਼ੀ ਰੋਟੀ ਕਮਾਉਣ ਦੀ ਮੰਗ ਕੀਤੀ ਗਈ ਹੈ ਤੇ ਫੈਡਰਲ ਸਰਕਾਰ ਵੱਲੋਂ ਨਿਰਧਾਰਤ ਫਿਸ਼ਿੰਗ ਸੀਜ਼ਨ ਤੋਂ ਬਾਹਰ ਵੀ ਉਨ੍ਹਾਂ ਨੂੰ ਮੱਛੀਆਂ ਫੜ੍ਹਨ ਦੀ ਖੁੱਲ੍ਹ ਦੇਣ ਦੀ ਮੰਗ ਸ਼ਾਮਲ ਹੈ। ਇਸ ਅਧਿਕਾਰ ਨੂੰ ਸੈਂਕੜੇ ਸਾਲ ਪਹਿਲਾਂ ਹੋਈਆਂ ਸੰਧੀਆਂ ਵਿੱਚ ਕਾਇਮ ਕੀਤਾ ਗਿਆ ਸੀ ਤੇ ਇਸ ਨੂੰ 1999 ਵਿੱਚ ਸੁਪਰੀਮ ਕੋਰਟ ਵੱਲੋਂ ਵੀ ਬਹਾਲ ਰੱਖਿਆ ਗਿਆ।

ਇਸ ਦੌਰਾਨ ਸਾਈਪਨੇਕਾਤਿਕ ਚੀਫ ਮਾਈਕ ਸੈਕ ਨੇ ਆਖਿਆ ਕਿ ਜੇ ਫੈਡਰਲ ਸਰਕਾਰ ਮਿਕਮਾਕ ਨਾਲ ਗੱਲਬਾਤ ਕਰਕੇ ਇਹ ਪਰਿਭਾਸ਼ਤ ਨਹੀਂ ਕਰੇਗੀ ਕਿ ਗੁਜ਼ਾਰੇ ਲਾਇਕ ਰੋਜ਼ੀ ਰੋਟੀ ਦੀ ਕੀ ਪਰਿਭਾਸ਼ਾ ਹੈ ਤਾਂ ਅਸੀਂ ਆਪਣੇ ਆਪ ਅਜਿਹਾ ਕਰ ਲਵਾਂਗੇ। ਕਈ ਸਾਲ ਪਹਿਲਾਂ ਦੋਵਾਂ ਧਿਰਾਂ ਦਰਮਿਆਨ ਜੋ ਸੰਧੀ ਹੋਈ ਸੀ ਉਸ ਨੂੰ ਉਸੇ ਤਰ੍ਹਾਂ ਲਾਗੂ ਨਹੀਂ ਕੀਤਾ ਜਾ ਰਿਹਾ ਜਿਸ ਤਰ੍ਹਾਂ ਕੀਤਾ ਜਾਣਾ ਚਾਹੀਦਾ ਸੀ। ਸੋ ਜੇ ਉਹ ਅਜਿਹਾ ਕਰਨ ਦੇ ਸਮਰੱਥ ਨਹੀਂ ਹਨ ਤਾਂ ਅਸੀਂ ਆਪ ਹੀ ਇਸ ਨੂੰ ਪਰਿਭਾਸ਼ਤ ਕਰ ਲਵਾਂਗੇ।

# ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨ ਦੀ ਮੰਗ ਤੋਂ ਬਚਣ ਲਈ ਹਰ ਹੀਲਾ ਵਰਤ ਰਹੀ ਹੈ ਫੈਡਰਲ ਸਰਕਾਰ

ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਵਿਰੋਧੀ ਧਿਰਾਂ ਵੱਲੋਂ ਵੁਈ ਚੈਰਿਟੀ ਵਿਵਾਦ ਨੂੰ ਮੁੜ ਸੁਰਜੀਤ ਕੀਤੇ ਜਾਣ ਦੀਆਂ ਕੋਸ਼ਿਸ਼ਾਂ ਨੂੰ ਦਬਾਉਣ ਲਈ ਫੈਡਰਲ ਸਰਕਾਰ ਹਰ ਹੀਲਾ ਵਰਤਣ ਦੀ ਕੋਸ਼ਿਸ਼ ਕਰ ਰਹੀ ਹੈ। ਫੈਡਰਲ ਸਰਕਾਰ ਵੱਲੋਂ ਇਹ ਵੀ ਆਖਿਆ ਜਾ ਰਿਹਾ ਹੈ ਕਿ ਕੰਜ਼ਰਵੇਟਿਵਾਂ ਵੱਲੋਂ ਭ੍ਰਿਸ਼ਟਾਚਾਰ ਵਿਰੋਧੀ ਕਮੇਟੀ ਕਾਇਮ ਕਰਨ ਦੀ ਕੀਤੀ ਜਾ ਰਹੀ ਮੰਗ ਨਾਲ ਇਹ ਸਵਾਲ ਖੜ੍ਹਾ ਹੁੰਦਾ ਹੈ ਕਿ ਕੀ ਸਰਕਾਰ ਵਿੱਚ ਹਾਊਸ ਆਫ ਕਾਮਨਜ਼ ਨੂੰ ਅਜੇ ਵੀ ਭਰੋਸਾ ਹੈ?



ਸਰਕਾਰ ਵੱਲੋਂ ਅਜੇ ਇਹ ਸਪਸ਼ਟ ਨਹੀਂ ਕੀਤਾ ਗਿਆ ਕਿ ਉਹ ਇਸ ਪ੍ਰਸਤਾਵ ਦਾ ਮੁਲਾਂਕਣ ਕਰ ਰਹੀ ਹੈ ਜਾਂ ਨਹੀਂ। ਪਰ ਸਰਕਾਰ ਦੇ ਹਾਊਸ ਲੀਡਰ ਪਾਬਲੋ ਰੌਡਰਿਗਜ਼ ਵੱਲੋਂ ਆਪਣੇ ਹਮਰੁਤਬਾ ਵਿਰੋਧੀ ਆਗੂਆਂ ਨੂੰ ਲਿਖੇ ਪੱਤਰ ਵਿੱਚ ਆਖਿਆ ਗਿਆ ਕਿ ਜੇ ਐਮਪੀਜ਼ ਨਵੇਂ ਸਿਰੇ ਤੋਂ ਜਾਂਚ ਕਰਵਾਉਣ ਦੇ ਹੱਕ ਵਿੱਚ ਹਨ ਤਾਂ ਇਸ ਨਾਲ ਇਹੋ ਪ੍ਰਭਾਵ ਜਾਵੇਗਾ ਕਿ ਘੱਟ ਗਿਣਤੀ ਲਿਬਰਲ ਸਰਕਾਰ ਵਿੱਚ ਹੁਣ ਭਰੋਸਾ ਨਹੀਂ ਰਿਹਾ।

ਉਨ੍ਹਾਂ ਇਹ ਵੀ ਲਿਖਿਆ ਕਿ ਕੰਜ਼ਰਵੇਟਿਵਾਂ ਦਾ ਅਜਿਹਾ ਪ੍ਰਸਤਾਵ ਸਿਆਸੀ ਵੰਡੀਆਂ ਪਾਉਣ ਵਾਲਾ ਹੈ। ਇਹ ਸਰਕਾਰ ਨੂੰ ਡੇਗਣ ਲਈ ਹੀ ਤਿਆਰ ਕੀਤਾ ਗਿਆ ਹੈ। ਜੇ ਇਹ ਪ੍ਰਸਤਾਵ ਪਾਸ ਹੋ ਜਾਂਦਾ ਹੈ ਤਾਂ ਇਸ ਨਾਲ ਇਹ ਸਵਾਲ ਖੜ੍ਹਾ ਹੋ ਜਾਵੇਗਾ ਕਿ ਕੀ ਅਜੇ ਵੀ ਸਰਕਾਰ ਵਿੱਚ ਹਾਊਸ ਆਫ ਕਾਮਨਜ਼ ਨੂੰ ਭਰੋਸਾ ਹੈ। ਬਾਅਦ ਵਿੱਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਰੌਡਰਿੱਗਜ਼ ਨੇ ਆਖਿਆ ਕਿ ਇਹ ਮਤਾ ਇਸ ਗੱਲ ਦਾ ਸੰਕੇਤ ਹੈ ਕਿ ਕੰਜ਼ਰਵੇਟਿਵਾਂ ਨੂੰ ਸਰਕਾਰ ਵੱਲੋਂ ਕੀਤੇ ਜਾ ਰਹੇ ਕਿਸੇ ਵੀ ਕੰਮ ਵਿੱਚ ਯਕੀਨ ਨਹੀਂ ਹੈ। ਇਸ ਤਰ੍ਹਾਂ ਦੇ ਪ੍ਰਸਤਾਵ ਲਿਆਉਣ ਨਾਲ ਕੋਵਿਡ-19 ਵਰਗੀ ਮਹਾਂਮਾਰੀ ਤੋਂ ਧਿਆਨ ਭਟਕ ਜਾਵੇਗਾ ਤੇ ਅਸੀਂ ਮਹਾਂਮਾਰੀ ਖਿਲਾਫ ਜੰਗ ਵਿੱਚ ਪਛੜ ਜਾਵਾਂਗੇ।

ਰੌਡਰਿੱਗਜ਼ ਨੇ ਆਸ ਪ੍ਰਗਟਾਈ ਕਿ ਬਲਾਕ ਕਿਊਬਿਕੁਆ ਤੇ ਐਨਡੀਪੀ ਨਾਲ ਚੱਲ ਰਹੀ ਗੱਲਬਾਤ ਵਿੱਚ ਸਾਂਝਾ ਆਧਾਰ ਲੱਭ ਲਿਆ ਜਾਵੇਗਾ।

ਇਸ ਦੌਰਾਨ ਕੰਜ਼ਰਵੇਟਿਵ ਹਾਊਸ ਲੀਡਰ ਗੇਰਾਰਡ ਡੈਲਟੈਲ ਨੇ ਆਖਿਆ ਕਿ ਲਿਬਰਲਾਂ ਨੂੰ ਸਮਝ ਲੈਣਾ ਚਾਹੀਦਾ ਹੈ ਕਿ ਉਹ ਆਪਣਾ ਆਧਾਰ ਗੁਆ ਚੁੱਕੇ ਹਨ ਤੇ ਹਾਊਸ ਆਫ ਕਾਮਨਜ਼ ਵਿੱਚ ਉਨ੍ਹਾਂ ਨੂੰ ਬਹੁਮਤ ਹਾਸਲ ਨਹੀਂ ਹੋਣ ਵਾਲਾ। ਇਸ ਦੌਰਾਨ ਇਹ ਵੀ ਪਤਾ ਲੱਗਿਆ ਹੈ ਕਿ ਵੁਈ ਚੈਰਿਟੀ ਮਾਮਲੇ ਵਿੱਚ ਸਰਕਾਰ ਤੇ ਚੈਰਿਟੀ, ਵਿਰੋਧੀ ਧਿਰ ਨੂੰ ਸ਼ਾਂਤ ਕਰਨ ਲਈ ਹੋਰ ਦਸਤਾਵੇਜ਼ ਜਾਰੀ ਕਰਨ ਬਾਰੇ ਵੀ ਵਿਚਾਰ ਕਰ ਰਹੀ ਹੈ।

# ਕੈਨੇਡਾ-ਅਮਰੀਕਾ ਸਰਹੱਦੀ ਪਾਬੰਦੀਆਂ 21 ਨਵੰਬਰ ਤੱਕ ਵਧਾਈਆਂ ਗਈਆਂ

ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਕੈਨੇਡਾ ਵੱਲੋਂ ਅਮਰੀਕਾ ਨਾਲ ਗੈਰ ਜ਼ਰੂਰੀ ਸਰਹੱਦੀ ਪਾਬੰਦੀਆਂ 21 ਨਵੰਬਰ ਤੱਕ ਵਧਾ ਦਿੱਤੀਆਂ ਗਈਆਂ ਹਨ।



ਪਬਲਿਕ ਸੇਫਟੀ ਤੇ ਐਮਰਜੰਸੀ ਪ੍ਰੀਪੇਅਰਡਨੈੱਸ ਮੰਤਰੀ ਬਿੱਲ ਬਲੇਅਰ ਨੇ ਇਸ ਸਬੰਧ ਵਿੱਚ ਸੋਮਵਾਰ ਸਵੇਰੇ ਐਲਾਨ ਕੀਤਾ। ਉਨ੍ਹਾਂ ਆਖਿਆ ਕਿ ਕੈਨੇਡੀਅਨਾਂ ਨੂੰ ਸੁਰੱਖਿਅਤ ਰੱਖਣ ਲਈ ਸਾਡਾ ਫੈਸਲਾ ਪਬਲਿਕ ਹੈਲਥ ਦੀ ਐਡਵਾਈਜ਼ ਉੱਤੇ ਹੀ ਆਧਾਰਿਤ ਰਹੇਗਾ।

ਪਿਛਲੇ ਮਹੀਨੇ ਇਹ ਐਲਾਨ ਕੀਤਾ ਗਿਆ ਸੀ ਕਿ ਕੈਨੇਡਾ ਅਮਰੀਕਾ ਸਰਹੱਦ ਗੈਰ ਜ਼ਰੂਰੀ ਆਵਾਜਾਈ ਲਈ 21 ਅਕਤੂਬਰ ਤੱਕ ਬੰਦ ਰਹੇਗੀ।

# ਟੋਰਾਂਟੋ ਪਬਲਿਕ ਲਾਇਬ੍ਰੇਰੀ ਦੀਆਂ ਵੱਖ ਵੱਖ ਬ੍ਰਾਂਚਾਂ ਵਿੱਚ ਕੋਵਿਡ-19 ਦੇ ਦਸ ਕੇਸ ਆਏ ਪਾਜ਼ੀਟਿਵ



ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਟੋਰਾਂਟੋ ਪਬਲਿਕ ਲਾਇਬ੍ਰੇਰੀ ਦਾ ਕਹਿਣਾ ਹੈ ਕਿ ਜੀਟੀਏ ਵਿੱਚ ਉਨ੍ਹਾਂ ਦੀਆਂ ਅੱਠ ਬ੍ਰਾਂਚਿਜ਼ ਵਿੱਚ 10 ਵਿਅਕਤੀ ਕੋਵਿਡ-19 ਪਾਜ਼ੀਟਿਵ ਪਾਏ ਗਏ।

ਇੱਥੋਂ ਦੀ ਇੱਕ ਤਰਜਮਾਨ ਵੱਲੋਂ ਇਸ ਗੱਲ ਦੀ ਪੁਸ਼ਟੀ ਕੀਤੀ ਗਈ ਕਿ ਪੰਜ ਮੁਲਾਜ਼ਮਾਂ ਤੇ ਪੰਜ ਵਿਜ਼ੀਟਰਜ਼ ਨੂੰ ਮਿਲਾ ਕੇ ਇਹ 10 ਮਾਮਲੇ ਬਣੇ ਹਨ। ਇਹ ਬ੍ਰਾਂਚਾਂ ਹੇਠ ਲਿਖੀਆਂ ਹਨ :

- ਲਿਲੀਅਨ ਐਚ ਸਮਿੱਥ
- ਰਿਚਵਿਊ
- ਗਿਲਡਵੁੱਡ
- ਗੋਲਡਹਾਕ ਪਾਰਕ
- ਮਾਰੀਆ ਏ ਸਚੂਕਾ
- ਨੌਰਦਰਨ ਡਿਸਟ੍ਰਿਕਟ
- ਸੇਂਟ ਲਾਅਰੈਂਸ
- ਟੋਰਾਂਟੋ ਰੈਫਰੈਂਸ ਲਾਇਬ੍ਰੇਰੀ

ਟੀਪੀਐਲ ਦਾ ਕਹਿਣਾ ਹੈ ਕਿ ਪਿਛਲੇ ਹਫਤੇ ਕੋਈ ਵੀ ਹੋਰ ਪਾਜ਼ੀਟਿਵ ਕੇਸ ਰਿਪੋਰਟ ਨਹੀਂ ਕੀਤਾ ਗਿਆ ਹੈ ਤੇ ਇਹ ਬ੍ਰਾਂਚਾਂ ਮੁੜ ਖੁੱਲ੍ਹ ਚੁੱਕੀਆਂ ਹਨ। ਲਾਇਬ੍ਰੇਰੀ ਦਾ ਕਹਿਣਾ ਹੈ ਕਿ ਬਹੁਤੇ ਮਾਮਲਿਆਂ ਵਿੱਚ ਪਾਜ਼ੀਟਿਵ ਆਉਣ ਵਾਲੇ ਮੁਲਾਜ਼ਮਾਂ ਨੂੰ 14 ਦਿਨਾਂ ਲਈ ਘਰ ਹੀ ਰਹਿਣ ਦੀ ਸਲਾਹ ਦਿੱਤੀ ਜਾਂਦੀ ਹੈ।






## ਲੜਕੀ ਦੀ ਲੋੜ

ਰਵਿਦਾਸ ਲੜਕਾ, ਉਮਰ 27 ਸਾਲ, ਕੱਦ 6’2’’, ਕੈਨੇਡੀਅਨ ਪੀ ਆਰ, ਜੋਬ ਟਰੱਕ ਚਲਾਉਂਦਾ ਹੈ ਅਤੇ ਵੇਲ ਸਟੈਲਡ ਹੈ, ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ/ ਵਰਕ ਪਰਮਟ ਹੋਲਡਰ ਲੜਕੀਆਂ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਕਰੋ: 416-419-6097 ਜਾਂ 437-993-7620

ਜੱਟ ਸਿੱਖ ਗਰੇਵਾਲ ਲੜਕਾ, 1994, ਕੱਦ 6’2’’, ਜੋ ਕਿ ਆਸਟ੍ਰੇਲੀਆ ’ਚ ਸਟੱਡੀ ਵੀਜ਼ੇ ’ਤੇ ਰਹਿ ਰਿਹਾ ਹੈ, ਲਈ ਕੈਨੇਡਾ ਤੋਂ ਲੜਕੀ ਦੀ ਲੋੜ ਹੈ। ਲੜਕੇ ਦੀ ਇਕ ਭੈਣ ਕੈਨੇਡਾ (ਟੋਰਾਂਟੋ) ਤੇ ਦੂਸਰੀ ਭੈਣ ਆਸਟ੍ਰੇਲੀਆ ’ਚ ਸੈਟਲਡ ਹੈ। ਲੜਕੇ ਦੇ ਮਾਤਾ ਜੀ ਸੁਪਰ ਵੀਜ਼ੇ ’ਤੇ ਕੈਨੇਡਾ ਆਏ ਹੋਏ ਹਨ। ਸੰਪਰਕ:-647-772-6650, ਵਟਸ ਐਪ ਨੰਬਰ:- 99156-62207

Match for Handsome Jat Sikh boy 40/5'10"(Issueless divorce), B.Tech, M.S (USA) Working in MNC as Senior Software Engineer in the USA. Family of Doctors and Engineers. Please respond with recent pics. Email match52020@gmail.com, Whats-app: +91-9815787350

ਕੈਨੇਡਾ ਵਿੱਚ ਵੈੱਲ ਸੈਟਲਡ, ਵਿੰਨੀਪੈਗ ਰਹਿ ਰਹੇ ਕੈਨੇਡਾ ਤੋਂ ਐਮਬੀਏ ਦੀ ਡਿਗਰੀ ਪ੍ਰਾਪਤ ਗੁਲਾਟੀ ਪਰਿਵਾਰ ਦੇ 29 ਸਾਲਾ ਲੜਕੇ, ਕੱਦ 6 ਫੁੱਟ 3 ਇੰਚ ਲਈ ਲੰਮੀਂ ਉੱਚੀ ਤੇ ਪੜ੍ਹੀ ਲਿਖੀ ਯੋਗ ਕੰਨਿਆ ਦੀ ਜ਼ਰੂਰਤ ਹੈ। ਤਰਨਤਾਰਨ ਵਿੱਚ ਪਰਿਵਾਰ ਦਾ ਜਿਊਲਰੀ ਦਾ ਕਾਰੋਬਾਰ ਹੈ। ਚਾਹਵਾਨ ਸੱਜਣ ਇਨ੍ਹਾਂ ਨੰਬਰਾਂ ਉੱਤੇ ਸੰਪਰਕ ਕਰ ਸਕਦੇ ਹਨ-9815908662, 9815032106,416-817-4684.

ਜੱਟ ਸਿੱਖ ਧਨੋਆ ਲੜਕਾ, ਉਮਰ 27 ਸਾਲ ਕੱਦ 5’11’’ ਮਿਕੈਨੀਕਲ ਇੰਜਨੀਅਰ ਅੰਮ੍ਰਿਤਧਾਰੀ ਵਿਜ਼ਿਟਰ ਵੀਜ਼ੇ ਉਤੇ ਆਏ, ਲਈ PR/Citizen/Studentਲੜਕੀ ਦੀ ਲੋੜ ਹੈ। ਲੜਕਾ ਆਪਣੇ ਮਾਮਾ-ਮਾਮੀ ਕੋਲ ਰਹਿ ਰਿਹਾ ਹੈ। ਤਲਾਕਸ਼ੁਦਾ ਉਤੇ ਵੀ ਗੌਰ ਕੀਤੀ ਜਾ ਸਕਦੀ ਹੈ। (Studentਦਾ ਖਰਚਾ ਵੀ ਕਰ ਸਕਦੇ ਹਾਂ) ਲੜਕੇ ਦਾ ਭਰਾ ਆਸਟ੍ਰੇਲੀਆ ਰਹਿ ਰਿਹਾ ਹੈ। ਸੰਪਰਕ: 416-708-4100

ਕੈਨੇਡੀਅਨ ਇਮੀਗ੍ਰੇਂਟ ਕੰਬੋਜ ਸਿੱਖ (ਚਤਰਥ) ਲੜਕਾ ਉਮਰ 32 ਸਾਲ 5’8’’ ਸੋਹਣਾ ਸੁਨੱਖਾ, ਲਈ ਪੜ੍ਹੀ ਲਿਖੀ ਕੈਨੇਡਾ ਰਹਿੰਦੀ ਲੜਕੀ ਦੀ ਲੋੜ ਹੈ। ਮੁੰਡੇ ਦਾ ਸਾਰਾ ਪਰਿਵਾਰ ਕੈਨੇਡਾ ਸੈਟਲਡ ਹੈ। ਸੰਪਰਕ: 780-297-7375

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’10’’, Dentist, MBAਆਸਟਰੇਲੀਆ ਵਿੱਚ ਵੱਰਕ ਪਰਮਿਟ ਤੇ ਰਹਿੰਦੇ ਲੜਕੇ ਲਈ ਵਧੀਆ ਪੜ੍ਹੀ-ਲਿਖੀ ਲੜਕੀ ਦੀ ਲੋੜ ਹੈ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ :647-280-6503 I +91-98142-02918 (Whatsapp)

Seeking a suitable match for their son, never married, 43 years, 6’ tall, fair, Ramdasia Gursikh, Amritdhari, Canadian citizen. Father class 1 retied officer and well settled family. Serious queries please respond on email sukhi_cancer@yahoo.com or call 416-721-5191 or 647-308-4411(contact after 5 pm)

## ਲੜਕੀ ਦੀ ਲੋੜ

ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ: ਇਸ ਸਮੇਂ ਵਿਜ਼ਿਟਰ ਵੀਜ਼ੇ ਉਤੇ ਕੈਨੇਡਾ ਵਿਚ ਰਹਿ ਰਹੇ ਸਿੱਖ ਅਰੋੜਾ ਲੜਕੇ ਲਈ ਯੋਗ ਕੰਨਿਆ ਦੀ ਜ਼ਰੂਰਤ ਹੈ। ਲੜਕੇ ਦੀ ਭੈਣ ਕੈਨੇਡਾ ਦੀ ਪੀ.ਆਰ. ਹੈ। ਪੰਜਾਬ ਵਿਚ ਚੰਗੀ ਜ਼ਮੀਨ ਅਤੇ ਬਿਜ਼ਨਸ ਹੈ। ਪਹਿਲੀ ਪਤਨੀ ਦੀ ਮੌਤ ਹੋ ਚੁੱਕੀ ਹੈ ਅਤੇ ਉਸ ਦਾ ਦੋ ਸਾਲ ਦਾ ਬੇਟਾ ਵੀ ਹੈ। ਜਾਤਪਾਤ ਦਾ ਕੋਈ ਫਰਕ ਨਹੀਂ। ਲੜਕੀ ਕੈਨੇਡਾ ਦੀ ਪੀ.ਆਰ. ਜਾਂ ਸਿਟੀਜਨ ਹੋਵੇ। ਸੰਪਰਕ: 647-625-5706

ਹਿੰਦੂ ਖਤਰੀ ਲੜਕਾ, ਕੱਦ 5’8’’, ਉਮਰ 28 ਸਾਲ, ਰੰਗ ਸਾਫ, ਯੋਗਤਾ ਬੈਚਲਰ ਇਨ ਹੋਸਪੀਟੇਲਟੀ ਮਨੇਜਮੈਂਟ। ਓਬਰਾਏ, ਤਾਜ ਵਰਗੇ ਚੰਗੀ ਕੰਪਨੀਆਂ ਵਿੱਚ 8 ਸਾਲ ਕੰਮ ਦਾ ਤਜ਼ਰਬਾ ਅਤੇ ਇੰਡੀਆ ਵਿੱਚੋਂ ਚੰਗੀ ਜੋਬ ਕਰਦੇ ਲੜਕੇ ਲਈ ਕੈਨੇਡੀਅਨ ਪੀ ਆਰ ਜਾਂ ਵਰਕ ਪਰਮਟ ਹੋਲਡਰ ਲੜਕੀ ਦੀ ਲੋੜ ਹੈ। ਪੰਜਾਬ ਭਾਖੜਾ ਨੰਗਲ ਨਾਲ ਸੰਬੰਧ ਰੱਖਦੇ ਹਨ। ਵਧੇਰੀ ਜਾਣਕਾਰੀ ਲਈ ਕਾਲ ਜਾਂ ਵਟਸਐਪ ਕਰੋ:+91-94173-58712

ਸੁੰਨਿਆਰਾ ਲੜਕਾ, ਉਮਰ 25 ਸਾਲ, ਕੱਦ 5’8’’, ਕੈਨੇਡੀਅਨ ਸਿਟੀਜ਼ਨ, ਵੈਲ ਸੇਟਲਡ, ਆਪਣਾ ਕਾਰੋਬਾਰ ਲਈ ਕੈਨੇਡੀਅਨ/ਅਮਰੀਕਨ ਸਿਟੀਜਨ ਜਾਂ ਪੀ ਆਰ ਲੜਕੀ ਦੀ ਲੋੜ ਹੈ। ਸਟੂਡੈਂਟ ਜਾਂ ਵਰਕ ਪਰਮਟ ਹੋਲਡਰ ਵੀ ਸੰਪਰਕ ਕਰ ਸਕਦੇ ਹਨ। ਕਿਰਪਾ ਕਰਕੇ ਆਪਣੇ ਬਰਾਦਰੀ ਵਾਲੇ ਹੀ ਸੰਪਰਕ ਕਰਨ। ਕਾਲ : 647-739-3600 ।

ਅਰੋੜਾ ਸਿੱਖ ਲੜਕਾ, ਉਮਰ 36 ਸਾਲ, ਕੱਦ 5’11’,ਕੈਨੈਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰ ਰਹੇ ਲੜਕੇ ਲਈ ਘਰੇਲੂ ਅਤੇ ਪੀ ਆਰ/ ਵਰਕ ਪਰਮਿਟ ਲੜਕੀ ਦੀ ਲੋੜ ਹੈ। ਕਿਰਪਾ 30 ਤੋ ਵੱਧ ਉਮਰ ਦੀਆਂ ਲੜਕੀਆਂ ਹੀ ਸੰਪਰਕ ਕਰਨ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਵਧੇਰੀ ਜਾਣਕਾਰੀ ਲਈ ਸੰਪਰਕ ਕਰੋ: 431-998-8022

ਜੱਟ ਸਿੱਖ ਲੜਕਾ, ਉਮਰ 27 ਸਾਲ, ਕੱਦ 5’11’’, ਕੈਨੇਡਾ ਵਿਚ ਪੀ ਆਰ ਹੈ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਸਟੂਡੈਂਟ ਵੀ ਸੰਪਰਕ ਕਰ ਸਕਦੇ ਹਨ। ਓਹੀ ਸੰਪਰਕ ਕਰਨ ਜੋ ਲੜਕੇ ਦੇ ਦੁਬਈ ਰੇਹਿੰਦੇ ਭਰਾ ਦਾ ਕੈਨੇਡਾ ਰਿਸ਼ਤਾ ਕਰਵਾ ਸਕਣ। ਕਾਲ ਕਰੋ ਲੋਕਲ: (587)-936-0127 ਜਾਂ ਇੰਡੀਆ: +91-94179-16049

ਜੱਟ ਸਿੱਖ ਲੜਕਾ, ਉਮਰ 28 ਸਾਲ, ਕੱਦ 5’7’’, ਕੈਨੇਡਾ ਵਿੱਚ ਵਰਕ ਪਰਮਿਟ ਤੇ ਰਹਿ ਰਿਹਾ ਅਤੇ ਚੰਗੀ ਜੋਬ ਕਰਦੇ ਲੜਕੇ ਲਈ ਪੀ ਆਰ ਜਾਂ ਸਿਟੀਜਨ , ਪੜੀ ਲਿਖੀ ਅਤੇ ਘਰੇਲੂ ਲੜਕੀ ਦੀ ਲੋੜ ਹੈ। ਲੜਕੇ ਦਾ ਸਾਰਾ ਪਰਿਵਾਰ ਕੇਨੈਡਾ ਵਿੱਚ ਪੀ ਆਰ ਅਤੇ ਵਧੀਆ ਸੈਟਲਡ ਹੈ। ਪੰਜਾਬ ਤੋਂ ਮਾਝੇ ਜਿਲ੍ਹੇਂ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ: 716-536-1939 ਜਾਂ ਵਟਸਐਪ ਕਰੋ: +91-98144-90449

## ਲੜਕੇ ਦੀ ਲੋੜ

Beautiful,well educated, 28 years old Punjabi Lubana girl, BSc software engineering from London England,project management from Canada,currently working with Suncor Company,PR IN CANADA. Looking for Sikh Sardar well educated Boy,cast no Bar,from Canada. Contact number 3238 470 404

**"Jat Sikh family seeking suitable match for their daughter 37 year 6 ft. tall, well versed with both cultures. Born & raised in Canada, did her medicine degree & residency (double in Emergency & Internal Medicine) in USA. A green card holder and willing to come to Canada as the opportune prevail. Please contact (519) 351-8043 or B200348@gmail.com"**

Seeking a suitable match for Canadian born punjabi tonk kshatriya girl, 36 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਜੱਟ ਸਿੱਖ ਢਿੱਲੋ ਲੜਕੀ, ਉਮਰ 31 ਸਾਲ, ਕੱਦ 5’-3’’, ਪੜ੍ਹੀ-ਲਿਖੀ ਤੇ ਕੈਨੇਡਾ ਵਿੱਚ P.R ਲੜਕੀ ਲਈ ਪੜ੍ਹਿਆ-ਲਿਖੀਆ P.R ਜਾਂ Work Permit/Visitor Visa ਤੇ ਆਏ ਲੜਕੇ ਦੀ ਲੋੜ ਹੈ। ਲੜਕੇ ਦੀ ਉਮਰ 28 ਸਾਲ ਤੋ ਘੱਟ ਨਾ ਹੋਵੇ ਤੇ ਨਸ਼ਿਆ ਤੋਂ ਰਹਿਤ ਹੋਵੇ। ਮਾਲਵੇ ਨੂੰ ਪਹਿਲ। ਸੰਪਰਕ ਕਰੋ: +91 98881-21412 ਜਾਂ +91 97802-16716

ਰਸੂਖ਼ਦਾਰ ਪੰਜਾਬੀ ਖੱਤਰੀ ਪਰਿਵਾਰ ਦੀ ਖੂਬਸੂਰਤ ਤੇ ਚੰਗੀ ਪੜ੍ਹੀ ਲਿਖੀ ਲੜਕੀ ਲਈ ਵੈੱਲਸੈਟਲਡ ਤੇ ਯੋਗ ਵਰ ਦੀ ਭਾਲ ਹੈ। ਲੜਕੀ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਜੀਆਈਐਸ ਐਂਡ ਰਿਮੋਟ ਸੈਂਸਿੰਗ ਵਿੱਚ ਪੋਸਟ ਗ੍ਰੈਜੂਏਟ ਹੈ। ਲੜਕੀ ਦੀ ਉਮਰ 29 ਸਾਲ, ਕੱਦ 5 ਫੁੱਟ 1 ਇੰਚ ਹੈ। ਲੜਕੀ ਸੁਸ਼ੀਲ ਤੇ ਪਰਿਵਾਰਪੱਖੀ ਸੋਚ ਰੱਖਣ ਵਾਲੀ ਹੈ। ਲੜਕੀ ਭਾਰਤ ਦੀ ਨਾਗਰਿਕ ਹੈ ਤੇ ਇਸ ਸਮੇਂ ਭਾਰਤ ਵਿੱਚ ਹੀ ਹੈ। ਭਰਾ ਦਾ ਪਰਿਵਾਰ ਸਥਾਈ ਤੌਰ ਉੱਤੇ ਟੋਰਾਂਟੋ ਸੈਟਲਡ ਹੈ। ਇਸ ਸਮੇਂ ਪਿਤਾ ਟੋਰਾਂਟੋ ਵਿੱਚ ਹਨ। ਸੰਪਰਕ : 416-890-2725 (ਪਿਤਾ), 416-457-8631 (ਭਰਾ), email- mthapar21@gmail.com

## ਲੜਕੇ ਦੀ ਲੋੜ

ਜੱਟ ਸਿੱਖ ਧਾਲੀਵਾਲ ਕੱਦ 5 ਫੁੱਟ 6 ਇੰਚ, ਉਮਰ 25 ਸਾਲ ਐਮਐਸਸੀ ਮੈਥ, ਇੰਡੀਆ ਵਿਚ ਰਹਿ ਰਹੀ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਇਮੀਗ੍ਰਾਂਟ ਜਾਂ ਸਿਟੀਜਨ ਲੜਕੇ ਦੀ ਲੋੜ ਹੈ। ਲੜਕੀ ਆਈਲਟਸ ਦਾ ਕੋਰਸ ਕਰ ਰਹੀ ਹੈ। ਜ਼ਿਆਦਾ ਜਾਣਕਾਰੀ ਲਈ ਹੇਠ ਲਿਖੇ ਨੰਬਰ ਉਤੇ ਸੰਪਰਕ ਕੀਤਾ ਜਾ ਸਕਦਾ ਹੈ। 613-799-8090, ਈਮੇਲ- Singhmanmohan2006@gmail.com

ਜੱਟ ਸਿੱਖ ਲੜਕੀ, ਉਮਰ 27 ਸਾਲ, ਕੱਦ 5’-5’’, MBA, ਕੈਨੇਡੀਅਨ ਪੀ ਆਰ ਵਧੀਆ ਜੋਬ ਕਰ ਰਹੀ ਲੜਕੀ ਲਈ ਜੱਟ ਸਿੱਖ ਪੜੇ ਲਿੱਖੇ,ਪੀ ਆਰ ਅਤੇ ਸੈਟਲਡ ਲੜਕੇ ਦੀ ਲੋੜ ਹੈ। ਟੋਰਾਂਟੋ/ਕੇਲਗਰੀ ਨੂੰ ਪਹਿਲ ਦਿੱਤੀ ਜਾਵੇਗੀ। ਕਾਲ ਕਰੋ:647-569-3479 ਜਾਂ ਵਟਸਐਪ +91-94640-41287

ਜੱਟ ਸਿੱਖ ਲੜਕੀ, 35 ਸਾਲ, ਕੱਦ 5’3’’, ਵਿਜੀਟਰ ਵੀਜ਼ੇ ਤੇ ਆਈ ਲੜਕੀ ਲਈ ਜੱਟ ਸਿੱਖ ਕੈਨੇਡੀਅਨ ਪੀ ਆਰ ਲੜਕੇ ਦੀ ਲੋੜ ਹੈ। ਕਾਲ 647-456-1772

ਜੱਟ ਸਿੱਖ ਗਿਲ ਲੜਕੀ, ਜਨਮ 1991, ਕੱਦ 5’-4’’, Btech Electrical, ਕੈਨੇਡੀਅਨ ਪੀ ਆਰ ਲਈ ਗੁਰਸਿੱਖ, ਪੜੇ ਲਿੱਖੇ ਅਤੇ ਸੈਟਲਡ ਲੜਕੇ ਦੀ ਲੋੜ ਹੈ। ਲੜਕੀ ਦਾ ਸਾਰਾ ਪਰਿਵਾਰ ਇੰਡੀਆ ਵਿੱਚ ਰਹਿੰਦਾ ਹੈ। ਇੰਡੀਆ ਰਹਿੰਦੇ ਲੜਕੇ ਵੀ ਸੰਪਰਕ ਕਰ ਸਕਦੇ ਹਨ। ਸੰਪਰਕ ਕਰੋ: +91-94640-34653

ਜੱਟ ਸਿੱਖ ਲੜਕੀ, ਉਮਰ 29 ਸਾਲ , ਕੱਦ 5’5’’, ਕਨੈਡੀਅਨ ਪੀ ਆਰ, M.A B.Ed , ਚੰਗੀ ਜੋਬ ਕਰ ਰਹੀ ਲੜਕੀ ਲਈ ਪੜ੍ਹਿਆ-ਲਿਖਿਆ, ਖਾਨਦਾਨੀ ਕੈਨੇਡੀਅਨ PR ਜਾਂ ਵੱਰਕ ਪਰਮਿਟ ਤੇ ਆਏ ਲੜਕੇ ਦੀ ਲੋੜ ਹੈ। ਸੰਪਰਕ ਕਰੋ : 437-233-7609 । ਟੋਰਾਂਟੋ ਰਹਿੰਦੇ ਲੜਕੇ ਨੂੰ ਪਹਿਲ ਦਿੱਤੀ ਜਾਵੇਗੀ।

Seeking a suitable match for Canadian born punjabi tonk kshatriya girl, 35 yrs old, 5'3", educated in accounting. Boy should be vegetarian and educated. No caste bar. Please send complete biodata and pictures at: canadian.alliance@yahoo.ca

ਸਿੱਖ ਲੜਕੀ, ਉਮਰ 24 ਸਾਲ, ਕੱਦ 5 ਫੁਟ 3 ਇੰਚ, ਇੰਡੀਆ ਵਿਚ ਰਹਿੰਦੀ, ਯੋਗਤਾ ਐਮ.ਕਾਮ. ਤੇ ਕਾਲਜ ਵਿਚ ਲੈਕਚਰਾਰ ਦੀ ਨੌਕਰੀ ਕਰ ਰਹੀ ਹੈ। ਨੈਨੀ ਦਾ ਕੋਰਸ ਕੀਤਾ ਹੋਇਆ ਹੈ। ਰੰਗ ਸਾਫ਼, ਸੋਹਣੀ ਸੁਨੱਖੀ ਲੜਕੀ ਲਈ ਕੈਨੇਡੀਅਨ ਪੀ.ਆਰ. ਸਿੱਖ ਲੜਕੇ ਦੀ ਲੋੜ ਹੈ। ਜਾਤੀ ਬੰਧਨ ਨਹੀਂ। ਲੜਕੀ ਦੇ ਭੂਆ ਜੀ ਕੈਨੇਡਾ ਵਿਚ ਸੈਟਲਡ ਹਨ। ਸੰਪਰਕ: 905-749-1654





ਫੋਨਾਂ ਦੇ ਸਸਤੇ ਪਲਾਨ ਗਾਰੰਟਿਡ
ਸਸਤੇ ਫੋਨਾਂ ਦੇ ਪਲਾਨ, ਕਿ ਸੁਣ ਕੇ ਹੋ ਜਾਉਗੇ ਹੈਰਾਨ,
ਇਕ ਵਾਰੀ ਅਜਮਾਓ ਤੇ ਫਿਰ ਹੋਰਾਂ ਨੂੰ ਵੀ ਲਿਆਓਂ
15 ਸਾਲਾਂ ਤੋ ਇਕੋ ਨਾਮ-ਇਕੋ ਦੁਕਾਨ
(905)790-9999
2565 Steeles Ave. E, Brampton (Steeles/Torbram)



# ਕੈਲਗਰੀ ਵਿੱਚ ਕੋਵਿਡ-19 ਦੇ 49 ਮਾਮਲੇ ਇੱਕ ਵਿਆਹ ਸਮਾਰੋਹ ਨਾਲ ਜੁੜੇ



ਕੈਲਗਰੀ, 22 ਅਕਤੂਬਰ (ਪੋਸਟ ਬਿਊਰੋ) : ਅਲਬਰਟਾ ਹੈਲਥ ਦਾ ਕਹਿਣਾ ਹੈ ਕਿ ਪ੍ਰੋਵਿੰਸ ਵਿਚ ਕੋਵਿਡ-19 ਦੇ 49 ਮਾਮਲੇ ਇੱਕ ਵਿਆਹ ਦੇ ਜਸ਼ਨਾਂ ਨਾਲ ਹੀ ਜੁੜੇ ਹੋਏ ਨਿਕਲੇ।

ਅਕਤੂਬਰ ਦੇ ਸ਼ੁਰੂ ਵਿਚ ਹੋਏ ਇਸ ਈਵੈਂਟ ਵਿੱਚ ਵੱਡੀ ਗਿਣਤੀ ਅਲਬਰਟਾ ਵਾਸੀਆਂ ਨੇ ਹਿੱਸਾ ਲਿਆ। ਇਹ ਖੁਲਾਸਾ ਅਲਬਰਟਾ ਹੈਲਥ ਦੇ ਬੁਲਾਰੇ ਟੌਮ ਮੈਕਮਿਲਨ ਨੇ ਕੀਤਾ। ਸਾਰੇ 49 ਕੇਸ ਐਕਟਿਵ ਹੀ ਪਾਏ ਗਏ ਹਨ ਤੇ ਇਸ ਸਬੰਧ ਵਿੱਚ ਕਾਂਟੈਕਟ ਟਰੇਸਿੰਗ ਵੀ ਪੂਰੇ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀ ਹੈ। ਮੈਕਮਿਲਨ ਨੇ ਆਖਿਆ ਕਿ ਅਜੇ ਤੱਕ ਇਹ ਸਪਸ਼ਟ ਨਹੀਂ ਹੋ ਸਕਿਆ ਕਿ ਕਿਸ ਕਾਰਨ ਐਨੇ ਸਾਰੇ ਲੋਕ ਇੱਕਠਿਆਂ ਕੋਵਿਡ-19 ਦਾ ਸ਼ਿਕਾਰ ਹੋਏ।

ਉਨ੍ਹਾਂ ਆਖਿਆ ਕਿ ਕਿਸੇ ਵੀ ਲਾਂਗ ਟਰਮ ਕੇਅਰ ਫੈਸਿਲਿਟੀ ਨਾਲ ਵੀ ਇਸ ਮਾਮਲੇ ਦਾ ਕੋਈ ਲੈਣਾ ਦੇਣਾ ਨਹੀਂ ਹੈ ਤੇ ਨਾ ਹੀ ਇਸ ਮਾਮਲੇ ਨਾਲ ਜੁੜਿਆ ਕੋਈ ਵਿਅਕਤੀ ਹਸਪਤਾਲ ਹੀ ਗਿਆ। ਉਨ੍ਹਾਂ ਇਹ ਗੱਲ ਜ਼ੋਰ ਦੇ ਕੇ ਆਖੀ ਕਿ ਸੋਸ਼ਲ ਇੱਕਠ ਅਜਿਹੀਆਂ ਆਊਟਬ੍ਰੇਕਸ ਦਾ ਸਰੋਤ ਹੋ ਸਕਦੇ ਹਨ। ਮੈਕਮਿਲਨ ਨੇ ਆਖਿਆ ਕਿ ਸੋਸ਼ਲ ਇੱਕਠਾਂ ਨਾਲ ਸਬੰਧਤ ਕਈ ਆਊਟਬ੍ਰੇਕ ਪਿੱਛੇ ਜਿਹੇ ਸਾਹਮਣੇ ਆਏ ਹਨ। ਇਹ ਅਲਬਰਟਾ ਵਾਸੀਆਂ ਲਈ ਵੱਡੀ ਚੁਣੌਤੀ ਹੈ ਕਿ ਵਾਇਰਸ ਅਜੇ ਖਤਮ ਨਹੀਂ ਹੋਇਆ ਤੇ ਕਿਸੇ ਵੀ ਸੋਸ਼ਲ ਇੱਕਠ ਵਿੱਚ ਇਸ ਤਰ੍ਹਾਂ ਦਾ ਐਕਸਪੋਜ਼ਰ ਹੋ ਸਕਦਾ ਹੈ।

ਉਨ੍ਹਾਂ ਆਖਿਆ ਕਿ ਜੇ ਲੋਕਾਂ ਨੂੰ ਕਿਸੇ ਤਰ੍ਹਾਂ ਦੇ ਲੱਛਣ ਨਜ਼ਰ ਆਉਂਦੇ ਹਨ ਤਾਂ ਉਹ ਇਸ ਤਰ੍ਹਾਂ ਦੇ ਇੱਕਠ ਵਿੱਚ ਜਾਣ ਤੋਂ ਬਚਣ।

# ਕੈਨੇਡਾ ਲਈ ਆਪਣੇ ਦਰ ਬੰਦ ਕਰੇਗੀ ਯੂਰਪੀਅਨ ਯੂਨੀਅਨ




ਬਰੱਸਲਜ਼, 22 ਅਕਤੂਬਰ (ਪੋਸਟ ਬਿਊਰੋ) : ਯੂਰਪੀਅਨ ਯੂਨੀਅਨ ਵੱਲੋਂ ਕੈਨੇਡਾ, ਟਿਊਨੇਸ਼ੀਆ ਤੇ ਜਾਰਜੀਆ ਨੂੰ ਉਨ੍ਹਾਂ ਦੇਸ਼ਾਂ ਦੀ ਸੂਚੀ ਵਿੱਚੋਂ ਹਟਾਉਣ ਦੀ ਯੋਜਨਾ ਉਲੀਕੀ ਗਈ ਹੈ ਜਿਨ੍ਹਾਂ ਦੇ ਵਾਸੀਆਂ ਨੂੰ ਕਰੋਨਾਵਾਇਰਸ ਮਹਾਂਮਾਰੀ ਦੌਰਾਨ ਬਲੌਕ ਦਾ ਦੌਰਾ ਕਰਨ ਦੀ ਇਜਾਜ਼ਤ ਦਿੱਤੀ ਜਾਣੀ ਚਾਹੀਦੀ ਹੈ। ਇਹ ਖੁਲਾਸਾ ਯੂਰਪੀਅਨ ਯੂਨੀਅਨ ਦੇ ਮਸਲਿਆਂ ਦੇ ਜਾਣਕਾਰ ਅਧਿਕਾਰੀਆਂ ਵੱਲੋਂ ਕੀਤਾ ਗਿਆ।

ਇਸ ਦੌਰਾਨ ਯੂਰਪੀਅਨ ਯੂਨੀਅਨ ਨੇ ਸਿੰਗਾਪੁਰ ਵਿੱਚ ਵਾਇਰਸ ਸਬੰਧੀ ਸੁਧਰ ਰਹੇ ਹਾਲਾਤ ਦੇ ਮੱਦੇਨਜ਼ਰ ਉੱਥੋਂ ਦੇ ਟਰੈਵਲਰਜ਼ ਲਈ ਆਪਣੇ ਦਰ ਖੋਲ੍ਹਣ ਦਾ ਫੈਸਲਾ ਕੀਤਾ ਹੈ। ਕਈ ਹੋਰਨਾਂ ਦੇਸ਼ਾਂ ਵਾਂਗ ਹੀ ਅਮਰੀਕਾ ਨੂੰ ਵੀ ਇਸ ਬਲੈਕਲਿਸਟ ਵਿੱਚ ਰੱਖਿਆ ਜਾਵੇਗਾ। ਯੂਰਪੀਅਨ ਯੂਨੀਅਨ ਵੱਲੋਂ ਟਰੈਵਲ ਸਬੰਧੀ ਦੋ ਮਹੀਨਿਆਂ ਵਿੱਚ ਪਹਿਲੀ ਵਾਰੀ ਜਾਰੀ ਕੀਤੀ ਗਈ ਇਹ ਸੂਚੀ 11 ਦੇਸ਼ਾਂ ਤੋਂ ਘਟ ਕੇ 9 ਦੇਸ਼ਾਂ ਦੀ ਰਹਿ ਗਈ ਹੈ। ਬਾਕੀ ਅੱਠ ਦੇਸ਼ ਹਨ ਆਸਟਰੇਲੀਆ, ਚੀਨ, ਜਾਪਾਨ, ਨਿਊਜ਼ੀਲੈਂਡ, ਰਵਾਂਡਾ, ਸਾਊਥ ਕੋਰੀਆ, ਥਾਈਲੈਂਡ ਤੇ ਉਰੂਗੁਏ।

ਇਹ ਸੂਚੀ ਉਸ ਸਮੇਂ ਅਪਡੇਟ ਕੀਤੀ ਗਈ ਹੈ ਜਦੋਂ ਯੂਰਪ ਵਿੱਚ ਹੀ ਅਜਿਹੇ ਮਾਮਲਿਆਂ ਵਿੱਚ ਕਾਫੀ ਵਾਧਾ ਦਰਜ ਕੀਤਾ ਜਾ ਰਿਹਾ ਹੈ। ਇਨ੍ਹਾਂ ਤਬਦੀਲੀਆਂ ਬਾਰੇ ਅਜੇ ਯੂਰਪੀਅਨ ਯੂਨੀਅਨ ਦੇ ਮੈਂਬਰ ਮੁਲਕਾਂ ਵੱਲੋਂ ਬੁੱਧਵਾਰ ਨੂੰ ਆਪਣੀ ਸਹਿਮਤੀ ਜਾਂ ਅਸਹਿਮਤੀ ਦਿੱਤੀ ਜਾਣੀ ਬਾਕੀ ਹੈ। ਇੱਕ ਤੀਜੀ ਯੋਜਨਾ, ਜਿਸ ਨਾਲ ਇਸ ਸੂਚੀ ਦਾ ਫੌਰਮੈਟ ਪ੍ਰਭਾਵਿਤ ਹੋ ਸਕਦਾ ਹੈ, ਯੂਰਪੀਅਨ ਯੂਨੀਅਨ ਵੱਲੋਂ ਬਲਾਕ ਦੇ ਵੀਜ਼ਾ ਨਿਯਮਾਂ ਕਾਰਨ ਹਾਂਗ ਕਾਂਗ ਤੇ ਮਕਾਊ ਨੂੰ ਵੱਖਰੇ ਰੀਜਨਜ਼ ਵਜੋਂ ਮਾਨਤਾ ਦੇਣ ਦਾ ਟੀਚਾ ਹੈ।

# ਪ੍ਰੀਖਿਆਵਾਂ ਨਾ ਕਰਵਾਉਣ ਨਾਲ ਸਾਡੇ ਪੋਸਟ ਸੈਕੰਡਰੀ ਪਲੈਨਜ਼ ਉਤੇ ਨਹੀ ਪਵੇਗਾ ਕੋਈ ਅਸਰ : ਯੂਨੀਵਰਸਿਟੀਜ਼



ਓਨਟਾਰੀਓ, 22 ਅਕਤੂਬਰ (ਪੋਸਟ ਬਿਊਰੋ): ਮਹਾਂਮਾਰੀ ਦੌਰਾਨ ਓਨਟਾਰੀਓ ਦੇ ਕਈ ਸਕੂਲ ਬੋਰਡਜ਼ ਵੱਲੋਂ ਵਿਦਿਆਰਥੀਆ ਦੇ ਇਮਤਿਹਾਨ ਨਾ ਲੈਣ ਦਾ ਫੈਸਲਾ ਕੀਤਾ ਗਿਆ ਹੈ। ਇਸ ਬਾਰੇ ਯੂਨੀਵਰਸਿਟੀਜ਼ ਦਾ ਕਹਿਣਾ ਹੈ ਕਿ ਇਸ ਨਾਲ ਉਨ੍ਹਾਂ ਦੇ ਪੋਸਟ ਸੈਕੰਡਰੀ ਪਲੈਨਜ਼ ਉੱਤੇ ਕੋਈ ਅਸਰ ਨਹੀਂ ਪਵੇਗਾ।

ਟੋਰਾਂਟੋ, ਪੀਲ ਰੀਜਨ ਤੇ ਦਰਹਾਮ ਰੀਜਨ ਦੇ ਸਕੂਲ ਬੋਰਡਜ਼ ਵੱਲੋਂ ਇਮਤਿਹਾਨ ਰੱਦ ਕਰਨ ਦਾ ਐਲਾਨ ਕੀਤਾ ਗਿਆ ਹੈ। ਇਨ੍ਹਾਂ ਬੋਰਡਜ਼ ਦਾ ਕਹਿਣਾ ਹੈ ਕਿ ਅਜਿਹਾ ਵਿਦਿਆਰਥੀਆਂ ਦੇ ਮਨਾਂ ਉੱਤੇ ਪਏ ਬੋਝ ਨੂੰ ਘੱਟ ਕਰਨ ਲਈ ਕੀਤਾ ਗਿਆ ਹੈ। ਇਸ ਦੇ ਨਾਲ ਹੀ ਬੋਰਡ ਨਹੀਂ ਚਾਹੁੰਦੇ ਕਿ ਵਿਦਿਆਰਥੀਆਂ ਨੂੰ ਹਾਸਲ ਹੋਣ ਵਾਲੀ ਸਿੱਖਿਆ ਦੇ ਮਿਆਰ ਉੱਤੇ ਨਕਾਰਾਤਮਕ ਅਸਰ ਪਵੇ।

ਦੂਜੇ ਪਾਸੇ ਯੂਨੀਵਰਸਿਟੀ ਆਫ ਟੋਰਾਂਟੋ ਦੇ ਪ੍ਰੋਵੋਸਟ ਐਡਵਾਈਜ਼ਰ ਡਵੇਨ ਬੈਂਜਾਮਿਨ ਨੇ ਆਖਿਆ ਕਿ ਜਦੋਂ ਦਾਖਲਿਆਂ ਦਾ ਸਮਾਂ ਆਵੇਗਾ ਉਦੋਂ ਯੂਨੀਵਰਸਿਟੀ ਲਚੀਲੀ ਪਹੁੰਚ ਅਪਨਾਉਣ ਲਈ ਤਿਆਰ ਰਹੇਗੀ। ਉਨ੍ਹਾਂ ਆਖਿਆ ਕਿ ਸਾਨੂੰ ਜਿਹੜੇ ਵੀ ਗ੍ਰੇਡ ਮੁਹੱਈਆ ਕਰਵਾਏ ਜਾਣਗੇ ਅਸੀ ਉਨ੍ਹਾਂ ਨਾਲ ਕੰਮ ਸਾਰਨ ਦੀ ਕੋਸ਼ਿਸ਼ ਕਰਾਂਗੇ।

ਰਾਇਰਸਨ ਯੂਨੀਵਰਸਿਟੀ ਦਾ ਕਹਿਣਾ ਹੈ ਕਿ ਹਾਈ ਸਕੂਲ ਅਧਿਆਪਕ ਵਿਦਿਆਰਥੀਆਂ ਦੇ ਅੰਕਾਂ ਦੇ ਮੁਲਾਂਕਣ ਦਾ ਜਿਹੜਾ ਵੀ ਤਰੀਕਾ ਅਪਨਾਉਣਗੇ, ਫਿਰ ਭਾਵੇਂ ਉਸ ਵਿੱਚ ਫਾਈਨਲ ਪ੍ਰੀਖਿਆ ਹੋਵੇ ਜਾਂ ਨਾ, ਉਹ ਫਾਈਨਲ ਗ੍ਰੇਡਜ਼ ਨੂੰ ਸਵੀਕਾਰ ਕਰਨਗੇ। ਯੂਨੀਵਰਸਿਟੀ ਆਫ ਵਾਟਰਲੂ ਨੇ ਵੀ ਇਹ ਸਪਸ਼ਟ ਕੀਤਾ ਹੈ ਕਿ ਜਿਹੜੇ ਨਤੀਜੇ ਵੀ ਉਸ ਨੂੰ ਜਮ੍ਹਾਂ ਕਰਵਾਏ ਜਾਣਗੇ ਉਨ੍ਹਾਂ ਨੂੰ ਸਵੀਕਾਰ ਕੀਤਾ ਜਾਵੇਗਾ।

ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ ਬੁਲਾਰੇ ਰਾਇਨ ਬਰਡ ਨੇ ਆਖਿਆ ਕਿ ਪ੍ਰੀਖਿਆ ਨੂੰ ਹਟਾਉਣ ਨਾਲ ਵਿਦਿਆਰਥੀਆਂ ਵੱਲੋਂ ਹਾਸਲ ਕੀਤੇ ਜਾਣ ਵਾਲੇ ਅੰਕਾਂ ਉੱਤੇ ਕੋਈ ਅਸਰ ਨਹੀਂ ਪਵੇਗਾ ਕਿਉਂਕਿ ਵਿਦਿਆਰਥੀਆਂ ਨੂੰ ਉਨ੍ਹਾਂ ਦੇ ਕੰਮ ਤੇ ਸਾਲ ਦੌਰਾਨ ਕਰਵਾਈ ਗਈ ਪੜ੍ਹਾਈ ਦੀ ਸਮਝ ਦੇ ਹਿਸਾਬ ਨਾਲ ਪਰਖਿਆ ਜਾਵੇਗਾ।

ਇਸੇ ਤਰ੍ਹਾਂ ਪੀਲ ਡਿਸਟ੍ਰਿਕਟ ਸਕੂਲ ਬੋਰਡ ਨੇ ਆਖਿਆ ਕਿ ਉਨ੍ਹਾਂ ਨੇ ਤਾਂ ਪ੍ਰੀਖਿਆਵਾਂ ਨੂੰ ਇਸ ਸਾਲ ਸ਼ਾਮਲ ਹੀ ਨਹੀਂ ਕੀਤਾ ਹੈ ਕਿਉਂਕਿ ਉਨ੍ਹਾਂ ਮੁਤਾਬਕ ਵਿਦਿਆਰਥੀਆਂ ਦੀ ਪੜ੍ਹਾਈ ਲਈ ਵਧਾਇਆ ਗਿਆ ਸਮਾਂ ਹੀ ਇਸ ਦਾ ਬਿਹਤਰੀਨ ਹੱਲ ਹੈ। ਦਰਹਾਮ ਡਿਸਟ੍ਰਿਕਟ ਸਕੂਲ ਬੋਰਡ ਵੱਲੋਂ ਪਹਿਲਾਂ ਹੀ ਸਿੱਖਿਆ ਮੰਤਰਾਲੇ ਨਾਲ ਪ੍ਰੀਖਿਆਵਾਂ ਹਟਾਉਣ ਦੀ ਗੱਲ ਕਰ ਲਈ ਗਈ ਸੀ ਕਿਉਂਕਿ ਬੋਰਡ ਮੁਤਾਬਕ ਨਵੀ ਖੋਜ ਤੋਂ ਸਿੱਧ ਹੋਇਆ ਹੈ ਕਿ ਕੈਨੇਡਾ ਦੇ ਵਿਦਿਆਰਥੀਆਂ ਨੂੰ ਇਸ ਤਰ੍ਹਾਂ ਦੇ ਟਾਸਕਸ ਨਾਲ ਕਾਫੀ ਤਣਾਅ ਵਿੱਚੋਂ ਲੰਘਣਾ ਪੈ ਰਿਹਾ ਹੈ।

ਫੈਨਸਾਂ ਜਾਂ ਘਰਾਂ ਦੇ ਰੰਗ ਕਰਨ ਲਈ ਇਕੋ ਨਾਂ, ਇਕੋ ਨੰ:
647 202 7902 ਜਾਂ 647 794 6514
8 ਸਾਲਾਂ ਦਾ ਤਜ਼ਰਬਾ । ਵਾਜਿਬ ਰੇਟ ਤੇ ਸਮੇ ਸਿਰ ਕੰਮ
ਰੇਟ: $14/ਘੰਟਾ

# ਟਰੰਪ ਸਰਕਾਰ ਦੇ ਐਚ1-ਬੀ ਵੀਜ਼ਾ ਬਾਰੇ ਨਵੇਂ ਨਿਯਮਾਂ ਨੂੰ ਚੁਣੌਤੀ

ਵਾਸ਼ਿੰਗਟਨ, 22 ਅਕਤੂਬਰ (ਪੋਸਟ ਬਿਊਰੋ)- ਯੂ ਐਸ ਚੈਂਬਰਜ਼ ਆਫ ਕਾਮਰਸ ਅਤੇ ਨੈਸ਼ਨਲ ਐਸੋਸੀਏਸ਼ਨ ਆਫ ਮੈਨੂਫੈਕਚਰਰਜ਼ ਸਣੇ ਕਈ ਸੰਗਠਨਾ ਨੇ ਟਰੰਪ ਪ੍ਰਸ਼ਾਸਨ ਦੇ ਐਚ1-ਬੀ ਵੀਜ਼ਾ ਬਾਰੇ ਨਵੇਂ ਨਿਯਮਾਂ ਖਿਲਾਫ ਅਦਾਲਤ ਤੱਕ ਪਹੁੰਚ ਕੀਤੀ ਹੈ। ਇਨ੍ਹਾਂ ਜਥੇਬੰਦੀਆਂ ਨੇ ਨਵੇਂ ਨਿਯਮਾਂ ਨੂੰ ਮਨਮਾਨੇ ਅਤੇ ਬੇਤਰਤੀਬੇ ਕਰਾਰ ਦਿੰਦਿਆਂ ਕਿਹਾ ਹੈ ਕਿ ਇਹ ਅਮਰੀਕਾ ਵਿੱਚ ਹੁਨਰਮੰਦ ਪਰਵਾਸ ਨੂੰ ਕਮਜ਼ੋਰ ਕਰਨਗੇ।

ਇਸ ਮਹੀਨੇ ਦੇ ਸ਼ੁਰੂ ਵਿਚ ਟਰੰਪ ਪ੍ਰਸ਼ਾਸਨ ਨੇ ਐਚ1-ਬੀ ਗੈਰ ਪਰਵਾਸੀ ਵੀਜ਼ਾ ਪ੍ਰੋਗਰਾਮ ’ਤੇ ਕਈ ਨਵੀਆਂ ਪਾਬੰਦੀਆਂ ਦਾ ਐਲਾਨ ਕੀਤਾ ਸੀ, ਜਿਸ ਬਾਰੇ ਕਿਹਾ ਗਿਆ ਸੀ ਕਿ ਇਹ ਅਮਰੀਕੀ ਕਾਮਿਆਂ ਦੀ ਰੱਖਿਆ ਕਰਨ, ਉਨ੍ਹਾਂ ਦੀ ਇਮਾਨਦਾਰੀ ਵਿਚ ਭਰੋਸਾ ਪ੍ਰਗਟਾਉਣ ਅਤੇ ਐਚ1-ਬੀ ਪਟੀਸ਼ਨਾਂ ਕੇਵਲ ਯੋਗ ਲਾਭ ਪਾਤਰੀਆਂ ਤੇ ਪਟੀਸ਼ਨਰਾਂ ਲਈ ਯਕੀਨੀ ਬਣਾਉਣ ਖਾਤਰ ਕੀਤਾ ਗਿਆ ਹੈ। ਇਸ ਕਦਮ ਨਾਲ ਹਜ਼ਾਰਾਂ ਭਾਰਤੀ ਆਈ ਟੀ ਪ੍ਰੋਫੈਸ਼ਨਲ ਪ੍ਰਭਾਵਿਤ ਹੋਣਗੇ। ਇਨ੍ਹਾਂ ਜਥੇਬੰਦੀਆਂ ਨੇ ਦੋਸ਼ ਲਾਇਆ ਕਿ ਜੇਕਰ ਐਚ1-ਬੀ ਵੀਜ਼ਿਆਂ ਸਬੰਧੀ ਨੁਕਸਾਨ ਦਾਇਕ ਅਤੇ ਬੇਤਰਤੀਬੇ ਨਿਯਮਾਂ ਨੂੰ ਲਾਗੂ ਕੀਤਾ ਜਾਂਦਾ ਹੈ, ਤਾਂ ਅਮਰੀਕਾ ਆਧਾਰਤ ਹਜ਼ਾਰਾਂ ਕਾਮੇ ਪ੍ਰਭਾਵਿਤ ਹੋਣਗੇ ਤੇ ਉਤਪਾਦਕਾਂ ਦੀ ਬੇਹੱਦ ਹੁਨਰਮੰਦ ਕਾਮਿਆਂ ਦੀ ਭਰਤੀ ਦੀ ਸਮਰੱਥਾ ’ਤੇ ਮਾੜਾ ਅਸਰ ਪਾਉਣਗੇ। ਅਮਰੀਕਾ ਦੇ ਲੇਬਰ ਵਿਭਾਗ ਦੇ ਐਚ1-ਬੀ ਵੀਜ਼ਿਆਂ ਦੁ ਤਾਜ਼ਾ ਨਿਯਮਾਂ ਨੂੰ ਅਦਾਲਤੀ ਚੁਣੌਤੀ ਦੇ ਰਹੀਆਂ ਜਥੇਬੰਦੀਆਂ ਵਿਚ ਯੂਨੀਵਰਸਿਟੀਆਂ ਅਤੇ ਕਾਰੋਬਾਰੀ ਵੀ ਸ਼ਾਮਲ ਹਨ।

# ਵਰਚੂਅਲ ਲਰਨਿੰਗ ਅਪਨਾਉਣ ਵਾਲੇ 2000 ਵਿਦਿਆਰਥੀਆਂ ਨੂੰ ਅਜੇ ਵੀ ਲੈਪਟੌਪਜ਼ ਤੇ ਟੇਬਲੈੱਟਸ ਦਾ ਇੰਤਜ਼ਾਰ



ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਵਰਚੂਅਲ ਲਰਨਿੰਗ ਅਪਨਾਉਣ ਵਾਲੇ ਟੋਰਾਂਟੋ ਡਿਸਟ੍ਰਿਕਟ ਸਕੂਲ ਬੋਰਡ ਦੇ 2000 ਵਿਦਿਆਰਥੀਆਂ ਨੂੰ ਅਜੇ ਵੀ ਲੈਪਟੌਪਜ਼ ਤੇ ਟੇਬਲੈੱਟਸ ਦਾ ਇੰਤਜ਼ਾਰ ਹੈ।

ਟੀਡੀਐਸਬੀ ਦੇ ਆਈ ਟੀ ਸਬੰਧੀ ਐਗਜ਼ੈਕਟਿਵ ਆਫੀਸਰ ਨੇ ਦੱਸਿਆ ਕਿ ਬੋਰਡ ਨੇ 10,000 ਨਵੀਆਂ ਡਿਵਾਇਸਿਜ਼ ਦਾ ਆਰਡਰ ਕੀਤਾ ਹੈ ਪਰ ਅਜੇ ਤੱਕ ਸਾਰੇ ਵਿਦਿਆਰਥੀਆਂ ਨੂੰ ਇਹ ਡਿਵਾਇਸਿਜ਼ ਹਾਸਲ ਨਹੀਂ ਹੋ ਪਾਈਆਂ ਹਨ। ਪੀਟਰ ਸਿੰਘ ਨੇ ਆਖਿਆ ਕਿ ਇਹ ਦੇਰ ਕ੍ਰੋਮਬੁੱਕਜ਼ ਤੇ ਆਈਪੈਡਜ਼ ਦੀ ਕੈਨੇਡਾ ਭਰ ਵਿੱਚ ਵਧੀ ਮੰਗ ਕਾਰਨ ਹੋਈ ਹੈ।

ਉਨ੍ਹਾਂ ਆਖਿਆ ਕਿ ਬੋਰਡ ਨੂੰ ਆਸ ਹੈ ਕਿ ਅਗਲੇ ਪੰਜ ਤੋਂ ਅੱਠ ਦਿਨਾਂ ਵਿੱਚ ਰਹਿੰਦੇ ਵਿਦਿਆਰਥੀਆਂ ਨੂੰ ਵੀ ਇਹ ਡਿਵਾਇਸਿਜ਼ ਮਿਲ ਜਾਣਗੀਆਂ। ਟੀਡੀਐਸਬੀ ਨੇ ਬਸੰਤ ਵਿੱਚ ਆਪਣੇ ਵਿਦਿਆਰਥੀਆਂ ਨੂੰ 60,000 ਡਿਵਾਇਸਿਜ਼ ਦਿੱਤੀਆਂ ਸਨ।

MARVES HARDWOOD FLOORING




John
416-787-6551

ਕੈਨੇਡੀਅਨ ਪੰਜਾਬੀ ਪੋਸਟ
Award winning news paper | Canadian Punjabi Post

CLASSIFIEDS

Starting at just $10
ਕਿਸੇ ਵੀ ਤਰ੍ਹਾਂ ਦੀ ਐਡ ਦੇਣ ਲਈ
ਕਾਲ ਕਰੋ: 905-793-2202

jobs! jobs! jobs! jobs! jobs!

DUNDAS·JAFINE

HELP WANTED
ਕਾਮਿਆਂ ਦੀ ਲੋੜ
ਜਨਰਲ ਲੇਬਰ ਦਾ ਕੰਮ ਉਪਲੱਬਧ ਹੈ

ਬਰੈਂਪਟਨ ਦੇ ਇਲਾਕੇ ਡੰਡਾਸ ਜੈਫਿਨ, Air Distribution Products ਦੀ Leading Manufacture company HVAC Industry ਲਈ ਫੁੱਲ ਟਾਈਮ ਪੋਜੀਸ਼ਨ ਉਪਲੱਬਧ ਹੈ।
ਤਿੰਨੋਂ ਸ਼ਿਫਟਾਂ : Day ਅਤੇ Afternoon Available ਹਨ

ਕਾਮਿਆਂ ਨੂੰ ਹੇਠ ਲਿਖੇ ਕਾਰਨ ਵਿੱਚ ਸਮਰੱਥ ਹੋਣਾ ਜਰੂਰੀ ਹੈ:
* ਸੁਤੰਤਰ ਤੌਰ ਤੇ ਕੰਮ ਕਰੋ * 20Lbs ਤੱਕ ਭਾਰ ਚੁੱਕ ਸਕਣ
* ਆਪਣੇ Safety Shoes ਹੋਣੇ ਚਾਹੀ ਦੇ ਹਨ

ਅਪਲਾਈ ਕਰਨ ਲਈ ਆਪ ਪਹੁੰਚੋ:
110 Glidden Rd., Brampton

ਜਾਂ ਫੇਰ ਈ-ਮੇਲ ਕਰੋ:
jbrown@dundasjafine.com
kkaur@dundasjafine.com

CALL TODAY FOR ANY CLASSIFIED OR MATRIMONIAL AD !!!
905-793-2202

GREAT OPPOURTUNITY TO INVEST IN NIAGRA FALLS



- Freehold Traditional 2-Storey townhouse
- 3 Bedroom + 2 Bedroom finished basement
- Deposit less than 10% in 5 months

Starting from low 400,000

✓ Freehold ✓ 25x100ft lot
✓ Individual Yard & Driveway ✓ Finished Basement

40k Deposit Structure
$10,000 Submitted with offer
$10,000 Submitted 90 days after Offer Date
$20,000 Submitted 150 days after Offer Date

Jagdish Grewal
Sales Representative



Residential | Commercial | Investment
(416) 970-5005
Century 21 President Realty Inc Brokerage* Independently Owned and Operated.
www.vipcondonetwork.com
27 Armthorpe Rd Brampton #3, ON L6T 5M4 | Fax : 905-488-2101
Office: 905-488-2100 Ext. 348

A/Z CITY DRIVER WANTED
INNOVATION Transportation
○A/Z City Drivers Needed
○Good Pay and good Mileage
○Day, Afternoon & Weekend Shifts
○Weekly Pay
$22 /Hour
○7 Days Work ○All Shifts Available
Toronto ਤੇ Montreal ਲਈ ਵੀ ਡਰਾਇਵਰਾਂ ਦੀ ਲੋੜ ਹੈ
Call : 416- 268-9952
70 Delta Park Blvd, Unit # 4, Brampton

Call for Free Estimates
A-1 RENOVATION GTA INC
$1,000
416-456-1462
OVER 15 YEARS OF SERVICE
Professionals in Completing Basements within 3 Weeks
info@a1renovationgta.com
www.a1renovationgta.com
Services:
• Complete Basement
• Tiles
• Bathrooms
• Plumbing
• Laminate
• Hardwood Floor
• Painting
A-1 RENOVATION GTA INC.
22 Listcreek Road, Brampton L6p 2n6

ਕੀ ਤੁਸੀਂ ਕੰਮ ਲੱਭ ਰਹੇ ਹੋ?
ਤਾਂ ਅੱਜ ਹੀ ਕਾਲ ਕਰੋ!
AL EMPLOYMENT SERVICES INC
Looking for Experienced:
○ Machine Operators ○ AZ-DZ Drivers
○ Forklift Driver ○ Machine Mechanic
○ Millwright’s
(905) 564-2322 | (416) 700 0011
Monday-Friday (10am to 5:30pm)
6630 Tomken Rd., Mississauga, L5T 1N1

HOMELIFE SILVERCITY Realty Inc. Brokerage
Kulwinder Chhina
SALES REPRESENTATIVE
647.293.2327
www.Kulwinderchhina.com



CELLNTELL DISTRIBUTION INC
1-401 Traders Blvd E, Mississauga. ON
Requires F/T Permanent Position. "General Manager Financial Communication and Services to do the following:
• Create and establish finance operational methods /policies or strategies by evaluating trends to increase the growth of business.
• Determine the company's mission and strategic direction as conveyed through policies and concrete objectives which are met through the effective management of human, financial and material resources
• Authorize and organize the establishment of major departments and associated senior staff positions
• Plan, Monitor and review job contributions and compensation strategies.
• Establish productivity, quality and customer service strategies.
• Conduct operation strategies to improve, reduce cost and system enhancement.
• Monitor and Manage support services for accounts and finance. Facilitate coordination and communication between support functions.
• Represent the organization, or delegate representatives to act in negotiations or other official functions.
Salary: $58 per hour with 35hrs week, Experience:5 yrs, Bachelor's Degree (Required) with English Proficiency.
Email Resume : umar.w@cellntell.com

PESTAGON Ltd
PEST CONTROL SERVICES
* RESIDENTIAL * COMMERCIAL
LICENCED BY GOVERNMENT
INSURED & BONDED
EVERY SERVICE
WITH WARRANTY
SERVING GTA
416 822 2590
Ants, Wasp, Centepede, Fleas, Bed Bugs

(905)793-2202
You can Place Your Business Here
To Reach Wider Audience

# ਕੰਜ਼ਰਵੇਟਿਵਾਂ ਵੱਲੋਂ ਕੈਨੇਡੀਅਨਾਂ ਨੂੰ ਚੋਣਾਂ ਵਿੱਚ ਧੱਕਿਆ ਜਾ ਰਿਹਾ ਹੈ : ਟਰੂਡੋ



ਓਟਵਾ, 22 ਅਕਤੂਬਰ (ਪੋਸਟ ਬਿਊਰੋ) : ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਆਖਿਆ ਕਿ ਕੋਵਿਡ-19 ਮਹਾਂਮਾਰੀ ਦੀ ਦੂਜੀ ਲਹਿਰ ਦੌਰਾਨ ਕੈਨੇਡੀਅਨਾਂ ਨੂੰ ਚੋਣਾਂ ਵਿੱਚ ਧੱਕਿਆ ਜਾ ਰਿਹਾ ਹੈ।

ਲਿਬਰਲਾਂ ਦਾ ਕਹਿਣਾ ਹੈ ਕਿ ਅੱਜ ਕੰਜ਼ਰਵੇਟਿਵਾਂ ਵੱਲੋਂ ਲਿਆਂਦੇ ਜਿਸ ਮਤੇ ਉੱਤੇ ਬਹਿਸ ਹੋਵੇਗੀ ਉਹ ਭਰੋਸੇ ਦਾ ਮੁੱਦਾ ਹੀ ਹੈ। ਉਨ੍ਹਾਂ ਚੇਤਾਵਨੀ ਦਿੱਤੀ ਕਿ ਸਪੈਸ਼ਲ ਕੋਵਿਡ-19 ਸਪੈਂਡਿੰਗ ਕਮੇਟੀ ਕਾਇਮ ਕਰਨ ਦੇ ਮਤੇ ਨਾਲ ਫੈਡਰਲ ਚੋਣਾਂ ਦਾ ਮੁੱਢ ਬੰਨ੍ਹ ਸਕਦਾ ਹੈ। ਟਰੂਡੋ ਨੇ ਆਖਿਆ ਕਿ ਕੰਜ਼ਰਵੇਟਿਵ ਕੋਵਿਡ-19 ਰਲੀਫ ਪ੍ਰੋਗਰਾਮਜ਼ ਲਈ ਜਾਰੀ ਕੀਤੇ ਪਬਲਿਕ ਫੰਡਾਂ ਦੀ ਦੁਰਵਰਤੋਂ ਦੇ ਦੋਸ਼ਾਂ ਦੀ ਜਾਂਚ ਕਰਵਾਉਣ ਲਈ ਸਪੈਸ਼ਲ ਕਮੇਟੀ ਕਾਇਮ ਕਰਨ ਵਾਸਤੇ ਦਬਾਅ ਪਾ ਰਹੇ ਹਨ।

ਇਸ ਵਿੱਚ ਵੂਈ ਚੈਰਿਟੀ ਨੂੰ ਇੱਕ ਵਾਰੀ ਦੇ ਕੇ ਵਾਪਿਸ ਲਏ ਗਏ ਫੰਡਾਂ ਦੀ ਜਾਂਚ ਕਰਵਾਉਣ ਦੀ ਵੀ ਗੱਲ ਆਖੀ ਜਾ ਰਹੀ ਹੈ। ਟਰੂਡੋ ਨੇ ਆਖਿਆ ਕਿ ਇਹ ਸਪਸ਼ਟ ਤੌਰ ਉੱਤੇ ਭਰੋਸੇ ਦਾ ਮਾਮਲਾ ਹੈ ਕਿਉਂਕਿ ਕੰਜ਼ਰਵੇਟਿਵ ਇਸ ਕਮੇਟੀ ਨੂੰ ਭ੍ਰਿਸ਼ਟਾਚਾਰ ਵਿਰੋਧੀ ਪੈਨਲ ਆਖ ਰਹੇ ਹਨ। ਕੰਜ਼ਰਵੇਟਿਵ ਆਗੂ ਐਰਿਨ ਓਟੂਲ ਵੱਲੋਂ ਪ੍ਰਧਾਨ ਮੰਤਰੀ ਉੱਤੇ ਇਹ ਦੋਸ਼ ਲਾਇਆ ਜਾ ਰਿਹਾ ਹੈ ਕਿ ਉਹ ਵੂਈ ਚੈਰਿਟੀ ਬਾਰੇ ਸਵਾਲਾਂ ਦੇ ਜਵਾਬ ਦੇਣ ਤੋਂ ਟਲ ਰਹੇ ਹਨ ਤੇ ਇਸ ਨਾਲ ਚੋਣਾਂ ਲਈ ਰਾਹ ਪੱਧਰਾ ਹੋ ਸਕਦਾ ਹੈ।

ਕੰਜ਼ਰਵੇਟਿਵ ਐਮਪੀ ਮਾਰਕ ਸਟ੍ਰਾਹਲ ਦਾ ਕਹਿਣਾ ਹੈ ਕਿ ਲਿਬਰਲ ਸਿਹਤ, ਵਿੱਤ ਤੇ ਐਥਿਕਸ ਕਮੇਟੀਆਂ ਨੂੰ ਬੰਦ ਕਰ ਰਹੇ ਹਨ ਤੇ ਅਜੇ ਵੀ ਉਨ੍ਹਾਂ ਦੀ ਹਿੰਮਤ ਹੈ ਕਿ ਉਹ ਕੰਜ਼ਰਵੇਟਿਵਾਂ ਨੂੰ ਹੀ ਦੋਸ਼ ਦੇ ਰਹੇ ਹਨ। ਉਨ੍ਹਾਂ ਆਖਿਆ ਕਿ ਕੰਜ਼ਰਵੇਟਿਵਾਂ ਨੂੰ ਇਸ ਤਰ੍ਹਾਂ ਧਮਕਾਇਆ ਜਾਂ ਡਰਾਇਆ ਨਹੀਂ ਜਾ ਸਕਦਾ। ਦੂਜੇ ਪਾਸੇ ਐਨਡੀਪੀ ਆਗੂ ਜਗਮੀਤ ਸਿੰਘ ਇਸ ਨੂੰ ਘੱਟ ਅਹਿਮ ਮਾਮਲਾ ਮੰਨਦੇ ਹਨ ਤੇ ਉਨ੍ਹਾਂ ਇਹ ਨਹੀਂ ਦੱਸਿਆ ਕਿ ਉਹ ਜਾਂ ਉਨ੍ਹਾਂ ਦੀ ਪਾਰਟੀ ਇਸ ਮਾਮਲੇ ਵਿੱਚ ਕਿਸ ਤਰ੍ਹਾਂ ਵੋਟ ਕਰਨ ਬਾਰੇ ਸੋਚ ਰਹੀ ਹੈ।

ਐਮਪੀਜ਼ ਵੱਲੋਂ ਬੁੱਧਵਾਰ ਨੂੰ ਇਸ ਮਤੇ ਉੱਤੇ ਵੋਟ ਪਾਈ ਜਾਵੇਗੀ।

# ਵਿੰਨ ਵੱਲੋਂ 2022 ਵਿੱਚ ਚੋਣਾਂ ਵਿੱਚ ਖੜ੍ਹੇ ਨਾ ਹੋਣ ਦਾ ਐਲਾਨ



ਓਨਟਾਰੀਓ, 22 ਅਕਤੂਬਰ (ਪੋਸਟ ਬਿਊਰੋ) : ਉਹ ਓਨਟਾਰੀਓ ਦੀ ਪਹਿਲੀ ਮਹਿਲਾ ਪ੍ਰੀਮੀਅਰ ਸੀ ਤੇ ਉਨ੍ਹਾਂ 19 ਸਾਲ ਵਿਧਾਨਸਭਾ ਦੀ ਸੇਵਾ ਕੀਤੀ। ਪਰ ਮੰਗਲਵਾਰ ਨੂੰ ਕੈਥਲੀਨ ਵਿੰਨ ਨੇ ਐਲਾਨ ਕੀਤਾ ਕਿ ਉਹ ਅਗਲੀਆਂ ਚੋਣਾਂ ਵਿੱਚ ਖੜ੍ਹੀ ਨਹੀਂ ਹੋਵੇਗੀ।

ਵਿੰਨ ਦੇ ਇਸ ਫੈਸਲੇ ਤੋਂ ਬਾਅਦ ਸਰਕਾਰੀ ਅਧਿਕਾਰੀਆਂ ਵੱਲੋਂ ਪ੍ਰਤੀਕਿਰਿਆ ਪ੍ਰਗਟਾਈ ਗਈ। ਓਨਟਾਰੀਓ ਦੇ ਪ੍ਰੀਮੀਅਰ ਡੱਗ ਫੋਰਡ ਵੀ ਇਸ ਮਾਮਲੇ ਵਿੱਚ ਪਿੱਛੇ ਨਹੀਂ ਰਹੇ। ਫੋਰਡ ਨੇ ਆਖਿਆ ਕਿ ਉਹ ਸਿਆਸਤ ਤੇ ਇਨਸਾਨ ਵਿੱਚ ਫਰਕ ਕਰਨਾ ਜਾਣਦੇ ਹਨ। ਕੈਥਲੀਨ ਵਿੰਨ ਬਹੁਤ ਹੀ ਚੰਗੀ ਇਨਸਾਨ ਹੈ। ਉਨ੍ਹਾਂ ਆਖਿਆ ਕਿ ਪ੍ਰੋਵਿੰਸ ਦੇ ਇਤਿਹਾਸ ਵਿੱਚ 25 ਹੋਰ ਅਜਿਹੇ ਸ਼ਖਸ ਹਨ ਜਿਹੜੇ ਇਸ ਅਹੁਦੇ ਉੱਤੇ ਰਹਿ ਕੇ ਕੰਮ ਕਰਨ ਦੀ ਅਹਿਮੀਅਤ ਸਮਝ ਸਕਦੇ ਹਨ।

ਜਦੋਂ ਵਿੰਨ ਤੋਂ ਇਹ ਪੁੱਛਿਆ ਗਿਆ ਕਿ ਉਨ੍ਹਾਂ ਨੂੰ ਕੀ ਲੱਗਦਾ ਹੈ ਕਿ ਫੋਰਡ ਵੱਲੋਂ ਹੁਣ ਤੱਕ ਮਹਾਂਮਾਰੀ ਨੂੰ ਕਿਸ ਤਰ੍ਹਾਂ ਸਾਂਭਿਆ ਜਾ ਰਿਹਾ ਹੈ ਤਾਂ ਉਨ੍ਹਾਂ ਆਖਿਆ ਕਿ ਉਨ੍ਹਾਂ ਨੂੰ ਲੱਗਦਾ ਹੈ ਕਿ ਫੋਰਡ ਦਾ ਕੱਦ ਇਸ ਦੌਰਾਨ ਕਾਫੀ ਵੱਡਾ ਹੋਇਆ ਹੈ। ਵਿੰਨ ਨੇ ਆਖਿਆ ਕਿ ਕਈ ਹੋਰ ਮਾਮਲਿਆਂ ਵਿੱਚ ਜੋ ਕੁੱਝ ਵੀ ਫੋਰਡ ਨੇ ਕੀਤਾ ਉਸ ਵਿੱਚ ਦਿੱਕਤਾਂ ਹੋ ਸਕਦੀਆਂ ਹਨ ਪਰ ਜਦੋਂ ਸਵੇਰੇ ਤੜ੍ਹਕੇ 3:00 ਵਜੇ ਜਾਗ ਕੇ ਪ੍ਰੋਵਿੰਸ ਨੂੰ ਸਾਂਭਣਾ ਪੈਂਦਾ ਹੈ ਉਹ ਉਸ ਜ਼ਿੰਮੇਵਾਰੀ ਨੂੰ ਸਮਝ ਸਕਦੀ ਹੈ ਕਿਉਂਕਿ ਉਹ ਵੀ ਇਸ ਅਹੁਦੇ ਉੱਤੇ ਰਹਿ ਚੁੱਕੀ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਮੰਗਲਵਾਰ ਨੂੰ ਜਦੋਂ ਪ੍ਰੀਮੀਅਰ ਫੋਰਡ ਵਿਧਾਨਸਭਾ ਵਿੱਚ ਵਿੰਨ ਨੂੰ ਸਨਮਾਨਿਤ ਕਰ ਰਹੇ ਸਨ ਤਾਂ ਐਨਡੀਪੀ ਤੇ ਉਨ੍ਹਾਂ ਦੀ ਆਗੂ ਐਂਡਰੀਆ ਹੌਰਵਥ ਤਰ੍ਹਾਂ ਤਰ੍ਹਾਂ ਦੇ ਸਵਾਲ ਕਰਕੇ ਮਾਹੌਲ ਨੂੰ ਭਾਰੀ ਕਰ ਰਹੇ ਸਨ। ਓਨਟਾਰੀਓ ਦੇ ਮੌਜੂਦਾ ਲਿਬਰਲ ਆਗੂ ਸਟੀਵਨ ਡੈਲ ਡੂਕਾ ਨੇ ਟਵੀਟ ਕਰਕੇ ਪਬਲਿਕ ਆਫਿਸ ਵਿੱਚ ਗੁਜ਼ਾਰੇ ਸਮੇਂ ਲਈ ਵਿੰਨ ਦਾ ਧੰਨਵਾਦ ਕੀਤਾ ਤੇ ਬਾਅਦ ਵਿੱਚ ਟੋਰਾਂਟੋ ਦੇ ਮੇਅਰ ਜੌਹਨ ਟੋਰੀ ਨੇ ਵੀ ਵਿੰਨ ਦਾ ਧੰਨਵਾਦ ਕੀਤਾ। ਟੋਰੀ ਨੇ ਟਵੀਟ ਕਰਕੇ ਆਖਿਆ ਕਿ ਸਿਆਸੀ ਵਿਰੋਧੀ ਤੇ ਚੰਗੀ ਦੋਸਤ ਵਜੋਂ ਕੈਥਲੀਨ ਵਿੰਨ ਨੂੰ ਜਾਨਣ ਦਾ ਮੌਕਾ ਉਨ੍ਹਾਂ ਨੂੰ ਮਿਲਿਆ, ਜਦੋਂ ਉਹ ਪ੍ਰੀਮੀਅਰ ਸੀ ਤਾਂ ਉਹ ਟੋਰਾਂਟੋ ਦੀ ਮਜ਼ਬੂਤ ਸਹਿਯੋਗੀ ਸੀ। ਉਨ੍ਹਾਂ 2022 ਤੋਂ ਅਗਾਂਹ ਆਉਣ ਵਾਲੇ ਸਾਲਾਂ ਲਈ ਵੀ ਵਿੰਨ ਨੂੰ ਸ਼ੁੱਭਕਾਮਨਾਵਾਂ ਦਿੱਤੀਆਂ।

# ਸਕੂਲਾਂ ਦੇ ਨਿਰਮਾਣ ਤੇ ਅਪਗ੍ਰੇਡੇਸ਼ਨ ਲਈ 500 ਮਿਲੀਅਨ ਡਾਲਰ ਦਾ ਨਿਵੇਸ਼ ਕਰੇਗੀ ਫੋਰਡ ਸਰਕਾਰ



ਓਨਟਾਰੀਓ, 22 ਅਕਤੂਬਰ (ਪੋਸਟ ਬਿਊਰੋ) : ਫੋਰਡ ਸਰਕਾਰ ਦਾ ਕਹਿਣਾ ਹੈ ਕਿ ਉਨ੍ਹਾਂ ਵੱਲੋਂ ਨਵੇਂ ਸਕੂਲਾਂ ਦਾ ਨਿਰਮਾਣ ਕਰਨ ਤੇ ਉਨ੍ਹਾਂ ਨੂੰ ਅਪਗ੍ਰੇਡ ਕਰਨ ਲਈ 550 ਮਿਲੀਅਨ ਡਾਲਰ ਨਿਵੇਸ਼ ਕੀਤਾ ਜਾ ਰਿਹਾ ਹੈ। ਉਨ੍ਹਾਂ ਆਖਿਆ ਕਿ ਇਸ ਨਾਲ ਆਧੁਨਿਕ ਤੇ ਸਮੇਂ ਦੇ ਹਾਣ ਦੇ ਕਲਾਸਰੂਮਜ਼ ਤਿਆਰ ਹੋਣਗੇ ਤੇ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਦੀ ਵੀ ਨੁਹਾਰ ਬਦਲੇਗੀ।

ਪ੍ਰੀਮੀਅਰ ਡੱਗ ਫੋਰਡ ਤੇ ਸਿੱਖਿਆ ਮੰਤਰੀ ਸਟੀਫਨ ਲਿਚੇ ਵੱਲੋਂ ਮੰਗਲਵਾਰ ਨੂੰ ਇਸ ਸਬੰਧ ਵਿੱਚ ਐਲਾਨ ਕੀਤਾ ਗਿਆ। ਫੋਰਡ ਨੇ ਆਖਿਆ ਕਿ ਸਾਡੀ ਸਰਕਾਰ ਵਿਦਿਆਰਥੀਆਂ ਦੀ ਸਫਲਤਾ ਲਈ ਹਰ ਸੰਭਵ ਕੋਸ਼ਿਸ਼ ਕਰ ਰਹੀ ਹੈ। ਇਸੇ ਲਈ ਅਸੀਂ ਆਪਣੇ ਸਕੂਲਾਂ ਦੀ ਵਜਾ ਸੰਵਾਰਨ ਲਈ ਤੇ ਵਿਦਿਆਰਥੀਆਂ ਤੇ ਸਟਾਫ ਦੀ ਪਹੁੰਚ ਬਿਹਤਰੀਨ ਕਲਾਸਰੂਮਜ਼ ਤੱਕ ਕਰਵਾਉਣ ਲਈ ਪੂਰੀ ਕੋਸ਼ਿਸ਼ ਕਰ ਰਹੇ ਹਾਂ। ਇਨ੍ਹਾਂ ਕਲਾਸਰੂਮਜ਼ ਵਿੱਚ ਆਧੁਨਿਕ ਵੈਂਟੀਲੇਸ਼ਨ ਸਿਸਟਮਜ਼ ਤੇ ਹਾਈ ਸਪੀਡ ਇੰਟਰਨੈੱਟ ਵਰਗੀ ਸਹੂਲਤ ਵੀ ਮੁਹੱਈਆ ਕਰਵਾਈ ਜਾਵੇਗੀ।

ਉਸਾਰੀ ਦੌਰਾਨ ਇਨ੍ਹਾਂ ਪ੍ਰੋਜੈਕਟਸ ਕਾਰਨ ਸੈਂਕੜੇ ਲੋਕਾਂ ਨੂੰ ਰੋਜ਼ਗਾਰ ਮਿਲੇਗਾ ਤੇ ਜਿਸ ਨਾਲ ਸਾਡੇ ਅਰਥਚਾਰੇ ਦੀ ਸਥਿਤੀ ਮਜ਼ਬੂਤ ਹੋਵੇਗੀ। ਲਿਚੇ ਨੇ ਆਖਿਆ ਕਿ ਇਨ੍ਹਾਂ ਨਵੇਂ ਪ੍ਰੋਜੈਕਟਾਂ ਨਾਲ 16000 ਨਵੀਆਂ ਸਟੂਡੈਂਟ ਲਰਨਿੰਗ ਸਪੇਸਿਜ਼ ਕਾਇਮ ਹੋਣਗੀਆਂ ਤੇ 870 ਨਵੇਂ ਲਾਇਸੰਸਸ਼ੁਦਾ ਚਾਈਲਡ ਕੇਅਰ ਸੈਂਟਰਜ਼ ਤਿਆਰ ਹੋਣਗੇ। ਜਿਨ੍ਹਾਂ ਸਕੂਲ ਬੋਰਡਜ਼ ਵਿੱਚ ਇਹ ਪ੍ਰੋਜੈਕਟ ਸ਼ੁਰੂ ਕੀਤੇ ਜਾਣਗੇ ਉਨ੍ਹਾਂ ਨੂੰ ਸਿੱਖਿਆ ਮੰਤਰਾਲੇ ਵੱਲੋਂ 30 ਅਕਤੂਬਰ, 2020 ਤੱਕ ਜਾਣੂ ਕਰਵਾ ਦਿੱਤਾ ਜਾਵੇਗਾ।

# ਓਨਟਾਰੀਓ ਦੀਆਂ ਮਿਊਸਪੈਲਿਟੀਜ਼ ਲਈ ਰੈਂਕਡ ਬੈਲਟ ਇਲੈਕਸ਼ਨਜ਼ ਖ਼ਤਮ ਕਰੇਗੀ ਫੋਰਡ ਸਰਕਾਰ



ਟੋਰਾਂਟੋ, 22 ਅਕਤੂਬਰ (ਪੋਸਟ ਬਿਊਰੋ) : ਪ੍ਰੋਵਿੰਸ਼ੀਅਲ ਸਰਕਾਰ ਦਾ ਕਹਿਣਾ ਹੈ ਕਿ ਉਹ ਮਿਊਂਸਪਲ ਚੋਣਾਂ ਲਈ ਰੈਂਕਡ ਬੈਲਟ ਵੋਟਜ਼ ਦੀ ਵਰਤੋਂ ਕਰਨ ਦੀ ਜਿਹੜੀ ਸ਼ਕਤੀ ਓਨਟਾਰੀਓ ਦੀਆਂ ਮਿਊਂਸਪੈਲਿਟੀਜ਼ ਨੂੰ ਦਿੱਤੀ ਹੋਈ ਹੈ, ਉਸ ਨੂੰ ਵਾਪਿਸ ਲੈਣ ਜਾ ਰਹੀ ਹੈ।

ਮੰਗਲਵਾਰ ਦੁਪਹਿਰ ਨੂੰ ਜਾਰੀ ਕੀਤੀ ਗਈ ਇੱਕ ਪ੍ਰੈੱਸ ਰਲੀਜ਼ ਵਿੱਚ ਪ੍ਰੋਵਿੰਸ ਨੇ ਆਖਿਆ ਕਿ ਉਨ੍ਹਾਂ ਵੱਲੋਂ ਮਿਊਂਸਪਲ ਇਲੈਕਸ਼ਨਜ਼ ਐਕਟ ਵਿੱਚ ਸੋਧ ਕੀਤੀ ਜਾਵੇਗੀ ਤਾਂ ਕਿ ਫੈਡਰਲ, ਪ੍ਰੋਵਿੰਸ਼ੀਅਲ ਤੇ ਮਿਊਂਸਪਲ ਚੋਣਾਂ ਦੌਰਾਨ ਵੋਟਿੰਗ ਸਹੀ ਢੰਗ ਨਾਲ ਕਰਵਾਈ ਜਾ ਸਕੇ। ਮਿਊਂਸਪਲ ਅਫੇਅਰਜ਼ ਤੇ ਹਾਊਸਿੰਗ ਮੰਤਰੀ ਸਟੀਵ ਕਲਾਰਕ ਦੇ ਆਫਿਸ ਵੱਲੋਂ ਜਾਰੀ ਬਿਆਨ ਵਿੱਚ ਆਖਿਆ ਗਿਆ ਕਿ ਮਿਊਂਸਪੈਲਿਟੀਜ਼ ਨੂੰ ਵੱਖਰਾ ਵੋਟਿੰਗ ਸਿਸਟਮ ਵਰਤਣ ਦੀ ਖੁੱਲ੍ਹ ਦੇਣ ਦਾ ਹੁਣ ਕੋਈ ਸਹੀ ਸਮਾਂ ਨਹੀਂ ਹੈ। ਇਸ ਬਿਆਨ ਵਿੱਚ ਆਖਿਆ ਗਿਆ ਕਿ ਮਿਊਂਸਪੈਲਿਟੀਜ਼ ਲਈ ਅਜੋਕਾ ਸਮਾਂ ਇਹ ਤਜਰਬੇ ਕਰਨ ਦਾ ਨਹੀਂ ਹੈ ਕਿ ਮਿਊਂਸਪਲ ਚੋਣਾਂ ਕਿਵੇਂ ਕਰਵਾਈਆਂ ਜਾਣ। 444 ਮਿਊਂਸਪੈਲਿਟੀਜ਼ ਵਿੱਚੋਂ 443 ਲਈ ਕੋਈ ਤਬਦੀਲੀ ਨਹੀਂ ਹੋਵੇਗੀ। ਇਸ ਪ੍ਰਸਤਾਵ ਰਾਹੀਂ ਇਹ ਯਕੀਨੀ ਬਣਾਇਆ ਜਾਵੇਗਾ ਕਿ 2022 ਵਿੱਚ ਇਨ੍ਹਾਂ ਮਿਊਂਸਪੈਲਿਟੀਜ਼ ਲਈ ਚੋਣਾਂ ਪਹਿਲਾਂ ਵਰਗੀਆਂ ਹੀ ਰਹਿਣ। ਲੰਡਨ, ਓਨਟਾਰੀਓ, ਜਿਹੜੀ 2018 ਵਿੱਚ ਰੈਂਕਡ ਬੈਲਟ ਇਲੈਕਸ਼ਨ ਕਰਵਾਉਣ ਵਾਲੀ ਓਨਟਾਰੀਓ ਦੀ ਪਹਿਲੀ ਮਿਊਂਸਪੈਲਿਟੀ ਬਣ ਗਈ ਸੀ, ਨੂੰ ਇਹ ਫੈਸਲਾ ਵਾਪਿਸ ਲੈਣਾ ਹੋਵੇਗਾ।

ਟੋਰਾਂਟੋ ਸਮੇਤ ਹੋਰ ਮਿਊਂਸਪੈਲਿਟੀਜ਼, ਜਿਹੜੀਆਂ ਇਸ ਤਰ੍ਹਾਂ ਦਾ ਬਦਲ ਅਪਨਾਉਣ ਦਾ ਅਧਿਐਨ ਕਰ ਰਹੀਆਂ ਹਨ ਉਨ੍ਹਾਂ ਨੂੰ ਕਿਸੇ ਕਿਸਮ ਦਾ ਮੁਆਵਜ਼ਾ ਨਹੀਂ ਦਿੱਤਾ ਜਾਵੇਗਾ।

# ਲਕਸ਼ਮੀ ਮਿੱਤਲ ਅਮੀਰੀ ਦੀ ਬੁਲੰਦੀ ਤੋਂ ਕਰਜ਼ਦਾਰੀ ਬਣ ਗਿਆ

ਲੰਡਨ, 22 ਅਕਤੂਬਰ (ਪੋਸਟ ਬਿਊਰੋ)- ਕਿਸੇ ਵਕਤ ਆਪਣੀ ਧੀ ਦੇ ਵਿਆਹ ਵਿੱਚ 500 ਕਰੋੜ ਰੁਪਏ ਖਰਚ ਕਰ ਕੇ ਸੁਰਖੀਆਂ ਵਿੱਚ ਰਹਿਣ ਵਾਲੇ ਸਟੀਲ ਕਿੰਗ ਲਕਸ਼ਮੀ ਮਿੱਤਲ ਦੇ ਛੋਟੇ ਭਰਾ ਪ੍ਰਮੋਦ ਮਿੱਤਲ ਇਸ ਵਕਤ ਬ੍ਰਿਟੇਨ ਦੇ ਸਭ ਤੋਂ ਵੱਡੇ ਬੈਂਕਰਪਟ (ਦਿਵਾਲੀਆ) ਐਲਾਨ ਕੀਤੇ ਜਾ ਸਕਦੇ ਹਨ।

64 ਸਾਲ ਦੇ ਪ੍ਰਮੋਦ ਮਿੱਤਲ ਦਾ ਕਹਿਣਾ ਹੈ, ‘ਮੇਰੇ ਉਤੇ 23,750 ਕਰੋੜ ਰੁਪਏ ਦਾ ਬਕਾਇਆ ਹੈ। ਮੈਂ ਆਪਣੀ ਸਭ ਜਾਇਦਾਦ ਇੱਕ ਸੌਦੇ ਵਿੱਚ ਗਵਾ ਦਿੱਤੀ। ਅੱਜ ਮੇਰੇ ਕੋਲ ਕਮਾਈ ਦਾ ਵੀ ਸਾਧਨ ਨਹੀਂ, ਦਿੱਲੀ ਦੇ ਨੇੜੇ ਜ਼ਮੀਨ ਦੇਸਿਵਾ। ਇਸ ਦੀ ਕੀਮਤ ਵੀ 45 ਪੌਂਡ (4300 ਰੁਪਏ) ਹੈ। ਮੇਰੇ ਕੋਲ ਕੁੱਲ ਜਮਾਂ ਡੇਢ ਕਰੋੜ ਬਾਕੀ ਹਨ। ਮੇਰੀ ਆਪਣੀ ਕੋਈ ਕਮਾਈ ਨਹੀਂ ਰਹਿ ਗਈ। ਪਤਨੀ ਵੀ ਮੇਰੇ ’ਤੇ ਵਿੱਤੀ ਤੌਰ ’ਤੇ ਨਿਰਭਰ ਹੈ। ਹਕੀਕਤ ਇਹ ਹੈ ਕਿ ਮੇਰੇ ਸਾਹਮਣੇ ਗੁਜ਼ਾਰੇ ਦਾ ਸੰਕਟ ਖੜ੍ਹਾ ਹੋ ਗਿਆ ਹੈ। ਮੇਰਾ ਮਹੀਨੇ ਦਾ ਖਰਚ ਕਰੀਬ ਦੋ ਲੱਖ ਰੁਪਏ ਹੈ।’’

ਅਸਲ ਵਿੱਚ ਪ੍ਰਮੋਦ ਦਾ ਵਿਵਾਦ 14 ਸਾਲ ਪੁਰਾਣਾ ਹੈ। ਉਹ ਕਈ ਕਰਜ਼ਿਆਂ ਦੇ ਗਾਰੰਟਰ ਸਨ, ਪਰ ਧੋਖਾਧੜੀ ਦੇ ਕੇਸ ਵਿੱਚ ਫਸਣ ਪਿੱਛੋਂ ਉਹ ਕਰਜ਼ਾ ਨਹੀਂ ਚੁਕਾ ਸਕੇ। ਵੱਡੇ ਭਰਾ ਲਕਸ਼ਮੀ ਮਿੱਤਲ ਨੇ ਦੋ ਵਾਰ ਜ਼ਮਾਨਤ ਦੀ ਰਕਮ ਭਰ ਕੇ ਉਨ੍ਹਾਂ ਨੂੰ ਅਪਰਾਧਕ ਕਾਰਵਾਈ ਤੋਂ ਬਚਾਇਆ ਸੀ। ਪ੍ਰਮੋਦ ’ਤੇ ਬ੍ਰਿਟੇਨ ਸਟੇਟ ਟ੍ਰੇਡਿੰਗ ਕਾਰਪੋਰੇਸ਼ਨ (ਐਸ ਟੀ ਸੀ) ਦੇ 2,210 ਕਰੋੜ ਰੁਪਏ ਬਕਾਇਆ ਸੀ। 2019 ਵਿੱਚ ਉਨ੍ਹਾਂ ਨੂੰ ਧੋਖਾਧੜੀ ਦੇ ਦੋਸ਼ ਵਿੱਚ ਬੋਸਨੀਆ ਵਿੱਚ ਗ੍ਰਿਫਤਾਰ ਵੀ ਕੀਤਾ ਗਿਆ ਸੀ। ਇਹ ਮਾਮਲਾ ਕੋਲਾ ਪਲਾਂਟ ਜੀ ਆਈ ਕੇ ਆਈ ਐਲ ਨਾਲ ਸਬੰਧਤ ਧੋਖਾਧੜੀ ਦਾ ਹੈ। ਪ੍ਰਮੋਦ ਇੱਕ ਹਜ਼ਾਰ ਕਾਮਿਆਂ ਵਾਲੀ ਇਹ ਫਰਮ ਸਾਲ 2003 ਤੋਂ ਚਲਾ ਰਹੇ ਸਨ ਅਤੇ ਜੀ ਆਈ ਕੇ ਆਈ ਐਲ ਦੇ ਸੁਪਰਵਾਇਜ਼ਰੀ ਬੋਰਡ ਦੇ ਮੁਖੀ ਸਨ। ਉਨ੍ਹਾ ਨੂੰ ਇਸ ਪਲਾਂਟ ਦੇ ਖਾਤੇ ’ਚੋਂ ਕਰੀਬ 84 ਕਰੋੜ ਰੁਪਏ ਦੇ ਸ਼ੱਕੀ ਟਰਾਂਸਫਰ ਬਾਰੇ ਪੁੱਛਗਿੱਛ ਲਈ ਹਿਰਾਸਤ ਵਿੱਚ ਲਿਆ ਗਿਆ ਸੀ। ਇਹ ਟ੍ਰਾਂਸਫਰ ਸਾਲ 2006 ਤੋਂ 2015 ਦੇ ਵਿਚਕਾਰ ਹੋਏ ਸਨ। ਇਸ ਪਲਾਂਟ ਵਿੱਚ ਇੱਕ ਸਥਾਨਕ ਪਬਲਿਕ ਕੰਪਨੀ (ਕੇ ਐਚ ਬੀ) ਦਾ ਹਿੱਸਾ ਹੈ। ਪਿਛਲੇ ਸਾਲ ਉਨ੍ਹਾਂ ਨੂੰ 92 ਕਰੋੜ ਰੁਪਏ ਜ਼ਮਾਨਤ ਦਿੱਤੇ ਜਾਣ ਦੇ ਬਾਅਦ ਰਿਹਾਅ ਕੀਤਾ ਗਿਆ ਤਾਂ ਮੀਡੀਆ ਵਿੱਚ ਖਬਰ ਆਈ ਸੀ ਕਿ ਦੋਵਾਂ ਭਰਾਵਾਂ ਦੇ ਵਿੱਚ ਜਾਇਦਾਦ ਦਾ ਝਗੜਾ ਹੋ ਗਿਆ ਹੈ।ਦੁਨੀਆ ਦੀ ਸਭ ਤੋਂ ਵੱਡੀ ਸਟੀਲ ਨਿਰਮਾਤਾ ਕੰਪਨੀ ਆਰਸੇਲਰ ਮਿੱਤਲ ਦਾ ਲਗਜ਼ਮਬਰਗ ਦਾ ਕਾਰੋਬਾਰ 84,600 ਕਰੋੜ ਰੁਪਏ ਦਾ ਹੈ। ਇਸ ਵਿੱਚ ਪ੍ਰਮੋਦ ਦਾ ਹਿੱਸਾ 28, 200 ਕਰੋੜ ਰੁਪਏ ਹੈ।

# 2020 ਲਈ ਸਿਟੀ ਆਫ ਬਰੈਂਪਟਨ ਨੂੰ ਹਾਸਲ ਹੋਈ ਏ ਰੇਟਿੰਗ



ਬਰੈਂਪਟਨ, 22 ਅਕਤੂਬਰ (ਪੋਸਟ ਬਿਊਰੋ) : ਐਸ ਐਂਡ ਪੀ ਗਲੋਬਲ ਰੇਟਿੰਗਜ਼ (ੰ&ਫ) ਵੱਲੋਂ ਸਾਲ 2020 ਲਈ ਸਿਟੀ ਆਫ ਬਰੈਂਪਟਨ ਨੂੰ ਏ ਰੇਟਿੰਗ ਦਿੱਤੀ ਗਈ ਹੈ। ਇਹ ਅਜਿਹੀ ਰੇਟਿੰਗ ਹੈ ਜਿਹੜੀ ਕਿਸੇ ਮਿਉਂਸਪੈਲਿਟੀ ਨੂੰ ਦਿੱਤੀ ਜਾਣ ਵਾਲੀ ਸੱਭ ਤੋਂ ਵੱਧ ਰੇਟਿੰਗ ਹੈ। ਐਸ ਐਂਡ ਪੀ ਅਨੁਸਾਰ ਇਹ ਰੇਟਿੰਗ ਸਿਟੀ ਦੇ ਮਜ਼ਬੂਤ ਅਰਥਚਾਰੇ ਤੇ ਵਿੱਤੀ ਮੈਨੇਜਮੈਂਟ ਸਬੰਧੀ ਰੁਝਾਨਾਂ ਨੂੰ ਦਰਸਾਉਂਦੀ ਹੈ ਜਿਨ੍ਹਾਂ ਸਦਕਾ ਕੋਵਿਡ-19 ਮਹਾਂਮਾਰੀ ਤੋਂ ਨਿਜਾਤ ਪਾਉਣ ਵਿੱਚ ਮਦਦ ਮਿਲੇਗੀ।

ਐਨੀ ਦਮਦਾਰ ਰੇਟਿੰਗ ਹਾਸਲ ਕਰਨ ਪਿੱਛੇ ਜੋ ਕਾਰਨ ਐਸ ਐਂਡ ਪੀ ਵੱਲੋਂ ਦੱਸੇ ਗਏ ਹਨ ਉਹ ਹੇਠ ਲਿਖੇ ਅਨੁਸ-ਾਰ ਹਨ:

- ਨਕਦੀ ਦੀ ਸਥਿਤੀ ਮਜ਼ਬੂਤ ਹੋਣ ਦੇ ਨਾਲ ਨਾਲ ਹੋਰਨਾਂ ਮਿਉਂਸਪੈਲਿਟੀਜ਼ ਦੇ ਮੁਕਾਬਲੇ ਕਰਜ਼ਾ ਸੇਵਾ ਦੀ ਦਮਦਾਰ ਕਵਰੇਜ
- ਵਧੀਆ ਸੋਸ਼ਿਓਇਕਨੌਮਿਕ ਤੇ ਡੈਮੋਗ੍ਰੈਫਿਕ ਵਿਸ਼ੇਸ਼ਤਾਈਆਂ, ਕੌਮੀ ਪੱਧਰ ਦੇ ਮੁਕਾਬਲੇ ਨੌਜਵਾਨਾਂ ਦੀ ਆਬਾਦੀ ਜ਼ਿਆਦਾ ਹੋਣਾ, ਆਬਾਦੀ ਦਾ ਸਿਹਤਮੰਦ ਵਿਕਾਸ, ਵੱਡੀਆਂ ਮਾਰਕਿ-ਟਸ ਤੱਕ ਪਹੁੰਚ, ਹੋਰਨਾਂ ਦੇ ਮੁਕਾਬਲੇ ਬਿਹਤਰ ਟੈਕਸ ਦਰਾਂ-ਜਿਨ੍ਹਾਂ ਕਾਰਨ ਏਰੀਆ ਵਿੱਚ ਨਵੇਂ ਕਾਰੋਬਾਰ ਤੇ ਰੋਜ਼ਗਾਰ ਦੇ ਬਿਹਤਰ ਮੌਕੇ ਮਿਲਦੇ ਹਨ।
- ਯੋਗ ਜਾਣਕਾਰੀ ਤੱਕ ਸੁਖਾਲੀ ਪਹੁੰਚ ਅਤੇ ਵਿਸਤ੍ਰਿਤ ਆਪਰੇਟਿੰਗ ਤੇ ਕੈਪੀਟਲ ਬਜਟ

ਇਹ ਦਰਜੇਬੰਦੀ ਇਹੋ ਦਰਸਾਉਂਦੀ ਹੈ ਕਿ ਐਸ ਐਂਡ ਪੀ ਨੂੰ ਆਸ ਹੈ ਕਿ ਬਰੈਂਪਟਨ ਦਾ ਅਰਥਚਾਰਾ ਅਗਲੇ ਦੋ ਸਾਲਾਂ ਵਿੱਚ ਉਸ ਸਮੇਂ ਗਤੀ ਫੜ੍ਹੇਗਾ ਜਦੋਂ ਕੋਵਿਡ-19 ਪਾਬੰਦੀਆਂ ਹਟਾਈਆਂ ਜਾਣਗੀਆਂ।




NOW HIRING
U.S. CROSS BORDER SINGLES & TEAMS AND CANADIAN TEAMS
US Singles $0.64/mile
US Teams $0.66/mile
Canadian teams $0.62/mile
LIGHT SPEED Logistics Inc.
OUR FAMILY WELCOMES YOU
U.S. Singles – Dedicated Truck
Desirable Lanes to the U.S.
U.S. Teams – New Dedicated Truck
Canadian Teams – New Dedicated Truck
Comprehensive Company Benefits
Flexible Work Schedule
LIGHT SPEED HAS YOU COVERED
Steve Hunt O 905.696.0700 x7224 C 905.229.9011 E shunt@lslinc.com
6015 Kestrel Road, Mississauga, ONTARIO L5T 1S8
www.lslinc.com


ASIAN FOOD CENTRE
DUSSEHRA NAVRATRI SALE
16TH OCT TO 25TH OCT 2020
www.AsianFoodCentre.com
Fresh Fruits, Vegetables, Indian & Canadian Grocery
$3.99 MOTHER DAIRY PANEER
$9.99 AASHIRVAAD ATTA 20LB
$7.99 HERO ATTA
$4.49 QUALITY CHAKKI ATTA 10LB
$10.99 AASHIRVAAD SELECT ATTA 20LB
$7.99 INDIA GATE ROZZANA RICE
$8.99 ASIAN BASMATI RICE
$1.79 REDPATH SUGAR (2KG)
$11.99 DAAWAT RICE
$2.29 SAFFRON
$2.99 HAPPY PANEER
$3.29 INDIAN ROOHAFZA (800G)
$2.29 DEEP KESAR MANGO PULP
$17.99 TRUST SUGAR
$0.59 BRITANNIA GOOD DAY BISCUITS (75G)
$1.49 BR MILK & WHEAT RUSK (305G)
$3.99 MOTHER FOOD MAKHANI (250G)
$3.99 HEINZ KETCHUP
$0.99 MR. GOUDAS SALT
$2.99 DABUR MUSTARD OIL
$3.99 KTC MUSTARD OIL (750 ML)
$4.99 GOLDEN COOKIES
$1.49 MR GOUDAS CHICK PEAS
$3.99 ALMONDS
$1.99 LINDA SOAP (270G)
$4.99 BIKANERI COOKIES
$6.99 QUALITY IDLI RICE
$9.99 TETLEY TEA
$0.79 BRITANNIA TIGER GLUCOSE BISCUIT (300G)
2 FOR $5.00 DABUR REAL JUICE 1L
$4.99 SIMCO HAIR FIXER BLUE (300G)
$5.99 SUNSILK YELLOW SHAMPOO (340ML)
$2.99 RED LENTILS
$9.99 KASTOORI TOOR DAL (10LB)
$7.99 MAZOLA CORN OIL (2.84L)
$7.99 KTC SUNFLOWER OIL (3L)
$1.49 MR GOUDAS RED KIDNEY BEANS (540ML)
$1.49 Y & Y CHOWMEIN NOODLES (454G)
$4.29 BIKANERI BESAN
$2.49 BOURBON BISCUITS (300GM)
$2.99 BR MILK RUSK (560G)
$1.29 YIPPEE MASALA NOODLES (280G)
$2.99 WHITE CHANA
$19.99 BRAR DESI GHEE (3.5LB)
$7.99 BRAR RASMALAI
$5.99 ALSHIFA HONEY
$1.99 BR GOODDAY COOKIES
$3.99 PUNJABI COOKIES
$4.99 APNA TASTE GULAB JAMUN
VARIETIES OF MEAT AVAILABLE (VISIT YOUR NEAREST LOCATION)
ETOBICOKE 10 Westmore Dr. 416-740-3262
MISSISSAUGA 1075 Ceremonial Dr 905-502-1600
BRAMPTON 621 Wanless Dr. 905-495-3336
BRAMPTON 2120 N Park Dr. 905-793-1338
BRAMPTON 80 Pertosa Dr. 905-460-0009
BRAMPTON 40 Airport RD & Lacoste Blvd. 905-794-8109
BRAMPTON 10510 Torbram Rd. 905-790-0030
BRAMPTON 10 Pannahill Dr. 905-913-8017
TOLL FREE 1-800-708-9232

